

# ਨਸੀਬ

ਇਕਵਾਕ ਸਿੰਘ ਪੱਟੀ

www.PunjabiLibrary.com

# ਨਸੀਬ

(ਕਹਾਣੀ ਸੰਗ੍ਰਹਿ)

## ਇਕਵਾਕ ਸਿੰਘ ਪੱਟੀ ਦੀਆਂ ਹੋਰ ਪੁਸਤਕਾਂ

| | |
|---|---|
| ਸੰਖੇਪ ਜੀਵਨੀ ਗੁਰੂ ਗੋਬਿੰਦ ਸਿੰਘ ਜੀ | 2007 |
| ਆਓ ! ਨਾਨਕਵਾਦੀ ਦੇ ਧਾਰਨੀ ਬਣੀਏ | 2009 |
| ਬੇਸਿਕ ਕੰਪਿਊਟਰ ਐਜੂਕੇਸ਼ਨ (ਅੰਗਰੇਜੀ) | 2010 |
| ਗੁਰ ਮੂਰਤਿ ਗੁਰ ਸਬਦੁ ਹੈ | 2011 |
| ਨਸੀਬ (ਸੰਪਾਦਿਤ) | 2013 |
| ਤਬਲਾ ਸਾਰ (ਛਪਾਈ ਅਧੀਨ) | |

# ਨਸੀਬ

(ਕਹਾਣੀ ਸੰਗ੍ਰਹਿ)

ਸੰਪਾਦਕ

ਇਕਵਾਕ ਸਿੰਘ ਪੱਟੀ

Rattan Brothers
Amritsar




# NASEEB

Edited by : Ikwak Singh Patti

**M. 981 502 4920**

E-Mail : ispatti@gmail.com

www.facebook.com/ikwaksinghpatti

Published By

**Rattan Brothers**

L-2/28, Jodh Nagar,

Sultanwind Road, Amritsar.

E-mail : rbamritsar@hotmail.com

www.facebook.com/rbamritsar

**Edition : 2013**

Type Setting & Title Design By:

Rattan Institute of Education Amritsar

**Price : 100/-**

# ਸਮਰਪਣ

ਪਹਿਲੀ ਕਹਾਣੀ

'..ਤੇ ਉਹ ਵਿਛੜ ਗਏ'

ਦੇ ਪਾਤਰ

ਨਸੀਬ ਅਤੇ ਸ਼ੁੱਭਨੂਰ ਨੂੰ

# ਸੰਪਾਦਕ ਵੱਲੋਂ

ਜਦ ਪ੍ਰਮਾਤਮਾ ਦੀ ਨਜ਼ਰ ਸਵੱਲੀ ਹੋਈ ਤਾਂ ਉਸਨੇ ਜੀਵਨ ਪ੍ਰਾਪਤੀ ਦੇ ਮਨੋਰਥ ਵਾਸਤੇ ਸਾਨੂੰ ਇਸ ਸੰਸਾਰ ਵਿੱਚ ਭੇਜ ਦਿੱਤਾ, ਭੇਜਣ ਲੱਗਿਆਂ ਉਸਨੇ ਕਿਸੇ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਕੀਤਾ । ਪਰ ਜਦ ਸੰਸਾਰ ਵਿੱਚ ਆ ਕੇ ਅਸੀਂ ਵਿੱਦਿਆ ਦਾ ਗਿਆਨ ਹਾਸਲ ਕਰਕੇ ਰੱਬ (ਪ੍ਰਮਾਤਮਾ) ਨੂੰ ਹੀ ਅੱਗੇ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਸ਼ੁਰੂ ਹੋਇਆ ਆਪਾ ਧਾਪੀ ਦਾ ਮਾਹੌਲ ।

ਜਿਸ ਵਿੱਚੋਂ ਜਨਮ ਲਿਆ ਖੁਦਗਰਜ਼ੀ, ਮੈਂ (ਹਉਮੈ), ਈਰਖਾ, ਸਾੜਾ, ਨਫਰਤ, ਕ੍ਰੋਧ, ਅਖੌਤੀ ਵੱਡਾਪਾਣ ਅਤੇ ਅਖੌਤੀ ਨੀਚਤਾ ਅਤੇ ਹੋਰ ਕਈ ਅਲਾਮਤਾਂ ਨੇ । ਜਿਸਨੇ ਸਮਾਜਿਕ ਜੀਵਨ ਅਤੇ ਕਈ ਜਿੰਦਗੀਆਂ ਨੂੰ ਗਾਲ ਕੇ ਰੱਖ ਦਿੱਤਾ । ਸੱਭ ਨੂੰ ਪਿਆਰ ਕਰਨ ਵਾਲੇ ਰੱਬ ਵੱਲੋਂ, ਪੈਦਾ ਕੀਤੇ ਜੀਵਾਂ ਨੇ ਰੱਬੀ ਹੁਕਮਾਂ ਤੋਂ ਉਲਟ ਨਫਰਤ ਦੇ ਬੀਜ ਇਸ ਸੰਸਾਰ ਵਿੱਚ ਬੋਅ ਦਿੱਤੇ । ਜਿਸ ਕਾਰਣ ਕਈ ਘਟਨਾਵਾਂ ਵਾਪਰੀਆਂ ਅਤੇ ਮਨੁੱਖਤਾ ਦਾ ਘਾਣ ਹੋਇਆ।

ਸੰਸਾਰ ਵਿੱਚ ਆ ਕੇ ਬਹੁਤ ਸਾਰੇ ਰਿਸ਼ਤਿਆਂ ਨਾਲ ਸਾਂਝ ਪਈ, ਸਮਜਿਕ ਭਾਈਚਾਰੇ, ਰਿਸ਼ਤੇਦਾਰੀਆਂ, ਆਂਢ-ਗੁਆਂਢ ਅਤੇ ਆਲੇ ਦੁਆਲੇ ਦੇ ਮਾਹੌਲ ਤੋਂ ਬਹੁਤ ਕੁੱਝ ਸਿੱਖਿਆ ਤੇ ਇਸ ਦੌਰਾਨ ਇਨਾਂ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਗੌਰ ਨਾਲ ਤੱਕਿਆ ਤਾਂ ਮਹਿਸੂਸ ਕੀਤਾ ਕਿ ਟੀ.ਵੀ. ਸੀਰੀਅਲਾਂ ਜਾਂ ਫਿਲਮਾਂ ਵਿੱਚ ਦੇਖਣ ਵਾਲੇ ਪਾਤਰਾਂ ਤੋਂ ਵੱਧ ਸਾਡੀ ਜਿੰਦਗੀ ਦਾ ਵੀ ਕੋਈ ਹੋਰ ਸੱਚ ਨਹੀਂ ਹੈ । ਬੱਸ ਇੰਨਾ ਕੁ ਫਰਕ ਹੈ ਕਿ ਫਿਲਮਾਂ ਦੀ ਕਹਾਣੀਆਂ ਪਰਦੇ ਤੇ ਆਉਣ ਤੋਂ ਬਾਅਦ ਲੋਕਾਂ ਨੂੰ ਯਾਦ ਰਹਿ ਜਾਂਦੀਆਂ ਹਨ, ਪਰ ਨਿੱਜੀ ਜਿੰਦਗੀ ਵਿਚਲੀਆਂ ਅਤੇ ਆਲੇ ਦੁਆਲੇ ਦੇ ਮਾਹੌਲ ਵਿੱਚ ਹੋਣ ਵਾਲੀਆਂ ਜ਼ਿਆਦਤੀਆਂ, ਰਿਸ਼ਤਿਆਂ ਦੀ ਟੁੱਟ ਭੱਜ, ਸਮਾਜਿਕ ਵਖਰੇਵਿਆਂ ਦੀਆਂ ਕਹਾਣੀਆਂ ਦੇ ਨਾਲ ਓਤ ਪੋਤ ਪਾਤਰ, ਜਿਹਨਾਂ ਦੇ ਘਰ ਖੁਸ਼ੀਆਂ ਨੇ ਕਦੇ ਵੀ ਫੇਰਾ ਨਹੀਂ ਪਾਇਆ, ਪਰ ਫਿਰ ਵੀ ਜਦ ਇਹਨਾਂ ਪਾਤਰਾਂ ਨੇ ਦੂਜਿਆਂ ਦੀਆਂ ਖੁਸ਼ੀਆਂ ਵਾਸਤੇ ਕੁਰਬਾਨੀ ਦਿੱਤੀ ਤਾਂ ਬਦਲੇ ਵਿੱਚ ਖੁਆਰੀਆਂ ਹੀ ਮਿਲੀਆਂ, ਦੁੱਖ ਵੀ ਰੱਬ ਨੇ ਛੱਪਰ ਫਾੜ ਕੇ ਦਿੱਤੇ । ਅਜਿਹੀਆਂ

ਹਜ਼ਾਰਾਂ, ਲੱਖਾਂ ਕਹਾਣੀਆਂ ਉਹਨਾਂ ਦੇ ਨਾਲ ਹੀ ਖਤਮ ਹੋ ਜਾਂਦੀਆਂ ਹਨ । ਅਜਿਹੇ ਹੀ ਕੁੱਝ ਪਾਤਰਾਂ ਨੂੰ ਲੈ ਕੇ ਇਸ ਕਿਤਾਬ ਵਿਚਲੀਆਂ ਕਹਾਣੀਆਂ ਨੂੰ ਸਿਰਜਿਆ ਗਿਆ ।

ਮੈਨੂੰ ਇਹ ਨਹੀਂ ਪਤਾ ਕਿ ਇਹਨਾਂ ਕਹਾਣੀਆਂ ਵਿੱਚ ਪਾਠਕਾਂ ਨੂੰ ਕਿੰਨਾ ਸੱਚ ਅਤੇ ਝੂਠ ਨਜ਼ਰ ਆਵੇਗਾ? ਪਰ ਇਹ ਦਾਅਵਾ ਕੀਤਾ ਜਾ ਸਕਦਾ ਹੈ ਕਿ ਇਹਨਾਂ ਕਹਾਣੀਆਂ ਦਾ ਸਬੰਧ ਹਰ ਦੂਜੇ ਅਤੇ ਤੀਜੇ ਘਰ ਨਾਲ ਜ਼ਰੂਰ ਜੁੜੇਗਾ ।

ਕਿਤਾਬ ਵਿਚਲੀਆਂ ਤਿੰਨ ਕਹਾਣੀਆਂ ਮੇਰੀਆਂ ਆਪਣੀਆਂ ਰਚਨਾਵਾਂ ਹਨ, ਤੇ ਕੁੱਝ ਕਹਾਣੀਆਂ ਦੇ ਕਰਤਾ ਜਿਹਨਾਂ ਵਿੱਚ ਸੰਦੀਪ ਕੌਰ, ਰਾਜਾ ਹੰਸਪਾਲ, ਅਮਨਦੀਪ ਸਿੰਘ ਲੱਕੀ, ਮੇਰੇ ਵਾਂਗ ਨਵੇਂ ਹਨ ਅਤੇ ਇਹਨਾਂ ਦੀ ਪਹਿਲੀ ਕੋਸ਼ਿਸ਼ ਹੈ, ਇੰਤਜ਼ਾਰ ਕਰਾਂਗਾ ਕਿ ਪਾਠਕ ਆਪਣਾ ਪ੍ਰਤੀਕਰਮ ਦੇ ਕੇ ਧੰਨਵਾਦੀ ਬਨਾਉਣਗੇ ।

ਇਕਵਾਕ ਸਿੰਘ ਪੱਟੀ

# ਧੰਨਵਾਦੀ ਸ਼ਬਦ

'ਕੱਲਾ ਕਾਰਾ ਮਨੁੱਖ ਕੁੱਝ ਵੀ ਕਰਨ ਦੇ ਅਸੱਮਰਥ ਹੁੰਦਾ ਹੈ, ਸ਼ਾਇਦ ਇਸੇ ਲਈ ਰੱਬ ਨੇ ਮਾਂ-ਬਾਪ, ਭੈਣ-ਭਰਾ, ਰਿਸ਼ੇਤਦਾਰ, ਸੱਜਣ/ਮਿੱਤਰ ਆਦਿਕ ਨੂੰ ਸੰਸਾਰ ਵਿੱਚ ਪਹਿਲਾਂ ਹੀ ਭੇਜਿਆ ਹੁੰਦਾ ਹੈ । ਜਿਸ ਕਰਕੇ ਹਰ ਵਕਤ ਆਪਸੀ ਸਹਿਯੋਗ ਮਿਲਦਾ ਰਹਿੰਦਾ ਹੈ । ਹੱਥਲੀ ਪੁਸਤਕ ਮੇਰੀ ਪਹਿਲੀ ਸੰਪਾਦਿਤ ਕੀਤੀ ਪੁਸਤਕ ਹੈ । ਪ੍ਰਮਾਤਮਾ ਦਾ ਪਹਿਲ ਦੇ ਅਧਾਰ 'ਤੇ ਧੰਨਵਾਦ ਕਰਦਿਆਂ, 'ਨਸੀਬ' ਪੁਸਤਕ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਰੱਬ ਵਰਗੇ ਸਾਥੀਆਂ ਵਿੱਚ ਕੈਨੇਡਾ ਵਾਸੀ ਸ. ਤਰਲੋਕ ਸਿੰਘ ਹੁੰਦਲ, ਸੰਦੀਪ ਕੌਰ, ਰਾਜਾ ਹੰਸਪਾਲ, ਵਰਿੰਦਰ ਅਜ਼ਾਦ, ਜਸਵਿੰਦਰ ਕੌਰ ਜੀ ਪਾਰਸ, ਜਸਬੀਰ ਸਿੰਘ ਸੱਗੂ, ਅਮਨਦੀਪ ਸਿੰਘ ਲੱਕੀ ਦਾ ਵਿਸ਼ੇਸ਼ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਦੇ ਕੇ 'ਨਸੀਬ' ਗੁਲਦਸਤੇ ਦੀ ਸੁੰਦਰਤਾ ਵਿੱਚ ਵਾਧਾ ਕੀਤਾ ।

ਕੋਈ ਵੀ ਕੰਮ ਕਿਸੇ ਦੀ ਪ੍ਰੇਰਣਾ ਤੋਂ ਹੀ ਸ਼ੁਰੂ ਹੁੰਦਾ ਹੈ, ਉਹ ਪ੍ਰੇਰਣਾ ਚਾਹੇ ਜਾਣੇ ਜਾਂ ਅਨਜਾਣੇ ਵਿੱਚ ਹੀ ਕਿਉਂ ਨਾ ਦਿੱਤੀ ਗਈ ਹੋਵੇ । ਇਸ ਲਈ ਮੈਂ ਧੰਨਵਾਦੀ ਹਾਂ ਦਮਦਨਦੀਪ ਸਿੰਘ, ਮਨਦੀਪ ਕੌਰ, ਸੰਦੀਪ ਕੌਰ ਸੋਫੀਆ, ਅਵਤਾਰ ਸਿੰਘ ਘਰਿਆਲਾ ਤੇ ਉਨ੍ਹਾਂ ਸਭਨਾਂ ਦਾ, ਜਿਨ੍ਹਾਂ ਨੇ ਉਤਸ਼ਾਹ ਦਿੱਤਾ ਅਤੇ ਇਸ ਕਾਰਜ ਨੂੰ ਸਫਲ ਕਰ ਪਾਇਆਂ ਹਾਂ ।

ਇਸ ਦੇ ਨਾਲ ਪਰਿਵਾਰਕ ਮੈਂਬਰਾਂ ਵਿੱਚੋਂ ਮਾਤਾ-ਪਿਤਾ ਦੇ ਨਾਲ ਆਪਣੀ ਪਤਨੀ ਰਾਜਬੀਰ ਕੌਰ ਅਤੇ ਛੋਟੇ ਭਰਾ ਪਵਿੱਤਰਜੀਤ ਸਿੰਘ ਰਤਨ ਦਾ ਵਿਸ਼ੇਸ਼ ਧੰਨਵਾਦੀ ਹਾਂ। ਜਿਨ੍ਹਾਂ ਨੇ ਹਮੇਸ਼ਾਂ ਮੈਨੂੰ ਪਿਆਰ ਅਤੇ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ, ਜਿਸ ਕਾਰਣ ਅੱਗੇ ਵੱਧਣ ਦਾ ਯਤਨ ਹਮੇਸ਼ਾਂ ਜਾਰੀ ਰੱਖਦਾ ਹਾਂ ।

ਇਕਵਾਕ ਸਿੰਘ ਪੱਟੀ
ਅੰਮ੍ਰਿਤਸਰ

# ਪੰਨਿਆਂ ਦੀ ਦਾਸਤਾਨ


ਤੇ ਉਹ ਵਿਛੜ ਗਏ / ਇਕਵਾਕ ਸਿੰਘ ਪੱਟੀ 10
ਕਰਮੋਂ / ਸੰਦੀਪ ਕੌਰ 19
ਗਰੀਬੀ / ਵਰਿੰਦਰ ਅਜਾਦ 23
ਕੁੱਖ ਤੋਂ ਕਬਰ ਤੱਕ / ਜਸਵਿੰਦਰ ਕੌਰ ਪਾਰਸ 28
ਖੱਟੀ ਚੁੰਨੀ ਦਾ ਬੋਝ / ਤਰਲੋਕ ਸਿੰਘ ਹੁੰਦਲ 32
ਦਿੱਲੀ ਤੋਂ ਦੂਰ ਪਰ..../ ਰਾਜਾ ਹੰਸਪਾਲ 39
ਤਲਾਕ / ਇਕਵਾਕ ਸਿੰਘ ਪੱਟੀ 43
ਗਰਦਿਸ਼ / ਵਰਿੰਦਰ ਅਜਾਦ 53
ਨੂਰਾਂ / ਸੰਦੀਪ ਕੌਰ 64
ਹੋਣੀ / ਜਸਬੀਰ ਸਿੰਘ ਸੱਗੂ 71
ਪਿਓ ਸਿਖ਼ਰ ਦੁਪਹਿਰ / ਤਰਲੋਕ ਸਿੰਘ ਹੁੰਦਲ 76
ਅਜੀਬ ਰਿਸ਼ਤਾ / ਰਾਜਾ ਹੰਸਪਾਲ 84
ਸੁਚੱਜੀ ਨੂੰਹ / ਇਕਵਾਕ ਸਿੰਘ ਪੱਟੀ 89
ਬੁੱਢਾ ਬਾਬਾ / ਅਮਨਦੀਪ ਸਿੰਘ ਲੱਕੀ 97
ਰੱਬ ਨਹੀਂ ਮਰਦਾ / ਜਸਵਿੰਦਰ ਕੌਰ ਪਾਰਸ 101
ਰੋਟੀ / ਸੰਦੀਪ ਕੌਰ 106
ਇਨਸਾਨੀਅਤ / ਇਕਵਾਕ ਸਿੰਘ ਪੱਟੀ 111



ਨਸੀਬ ਸੋਚੀਂ ਪੈ ਗਈ ਕਿ 'ਇਹ ਸੱਭ ਕਿਵੇਂ ਹੱਲ ਹੋ ਸਕੇਗਾ ? ਕੌਣ ਸਮਝਾ ਸਕਦਾ ਹੈ ਇਹਨਾਂ ਨੂੰ ? ਸਾਰੇ ਰਿਸ਼ਤੇਦਾਰਾਂ/ਸਨੇਹੀਆਂ ਦਾ ਖਿਆਲ ਇੱਕ ਦਮ ਦਿਮਾਗ ਵਿੱਚ ਆਇਆ, ਤਾਂ ਦੇਖਦੀ ਹੈ ਕਿ ਅਜੇ ਵੀ ਅਸੀਂ ਪ੍ਰੰਪਰਾਵਾਂ/ਰੀਤੀ-ਰਿਵਾਜ਼ਾਂ ਨੂੰ ਮਾਨਤਾ ਦੇ ਕੇ ਜਿਆਦਤਾਰ ਆਪਣਾ ਭਵਿੱਖੀ ਨੁਕਸਾਨ ਕਰ ਰਹੇ ਹਾਂ ? ਕੀ ਫਾਇਦਾ ਸਾਡੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਨੂੰ ਵਿੱਦਿਆ ਦੇਣ ਦਾ ਜੇ ਕਰ ਉਹ ਉਸਦਾ ਸਹੀ ਲਾਭ ਲੈ ਕੇ ਆਪਣਾ ਸਹੀ ਜਾਂ ਗਲਤ ਦਾ ਫੈਂਸਲਾ ਨਹੀਂ ਕਰ ਸਕਦੇ ਅਤੇ ਰੂੜੀਵਾਦੀ ਸੋਚ ਥੱਲੇ ਹੀ ਆਪਣੀ ਜਿੰਦਗੀ ਨੂੰ ਬਿਤਾਉਣ ਲਈ ਮਜਬੂਰ ਹੋਣਾ ਪੈਂਦਾ ਹੈ ।'

# ... 'ਤੇ ਉਹ ਵਿਛੜ ਗਏ

ਗੱਲ ਉਦੋਂ ਦੀ ਹੈ ਜਦੋਂ ਉਹ ਦਸਵੀਂ ਜਮਾਤ ਵਿੱਚ ਪੜ੍ਹਦੇ ਸੀ ਤੇ ਗੱਲਾਂ ਬਾਤਾਂ ਕਰਦੇ ਇਕੱਠੇ ਸਕੂਲ ਜਾਇਆ ਕਰਦੇ ਸਨ। ਇੱਕ ਦੂਜੇ ਦੇ ਘਰ ਵੀ ਚੰਗਾ ਆਉਣ ਜਾਣ ਸੀ । ਦੋਵੇਂ ਹੀ ਪੜ੍ਹਾਈ ਵਿੱਚ ਰੱਜ ਕੇ ਹੁਸ਼ਿਆਰ ਸਨ । ਸਿਲੇਬਸ ਤੋਂ ਬਾਹਰ ਜਾ ਕੇ ਸਮਾਜਿਕ ਸਰੋਕਾਰਾਂ ਦੇ ਨਾਲ ਜੁੜੀਆਂ ਕਿਤਾਬਾਂ ਪੜ੍ਹਨੀਆਂ, ਲਾਇਬ੍ਰੇਰੀ ਵਿੱਚ ਜਾ ਕੇ ਅਖਬਾਰਾਂ ਤੇ ਰਸਾਲਿਆਂ ਵਿੱਚੋਂ ਸਮਾਜਿਕ ਉਤਰਾਅ-ਚੜ੍ਹਾਅ ਬਾਰੇ ਜਾਣਕਾਰੀ ਹਾਸਲ ਕਰਨੀ । ਇੱਕ ਤਰ੍ਹਾਂ ਦੋਵਾਂ ਨੂੰ ਹੀ ਸਮਾਜ ਸੁਧਾਰ ਦਾ ਇੱਕ ਕੀੜਾ ਜਿਹਾ ਵੀ ਲੱਗ ਗਿਆ ਸੀ, ਪਰ ਨਸੀਬ ਨੇ ਘਰ ਦੀ ਹਾਲਤ ਦੇ ਮੱਦੇਨਜ਼ਰ ਬਾਰਵੀਂ ਤੱਕ ਹੀ ਪੜ੍ਹਾਈ ਕੀਤੀ ਅਤੇ ਫਿਰ ਘਰ ਦਾ ਗੁਜ਼ਾਰਾ ਚਲਾਉਣ ਲਈ ਆਪਣੀ ਵੱਡੀ ਭੈਣ ਵਾਂਗ ਸਿਲਾਈ-ਕਢਾਈ ਦਾ ਕੰਮ ਸਿੱਖ ਕੇ, ਘਰ ਦਾ ਖਰਚਾ ਚਲਾਉਣ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ । ਤਿੰਨਾਂ ਭੈਣਾਂ ਵਿੱਚੋਂ ਇਹ ਵਿਚਕਾਰਲੀ ਭੈਣ ਸੀ ਅਤੇ ਇੱਕ ਸਾਰਿਆਂ ਤੋਂ ਛੋਟਾ ਭਰਾ ਨਿਰਮਲ ਸੀ ।

ਸ਼ੁੱਭਨੂਰ ਅਤੇ ਨਸੀਬ ਦੀ ਇਹ ਬਚਪਨ ਦੀ ਦੋਸਤੀ ਬਾਰਵੀਂ ਜਮਾਤ ਪਾਰ ਕਰਦਿਆਂ ਤੱਕ ਪਿਆਰ ਦਾ ਰੂਪ ਲੈ ਚੁੱਕੀ ਸੀ । ਜਿਸ ਵਿੱਚ ਆਪਸੀ ਪਿਆਰ, ਭਾਵਨਾਵਾਂ ਦੀ ਕਦਰ, ਸੁੱਖ-ਦੁੱਖ ਦੀ ਸਾਂਝ, ਆਪਣਾਪਣ ਇਸ ਹੱਦ ਤੱਕ ਵੱਧ ਚੁੱਕਿਆ ਸੀ ਕਿ ਜੇ ਦੋਵੇਂ ਵਿਆਹ ਕਰਵਾ ਵੀ ਲੈਂਦੇ ਤਾਂ ਸਮਾਜ ਲਈ ਜਿੱਥੇ ਇਹ ਵਿਆਹ ਇੱਕ ਪ੍ਰੇਰਣਾ ਦਾ ਸੋਮਾ ਹੋਣਾ ਸੀ, ਉੱਥੇ ਨਾਲ ਹੀ ਬਿਨ੍ਹਾ ਦਾਜ-ਦਹੇਜ ਅਤੇ ਜਾਤ-ਪਾਤ ਦੇ ਘਟੀਆ ਵਿਤਕਰੇ ਤੋਂ ਨਿਰਲੇਪ ਹੁੰਦਾ ਹੋਇਆ ਇੱਕ ਮਿਸਾਲ ਬਣ ਜਾਣਾ ਸੀ ।

ਕਿਸੇ ਕਾਰਣ ਪੜ੍ਹਾਈ ਦੀ ਖਾਤਿਰ ਸ਼ੁੱਭਨੂਰ ਨੂੰ ਸ਼ਹਿਰ ਤੋਂ ਬਾਅਦ ਜਾਣਾ ਪੈ ਗਿਆ। ਜੋ ਤਿੰਨ ਸਾਲ ਬਾਅਦ ਵਾਪਿਸ ਆਇਆ, ਬੇਸ਼ੱਕ ਦੂਰੀਆਂ ਪਈਆਂ ਰਹੀਆਂ ਪਰ ਇਸ ਜੁਦਾਈ ਦੇ ਵਿੱਚ ਇਹ ਪਿਆਰ ਦਾ ਬੂਟਾ ਹੋਰ ਵੀ ਜਿਆਦਾ ਪੱਕਿਆ ਅਤੇ ਰੰਗ ਗੂੜ੍ਹਾ ਹੋ ਗਿਆ ਸੀ ।

ਪੜ੍ਹਾਈ ਤੋਂ ਇੱਕਦਮ ਬਾਅਦ ਹੀ ਸ਼ੁੱਭਨੂਰ ਨੂੰ ਚੰਗੀ ਨੌਕਰੀ ਮਿਲ ਗਈ। ਹੁਣ ਉਸਨੇ ਨਸੀਬ ਨੂੰ ਕਿਹਾ, 'ਨਸੀਬ ਮੈਂ ਪੂਰੀ ਤਰ੍ਹਾਂ ਆਪਣੇ ਕਾਰੋਬਾਰ ਵਿੱਚ ਸੈੱਟ ਹੋ ਚੁੱਕਿਆ ਹਾਂ ਤੇ ਮੈਂ ਚਾਹੁੰਦਾ ਹਾਂ ਕਿ ਹੁਣ ਤੂੰ ਵੀ ਅੱਗੋਂ ਆਪਣੀ ਪੜ੍ਹਾਈ ਕਰਨ ਦਾ ਸੁਪਨਾ ਪੂਰਾ ਕਰ ਤੇ ਸਾਰਾ ਖਰਚਾ ਮੈਂ ਕਰਨ ਨੂੰ ਤਿਆਰ ਹਾਂ' ਅਤੇ ਕਿਉਂ ਨਾ ਹੁਣ ਆਪਾਂ ਆਪਣੇ ਵਿਆਹ ਦੀ ਗੱਲ ਵੀ ਕਰ ਲਈਏ ਘਰਦਿਆਂ ਨਾਲ। ਕਿਉਂਕਿ ਤੇਰੀ ਵੱਡੀ ਭੈਣ ਪ੍ਰੀਤ ਵੀ ਪਿਛਲੇ ਸਾਲ ਵਿਆਹੀ ਗਈ ਹੈ। ਤੇ ਤੂੰ ਵੀ ਹੁਣ ਵਿਆਹੁਣਯੋਗ ਹੈ।"

ਤਾਂ ਨਸੀਬ ਨੇ ਕੁੱਝ ਦੇਰ ਚੁੱਪ ਰਹਿ ਕੇ ਬੋਲਣਾ ਸ਼ੁਰੂ ਕੀਤਾ, "ਤੁਸੀਂ ਠੀਕ ਕਹਿ ਰਹੇ ਹੋ ਸ਼ੁੱਭ, ਪਰ ਪਤਾ ਨਹੀਂ ਮੈਨੂੰ ਕਿਉਂ ਲੱਗ ਰਿਹਾ ਹੈ ਕਿ ਜਿਵੇਂ ਸਾਡੇ ਪਿਆਰ ਤੇ ਕੋਈ ਖਤਰਾ ਆਉਣ ਵਾਲਾ ਹੋਵੇ, ਮੇਰਾ ਦਿਲ ਬਹੁੱਤ ਡਰ ਰਿਹਾ ਹੈ। ਮੇਰੇ ਘਰ ਪਰਿਵਾਰ ਵਾਲੇ ਸ਼ਾਇਦ ਇਹ ਸੱਭ ਨਾ ਮੰਨਣ।"

"ਪਰ ਕਿਉਂ ...?" ਸ਼ੁੱਭਨੂਰ ਨੇ ਪੁੱਛਿਆ।

ਅੱਗੇ ਕਹਿਣ ਲੱਗਾ, 'ਦੇਖ ਅੱਜ ਮੈਂ ਪੂਰੀ ਤਰ੍ਹਾਂ ਆਪਣੇ ਪੈਰਾਂ ਤੇ ਖੜ੍ਹਾ ਹੋ ਚੁੱਕਿਆਂ ਹਾਂ। ਮੇਰੇ ਘਰ ਵਿੱਚ ਕਿਸੇ ਵੀ ਚੀਜ਼ ਦੀ ਘਾਟ ਨਹੀਂ ਹੈ, ਤੈਨੂੰ ਸਾਰੇ ਸੁੱਖ ਮਿਲਣਗੇ। ਤੈਨੂੰ ਬਹੁੱਤ ਖੁਸ਼ ਰੱਖ ਸਕਦਾ ਹਾਂ। ਨਾਲੇ ਮੈਂ ਦਾਜ ਵਿੱਚ ਕੁੱਝ ਵੀ ਨਹੀਂ ਲੈਣਾ, ਸਿਵਾਏ ਤੇਰੇ ਪਿਆਰ ਤੋਂ। ਤਾਂ ਫਿਰ ਵੀ ਤੇਰੇ ਪਰਿਵਾਰ ਵਾਲੇ ਕਿਉਂ ਨਹੀਂ ਮੰਨਣਗੇ ??" ਜਦ ਕਿ ਤੂੰ ਵੀ ਇਸ ਸਮਾਜ ਦੀ ਪੜ੍ਹੀ ਲਿਖੀ ਕੁੜੀ ਹੈ ਤਾਂ ਤੂੰ ਕਿਉਂ ਡਰ ਰਹੀ ਹੈਂ, ਤੂੰ ਆਪਣੇ ਪਰਿਵਾਰ ਨਾਲ ਗੱਲ ਤਾਂ ਕਰ। ਉਹ ਜ਼ਰੂਰ ਮੰਨ ਜਾਣਗੇ ...।"

"ਠੀਕ ਹੈ ਜੀ, ਮੈਂ ਕੋਸ਼ਿਸ਼ ਕਰਾਂਗੀ ! ਦੇਖਦੀ ਹਾਂ ਘਰਦੇ ਕੀ ਕਹਿੰਦੇ ਨੇ।" ਇਹੀ ਚਾਹਵਾਂਗੀ ਕਿ ਰੱਬ ਭਲੀ ਹੀ ਕਰੇ ਤਾਂ ਕਿ ਅਸੀਂ ਆਪਣੀ ਜਿੰਦਗੀ ਨੂੰ ਵਧੀਆ ਤਰੀਕੇ ਨਾਲ ਜੀਅ ਸਕੀਏ।" ਨਸੀਬ ਬੋਲੀ।

"ਹਾਂ ! ਨਸੀਬ ਬਿਲਕੁਲ ਠੀਕ ਕਿਹਾ ਤੁਸੀਂ। ਅਸੀਂ ਦੋਵੇਂ ਖੂਬ ਮਿਹਨਤ ਕਰਾਂਗੇ, ਤੂੰ ਵੀ ਅੱਗੋਂ ਪੜਾਈ ਕਰੀਂ ਮੈਂ ਵੀ ਹੋਰ ਪੜਾਂਗਾ। ਆਪਾਂ ਦੋਵੇਂ ਪੜ੍ਹ ਲਿਖ ਕੇ, ਸਮਾਜ ਨੂੰ ਦਾਜ ਪ੍ਰਥਾ, ਜਾਤ-ਪਾਤ ਦੇ ਵਿਤਕਰੇ, ਭਰੂਣ ਹੱਤਿਆ ਆਦਿਕ ਮਸਲਿਆਂ ਤੋਂ ਜਾਗਰੂਕ ਕਰਾਂਗੇ। ਵਿਆਹ ਤੋਂ ਬਾਅਦ ਅਸੀਂ ਵੀ ਬੇਟੇ ਦੀ ਥਾਂ ਤੇ ਰੱਬ ਕੋਲੋਂ ਬੇਟੀ ਦੀ ਮੰਗ ਕਰਾਂਗੇ। ਨਾਲੇ ਤੇਰਾ ਵੀ ਤਾਂ ਸੁਪਨਾ ਹੈ ਕਿ ਆਪਾਂ ਦੋਵੇਂ ਇਸ ਦੇਸ਼, ਧਰਮ, ਕੌਮ ਦੇ ਲਈ ਕੁੱਝ ਕਰੀਏ। ਤੇ ਜੇ ਰੱਬ ਜੀ ਨੇ ਆਪਾਂ ਨੂੰ ਇੱਕ ਕਰ ਦਿੱਤਾ ਤਾਂ ਸੱਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਜਾ ਕੇ ਅਰਦਾਸ ਕਰਾਂਗੇ ਕਿ ਅਸੀਂ

ਸਮਾਜ ਭਲਾਈ ਲਈ ਜੋ ਸੁਪਨੇ ਬਚਪਨ ਤੋਂ ਬੁਣਦੇ ਆ ਰਹੇ ਹਾਂ ਉਹ ਸਾਰੇ ਪੂਰੇ ਕਰਨ ਵਿੱਚ ਵਾਹਿਗੁਰੂ ਆਪ ਸਹਾਈ ਹੋਵੇ । ਪਰ ਜੇ ਰੱਬ ਨਾ ਕਰੇ ਜੇ ਅਸੀਂ ਵੱਖ ਹੋ ਗਏ ਤੇ ਮਜਬੂਰੀ ਵੱਸ ਕੋਈ ਹੋਰ ਜੀਵਣ ਸਾਥੀ ਚੁਨਣਾ ਪਿਆ ਤਾਂ ਪਤਾ ਨਹੀਂ ਉਸਦੇ ਵੀਚਾਰ ਕਿਹੋ ਜਿਹੇ ਹੋਣਗੇ ?" ਥੋੜਾ ਉਦਾਸ ਹੁੰਦਿਆਂ ਸ਼ੁੱਭਨੂਰ ਨੇ ਕਿਹਾ।

"ਨਹੀਂ ਸ਼ੁੱਭ ! ਰੱਬ ਦਾ ਵਾਸਤਾ ਇੱਦਾਂ ਨਾ ਕਹੋ । ਮੈਂ ਅਰਦਾਸ ਕਰਾਂਗੀ ਰੱਬ ਜੀ ਅੱਗੇ ।" ਕਹਿੰਦਿਆਂ ਨਸੀਬ ਨੇ ਕਿਹਾ ਹੁਣ ਬਹੁਤ ਸਮਾਂ ਹੋ ਗਿਆ ਗੱਲਾਂ ਕਰਦਿਆਂ ਚੱਲੋ ਘਰ ਚੱਲੀਏ । ਮੈਂ ਕੱਲ ਘਰ ਗੱਲ ਕਰਾਂਗੀ ਤੇ ਤੁਸੀਂ ਵੀ ਆਪਣੇ ਘਰ ਗੱਲ ਸ਼ੁਰੂ ਕਰਨੀ ।"

ਹਾਂ ਠੀਕ ਹੈ ! ਚੱਲੋ ਚੱਲੀਏ । ਤੇ ਦੋਵੇਂ ਮਨ ਵਿੱਚ ਕਈ ਤਰ੍ਹਾਂ ਦੇ ਨਵੇਂ ਸੁਪਨੇ ਲੈ ਕੇ ਆਪੋ-ਆਪਣੇ ਰਾਹ ਪੈ ਗਏ....... ।

'ਇਹ ਕੀ ਕਹਿ ਰਹੀ ਏਂ ਧੀਏ ? ਤੈਨੂੰ ਆਪਣੇ ਮਾਂ-ਬਾਪ ਦੀ ਇੱਜ਼ਤ ਦਾ ਜ਼ਰਾ ਵੀ ਖਿਆਲ ਨਹੀਂ ਜੋ ਲਵ ਮੈਰਿਜ਼ ਕਰਵਾਉਣ ਨੂੰ ਫਿਰਦੀ ਹੈਂ ..?? ਤੈਨੂੰ ਇੱਕ ਵਾਰ ਵੀ ਇਹ ਗੱਲ ਕਰਨ ਲੱਗਿਆਂ ਸ਼ਰਮ ਨਾ ਆਈ ? ਆਪਣੇ ਪਿਉ ਦੀ ਪੱਗ ਦਾ ਜ਼ਰਾ ਤਾਂ ਖਿਆਲ ਰੱਖਦੀ ।' ਨਸੀਬ ਦੀ ਮਾਂ ਗੁਰਮੀਤ ਇੱਕੋ ਸਾਹੇ ਬੋਲੀ ।

'ਨਹੀਂ ਮੰਮੀ ਜੀ ! ਮੈਂ ਇਸ ਤਰ੍ਹਾਂ ਕਦੇ ਵੀ ਨਹੀਂ ਚਾਹਵਾਂਗੀ ਕਿ ਮੇਰੇ ਕਰਕੇ ਕਦੇ ਮੇਰੇ ਬਾਬੁਲ ਦਾ ਸਿਰ ਨੀਵਾਂ ਹੋਵੇ । ਮੈਂ ਤਾਂ ਅੱਜ ਦੇ ਜ਼ਮਾਨੇ ਦੀ ਪੜ੍ਹੀ ਲਿਖੀ ਲੜਕੀ ਹਾਂ ਤੇ ਇਹ ਵਿੱਦਿਆ ਲੈਣ ਲਈ ਤੁਸੀਂ ਹੀ ਮੈਨੂੰ ਸਕੂਲ ਵਿੱਚ ਭੇਜਿਆ ਸੀ ਤਾਂ ਕਿ ਮੈਂ ਪੱਛੜੇ ਸਮਾਜ ਦੀ ਤਰ੍ਹਾਂ ਨਾ ਬਣਾਂ, ਸਗੋਂ ਉੱਚ ਵਿੱਦਿਆ ਪ੍ਰਾਪਤ ਕਰਕੇ ਇੱਕ ਚੰਗੀ, ਨੇਕ ਇਨਸਾਨ ਬਣ ਸਕਾਂ ਤੇ ਜਿੱਥੇ ਮੈਂ ਆਪਣੇ ਮਾਂ-ਬਾਪ ਦਾ ਸਿਰ ਉੱਚਾ ਕਰਾਂ, ਆਪਣੇ ਘਰ ਨੂੰ ਉੱਚਾ ਕਰਾਂ ਉੱਥੇ ਨਾਲ ਹੀ ਅਗਲੇ ਘਰ ਜਾ ਕੇ ਵੀ ਆਪਣੇ ਮਾਂ-ਬਾਪ ਵੱਲੋਂ ਦਿੱਤੀ ਸਿੱਖਿਆ, ਵਿੱਦਿਆ, ਸੰਸਕਾਰਾਂ ਨਾਲ ਸੱਭ ਦਾ ਦਿਲ ਜਿੱਤ ਸਕਾਂ ।

ਮੰਮੀ, ਅੱਜ-ਕੱਲ੍ਹ ਸਮਾਂ ਬਦਲ ਗਿਆ ਹੈ, ਅੱਜ ਕੱਲ ਲਵ ਮੈਰਿਜ਼ ਕਰਵਾਉਣ ਨੂੰ ਬੁਰਾ ਨਹੀਂ ਸਮਝਿਆ ਜਾਂਦਾ, ਨਾਲੇ ਇਸ ਵਿੱਚ ਬੁਰਾ ਹੈ ਵੀ ਕੀ ? ਮੰਮਾ ਤੁਸੀਂ ਤਾਂ ਦੇਖਿਆ ਹੀ ਏ ਕਿ ਸ਼ੁੱਭਨੂਰ ਪੜ੍ਹਿਆ-ਲਿਖਿਆ, ਅਗਾਂਹਵੱਧੂ, ਉੱਚੀ-ਸੁੱਚੀ ਸੋਚ ਦਾ ਮਾਲਿਕ, ਸਾਊ ਸੁਭਾਅ, ਮਿਹਨਤੀ ਅਤੇ ਸਾਦਾ ਜੀਵਣ ਜਿਊਣ ਵਾਲਾ ਇੱਕ ਕਿਰਤੀ ਇਨਸਾਨ ਹੈ ਉੱਥੇ ਨਾਲ ਹੀ ਵੱਡਿਆਂ ਦਾ ਸਤਿਕਾਰ, ਛੋਟਿਆਂ ਨੂੰ ਪਿਆਰ, ਤੇ ਸਭ ਦਾ ਦਿਲ ਜਿੱਤਣ ਵਾਲਾ । ਨਾ ਤਾਂ ਮੈਂ ਅਤੇ ਨਾ ਹੀ ਉਹ ਜਾਤ-

ਪਾਤ ਵਰਗੀ ਘਟੀਆ ਵੀਚਾਰਧਾਰਾ ਨੂੰ ਮੰਨਦੇ ਹਾਂ ਤੇ ਨਾ ਹੀ ਵਿਆਹ ਵੇਲੇ ਕਿਸੇ ਦਾਜ-ਦਹੇਜ ਦੀ ਸਾਨੂੰ ਲੋੜ ਹੋਵੇਗੀ । ਸਾਨੂੰ ਜੇ ਲੋੜ ਹੋਵੇਗੀ ਤਾਂ ਸਿਰਫ ਆਪਣੇ ਮਾਤਾ-ਪਿਤਾ ਦੇ ਸਾਥ ਅਤੇ ਉਹਨਾਂ ਦੀ ਅਸੀਸ ਦੀ, ਜਿਸਦੇ ਸਹਾਰੇ ਹੀ ਅਸੀਂ ਇਹ ਕਾਜ ਰਚਾ ਸਕਦੇ ਹਾਂ ।

ਤੁਸੀਂ ਦੇਖਿਆ ਹੀ ਹੈ ਕਿ ਕਿੱਦਾਂ ਅੱਜ ਕੱਲ੍ਹ ਭਰੂਣ ਹੱਤਿਆਵਾਂ ਨੇ ਸਮਾਜ ਨੂੰ ਕਲੰਕਿਤ ਕਰ ਦਿੱਤਾ ਹੈ, ਕਿਸ ਤਰ੍ਹਾਂ ਅੱਜ ਲੱਖਾਂ ਪੜ੍ਹੀਆਂ-ਲਿਖੀਆਂ ਕੁੜੀਆਂ ਨੂੰ ਦਾਜ ਦੀ ਹਵਸ ਵਿੱਚ ਅੱਗ ਲਾ ਕੇ ਸਾੜ ਦਿੱਤਾ ਜਾਂਦਾ ਹੈ, ਕਿਸ ਤਰ੍ਹਾਂ ਅੱਜ ਕੁੜੀਆਂ ਨਾਲ ਹਰ ਖੇਤਰ ਵਿੱਚ ਵਿਤਕਰਾ ਕੀਤਾ ਜਾਂਦਾ ਹੈ, ਅਸੀਂ ਤਾਂ ਬੱਸ ਚਾਹੁੰਦੇ ਹਾਂ ਕਿ ਤੁਸੀਂ ਇਸ ਚੰਦਰੇ ਜ਼ਮਾਨੇ ਦੀ ਪਰਵਾਹ ਨਾ ਕਰਦੇ ਹੋਏ ਇਸ ਕਾਰਜ ਨੂੰ ਲਵ ਤੋਂ ਅਰੇਂਜ ਵਿੱਚ ਬਦਲ ਕੇ ਸਮਾਜ ਵਿੱਚ ਇੱਕ ਨਵੀਂ ਮਿਸਾਲ ਪੈਦਾ ਕਰ ਸਕੋ । ਪਤਾ ਹੈ ਨਾ, ਵੱਡੀ ਦੀਦੀ ਪ੍ਰੀਤ ਨੂੰ ਉਸਦੇ ਪਰਿਵਾਰ ਨੇ ਕਿੰਨਾ ਤੰਗ ਕੀਤਾ ਸੀ, ਹੁਣ ਜਾ ਕੇ ਕੁੱਝ ਸੁਧਾਰ ਹੋਇਆ ਹੈ, ਉਹ ਵੀ ਜਦ ਪੁਲਿਸ ਨੇ ਦਖਲ ਦਿੱਤਾ ਤਾਂ । ਇਹ ਤਾਂ ਵਾਹਿਗੁਰੂ ਦੀ ਕ੍ਰਿਪਾ ਹੈ ਕਿ ਹੁਣ ਸੱਭ ਠੀਕ ਠਾਕ ਹੋ ਚੁੱਕਾ ਹੈ ਪਰ ਜੇ ਕਿਤੇ ਉਹ ਸਭ ਦਰੁਸਤ ਨਾ ਹੁੰਦਾ ਤਾਂ ਆਪਾਂ ਕੀ ਕਰ ਲੈਣਾ ਸੀ ?' ਨਸੀਬ ਨੇ ਲਗਾਤਾਰ ਸੱਭ ਕੁੱਝ ਬੋਲ ਦਿੱਤਾ ।

"ਨਹੀਂ, ਇਹ ਨਹੀਂ ਹੋ ਸਕਦਾ । ਇੱਕ ਤਾਂ ਮੁੰਡਾ ਨਾਲ ਵਾਲੇ ਮੁਹੱਲੇ ਦਾ ਹੈ, ਕੀ ਕਹਿਣਗੇ ਮੁਹੱਲੇ ਵਾਲੇ ? ਕੀ ਕਹੂ ਸਮਾਜਕ ਭਾਈਚਾਰਾ ? ਸਾਡੇ ਤਾਂ ਸ਼ਰੀਕੇ ਨੇ ਹੀ ਨਹੀਂ ਜਿਊਣ ਦੇਣਾ ! ਨਾਲੇ ਮੁੰਡੇ ਦੀ ਬਰਾਦਰੀ ਕੋਈ ਹੋਰ ਤੇ ਸਾਡੀ ਕੋਈ ਹੋਰ । ਇਹ ਖਿਆਲੀ ਦੁਨੀਆਂ ਵਿੱਚੋਂ ਬਾਹਰ ਨਿਕਲ ਤੇਰੇ ਬਾਪੂ ਨੇ ਇਹ ਕਦੇ ਨਹੀਂ ਮੰਨਣਾ, ਤੈਨੂੰ ਵੀ ਪਤਾ ਉਹ ਕਿੰਨਾ ਡਾਢਾ ਹੈ ।"

"ਪਰ ਮੰਮੀ... !!"

"ਕੋਈ ਪਰ ਪੁਰ ਨਹੀਂ ਚੱਲਣੀ ਤੇਰੀ, ਚਾਰ ਅੱਖਰ ਪੜ੍ਹ ਕੇ ਦੁਨੀਆ ਦੇ ਰੀਤੀ ਰਿਵਾਜ਼ ਬਦਲਣ ਤੁਰੀ ਹੈਂ ! ਜੋ ਗੱਲ ਅੱਜ ਮੇਰੇ ਨਾਲ ਕਰ ਲਈ, ਭੁੱਲ ਕੇ ਵੀ ਦੁਬਾਰਾ ਉਸ ਮੁੰਡੇ ਦਾ ਨਾਮ ਇਸ ਘਰ ਵਿੱਚ ਨਾ ਲਵੀਂ । ਫਿਰ ਕਿਤੇ ਇਹ ਨਾ ਹੋਵੇ ਕਿ ਕੱਲ ਨੂੰ ਹੀ ਤੇਰਾ ਬਾਪੂ ਕਿਸੇ ਨਾਲ ਤੋਰ ਦੇਵੇ । ਚੁੱਪ ਕਰਕੇ ਰਸੋਈ ਚ ਆਪਣਾ ਕੰਮ ਕਰ ਜਾ ਕੇ, ਤਰਕਾਲਾਂ ਹੋ ਚੱਲੀਆਂ, ਬਾਪੂ ਵੀ ਆਉਣ ਵਾਲਾ ਤੇਰਾ ।" ਕਹਿ ਕੇ ਗੁਰਮੀਤ ਘਰੇਲੂ ਕੰਮਾਂ ਵਿੱਚ ਰੁੱਝ ਗਈ।

ਨਸੀਬ ਸੋਚੀਂ ਪੈ ਗਈ ਕਿ 'ਇਹ ਸੱਭ ਕਿਵੇਂ ਹੱਲ ਹੋ ਸਕੇਗਾ ? ਕੌਣ ਸਮਝਾ ਸਕਦਾ ਹੈ ਇਹਨਾਂ ਨੂੰ ? ਸਾਰੇ ਰਿਸ਼ਤੇਦਾਰਾਂ/ਸਨੇਹੀਆਂ ਦਾ ਖਿਆਲ ਇੱਕ ਦਮ

ਦਿਮਾਗ ਵਿੱਚ ਆਇਆ ਤਾਂ ਦੇਖਦੀ ਹੈ ਕਿ ਅਜੇ ਵੀ ਅਸੀਂ ਪ੍ਰੰਪਰਾਵਾਂ/ਰੀਤੀ-ਰਿਵਾਜ਼ਾਂ ਨੂੰ ਮਾਨਤਾ ਦੇ ਕੇ ਜਿਆਦਤਾਰ ਆਪਣਾ ਭਵਿੱਖੀ ਨੁਕਸਾਨ ਕਰ ਰਹੇ ਹਾਂ ? ਕੀ ਫਾਇਦਾ ਸਾਡੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਨੂੰ ਵਿੱਦਿਆ ਦੇਣ ਦਾ ਜੇ ਕਰ ਉਹ ਉਸਦਾ ਸਹੀ ਲਾਭ ਲੈ ਕੇ ਆਪਣਾ ਸਹੀ ਜਾਂ ਗਲਤ ਦਾ ਫੈਂਸਲਾ ਨਹੀਂ ਕਰ ਸਕਦੇ ਅਤੇ ਰੂੜੀਵਾਦੀ ਸੋਚ ਥੱਲੇ ਹੀ ਆਪਣੀ ਜਿੰਦਗੀ ਨੂੰ ਬਿਤਾਉਣ ਲਈ ਮਜਬੂਰ ਹੋਣਾ ਪੈਂਦਾ ਹੈ ।'

ਕਿ ਇੱਕ ਦਮ ਉਸਦੀ ਸੋਚਾਂ ਨੂੰ ਤੋੜਦੀ ਇੱਕ ਚੀਰਦੀ ਹੋਈ ਆਵਾਜ਼ ਨੇ ਨਸੀਬ ਨੂੰ ਵਰਤਮਾਨ ਵਿੱਚ ਲੈ ਆਂਦਾ, ਜਦ ਕਮਰੇ ਵਿੱਚੋਂ ਆਵਾਜ਼ ਆਈ, "ਗੁਰਮੀਤ ਜਾਂ ਤਾਂ ਇਸ ਕੁੜੀ ਨੂੰ ਅੱਜ ਹੀ ਗੱਲ ਘੁੱਟ ਕੇ ਮਾਰਦੇ, ਨਹੀਂ ਤਾਂ ਜੇ ਕੱਲ ਇਹਨੇ ਸਾਡੀ ਇੱਜ਼ਤ ਦੇ ਖ਼ਿਲਾਫ ਕਦਮ ਚੁਕਿਆ ਤਾਂ ਮੇਰਾ ਮਰਿਆ ਮੂੰਹ ਵੇਖੇਂਗੀ । ਜੇ ਕੱਲ ਨੂੰ ਇਹ ਘਰੋਂ ਦੌੜ ਗਈ ਤਾਂ ਇਹੋ ਜਿਹੀ ਲਾਹਨਤਾਂ ਭਰੀ ਜਿੰਦਗੀ ਤੋਂ ਮੈਂ ਮਰਨਾ ਜਾਂ ਮਾਰਨਾ ਬਿਹਤਰ ਸਮਝਾਂਗਾ ।" ਇਹ ਆਵਾਜ਼ ਕਿਸੇ ਹੋਰ ਦੀ ਨਹੀਂ ਨਸੀਬ ਦੇ ਬਾਪੂ ਦੀ ਸੀ, ਜੋ ਗੁਰਮੀਤ ਵੱਲੋਂ ਨਸੀਬ ਬਾਰੇ, ਸ਼ੁੱਭਨੂਰ ਸਬੰਧੀ ਗੱਲ ਕਰਨ ਤੋਂ ਬਾਅਦ ਦੀ ਹਾਲਤ ਬਿਆਨ ਕਰਦੀ ਸੀ ।

ਖੇਰ ! ਕੁੱਝ ਦਿਨਾਂ ਬਾਅਦ ਜਦ ਨਸੀਬ, ਸ਼ੁੱਭਨੂਰ ਨੂੰ ਮਿਲੀ ਤਾਂ ਸਾਰੀ ਗੱਲ ਉਸਨੂੰ ਦੱਸਣ ਤੋਂ ਬਾਅਦ ਪਤਾ ਲੱਗਾ ਕਿ ਹਾਲਤ ਸ਼ੁੱਭ ਦੇ ਘਰ ਦੀ ਕੋਈ ਵੱਖਰੀ ਨਹੀਂ ਸੀ । ਉਹੀ ਨੱਕ ਦੀ ਫਿਕਰ, ਵਿਖਾਵੇ ਦੀ ਦੁਨੀਆਂ, ਜਾਤ-ਬਰਾਦਰੀ ਦੀ ਉੱਚੀ-ਨੀਵੀਂ ਹੋਣ ਵਾਲੀ ਸੋਚ, ਝੂਠਾ ਅਤੇ ਡਬਲ ਸਟੈਂਡਰਡ ।

ਦੋਵੇਂ ਜਾਣੇ ਚੁੱਪ ਕਰਕੇ ਬੈਠ ਗਏ !

ਸ਼ੁੱਭ ਬੋਲਣ ਲੱਗਾ, 'ਯਾਰ ਨਸੀਬ ਕਿੰਨੀ ਅਜੀਬ ਗੱਲ ਹੈ ਨਾ, ਕਿ ਅਸੀਂ ਆਪਣੇ ਆਪ ਨੂੰ ਮਾਡਰਨ ਕਹਾਉਣ ਵਿੱਚ ਕਿੰਨਾ ਫਖਰ ਕਰਦੇ ਹਾਂ । ਪਰ ਅਫਸੋਸ ਕਿ ਮਾਡਰਨ ਬਣਨ ਲਈ ਤਿਆਰ ਨਹੀਂ ਹਾਂ । ਕਹਿਣ ਨੂੰ ਤਾਂ ਹੋਰ ਕੰਮਾਂ ਵਿੱਚ ਅਸੀਂ ਹਰ ਦੂਜੇ, ਤੀਜੇ ਨੂੰ ਨੀਵਾਂ ਵਿਖਾ ਕੇ ਆਪਣੇ ਅਖੌਤੀ ਅਗਾਂਹਵਧੂਪੁਣੇ ਦਾ ਢਿੰਡੋਰਾ ਪਿੱਟਦੇ ਹਾਂ, ਪਰ ਆਪਣੇ ਘਰ ਵਿੱਚ ਗੱਲ ਆ ਜਾਵੇ ਤਾਂ ਉਹੀ ਪੁਰਾਣੀ ਸੋਚ ਝੱਟ ਪ੍ਰਗਟ ਹੋ ਜਾਂਦੀ ਹੈ ।

ਤੂੰ ਵੀ ਸਿਆਣੀ ਅਤੇ ਮਾਤਾ-ਪਿਤਾ ਦਾ ਹਰ ਕਹਿਣਾ ਮੰਨਣ ਵਾਲੀ ਕੁੜੀ ਹੈਂ ਮੈਂ ਤੈਨੂੰ ਮਜਬੂਰ ਨਹੀਂ ਕਰਾਂਗਾ ਕਿ ਆਪਾਂ ਦੌੜ ਕੇ ਕੋਰਟ ਮੈਰਿਜ਼ ਕਰਵਾ ਲਈਏ । ਕਿਉਂਕਿ ਉਸ ਤੋਂ ਬਾਅਦ ਵੀ ਸਾਡੀ ਜਿੰਦਗੀ ਸੇਫ ਨਹੀਂ ਰਹਿਣੀ । ਇਸ ਅਖੌਤੀ

ਅਣਖ ਲਈ ਹੁੰਦੇ ਕਤਲਾਂ ਬਾਰੇ ਨਿੱਤ ਅਖਬਾਰਾਂ ਵਿੱਚ ਪੜ੍ਹਦੇ ਹਾਂ । ਪਤਾ ਨਹੀਂ ਅਜਿਹੇ ਮਾਂ-ਬਾਪ ਆਪਣੇ ਬੱਚਿਆਂ ਨੂੰ ਕਤਲ ਕਰਕੇ ਆਪਣੀ ਇੱਜ਼ਤ ਦਾ ਝੰਡਾ ਕਿਹੜੇ ਅਸਮਾਨ ਤੇ ਝੁਲਾ ਲੈਂਦੇ ਹਨ?

ਨਾਲੇ ਮੇਰੇ ਘਰ ਵੀ ਇੱਕ ਛੋਟਾ ਵੀਰ ਹੈ ਤੇ ਤੇਰੇ ਘਰ ਇੱਕ ਤੇਰੀ ਛੋਟੀ ਭੈਣ। ਜੇ ਘਰੋਂ ਭੱਜਣ ਦਾ ਕਦਮ ਚੁੱਕਿਆ ਤਾਂ ਇਸ ਡਬਲ ਸਟੈਂਡਰਡ ਵਾਲੇ ਸਮਾਜ ਨੇ ਉਸ ਵਿਚਾਰੀ ਦਾ ਰਿਸ਼ਤਾ ਕਿਸੇ ਚੰਗੀ ਥਾਂ ਨਹੀਂ ਹੋਣ ਦੇਣਾ । ਅਖੇ ਇਸਦੀ ਵੱਡੀ ਭੈਣ ਤਾਂ ਘਰੋਂ ਭੱਜੀ ਸੀ, ਤੇ ਮੇਰੇ ਬਾਰੇ ਲੋਕਾਂ ਨੇ ਕਹਿਣਾ ਕਿ ਉਹ ਲੋਕਾਂ ਨੂੰ ਮੱਤਾਂ ਦੇਣ ਵਾਲਾ ਆਪ ਤਾਂ ਕਿਸੇ ਦੀ ਕੁੜੀ ਕੱਢ ਕੇ ਲੈ ਗਿਆ । ਨਸੀਬ ਅੱਜ ਤਾਂ ਗੱਲ ਤੇਰੇ ਮੇਰੇ ਵਿੱਚ ਹੈ ਪਰ ਕੱਲ ਨੂੰ ਇਸ ਨਾਲ ਦੋ ਪਰਿਵਾਰਾਂ ਦੀ ਖੁਸ਼ੀਆਂ ਵਿੱਚ ਜ਼ਹਿਰ ਘੁੱਲ ਜਾਣਾ । ਖਬਰੇ ਸਾਡੇ ਘਰੋਂ ਦੌੜਨ ਮਗਰੋਂ ਇਹ ਪਰਿਵਾਰ ਦੁਸ਼ਮਣੀ ਪਾਲ ਲੈਣ ਅਤੇ ਸਾਡੇ ਮਗਰੋਂ ਲੜ-ਲੜ ਕੇ ਹੀ ਮਰ ਮੁੱਕ ਜਾਣ ।"

ਵਿੱਚੋਂ ਗੱਲ ਕੱਟਦੀ ਨਸੀਬ ਕਹਿਣ ਲੱਗੀ, ਮੈਨੂੰ ਤਾਂ ਇੰਨਾ ਪਤਾ ਕੇ ਜੇ ਘਰੋਂ ਨਿਕਲਣ ਦਾ ਕਾਰਾ ਕੀਤਾ ਤਾਂ ਮੇਰੇ ਪਾਪਾ ਨੇ ਤਾਂ ਉਸੇ ਦਿਨ ਆਪਣੀ ਜਾਨ ਦੇ ਦੇਣੀ ਹੈ, ਉਹ ਤਾਂ ਮੈਨੂੰ ਪਿਆਰ ਵੀ ਬਹੁਤ ਕਰਦੇ ਨੇ ਤੇ ਜੇ ਮੈਂ ਕੁੱਝ ਅਜਿਹਾ ਕਦਮ ਚੁੱਕਿਆ ਤਾਂ ਕੁੱਝ ਕਰ ਹੀ ਨਾ ਬੈਠਣ । ਮੈਨੂੰ ਕੁੱਝ ਸਮਝ ਨਹੀਂ ਆ ਰਹੀ ਸ਼ੁੱਭ ਮੈਂ ਕੀ ਕਰਾਂ ? ਕਹਿੰਦਿਆਂ ਹੀ ਨਸੀਬ ਦੀਆਂ ਅੱਖਾਂ ਵਿੱਚ ਅੱਥਰੂ ਵਹਿ ਤੁਰੇ ।

ਹੈਂ, ਕਮਲੀ ਨਾ ਹੋਵੇ ਤੇ ਤੂੰ ਕਾਹਤੋਂ ਰੋਂਦੀ ਏਂ ? ਸ਼ੁੱਭ ਬੋਲਣ ਲੱਗਿਆ, "ਆਪਾਂ ਕੋਈ ਵੀ ਗਲਤ ਕਦਮ ਨਹੀਂ ਚੁਕਾਂਗੇ, ਜਿਸ ਨਾਲ ਸਾਡੇ ਮਾਂ-ਬਾਪ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ । ਅਸੀਂ ਇੱਕ ਵਾਰ ਫਿਰ ਦੁਨੀਆਂ ਦੀਆਂ ਬਾਕੀ ਪ੍ਰੇਮ ਕਹਾਣੀਆਂ ਦੀ ਤਰ੍ਹਾਂ ਆਪਣੇ ਪਿਆਰ ਦੀ ਕੁਰਬਾਨੀ ਦੇ ਦੇਵਾਂਗੇ । ਜਿੱਥੇ ਘਰਦੇ ਕਹਿਣਗੇ ਵਿਆਹ ਕਰਵਾ ਲਵਾਂਗੇ ।

ਜੋ ਵੀ ਸਾਡੀ ਜਿੰਦਗੀ ਵਿੱਚ ਆਵੇਗਾ, ਮੈਂ ਆਉਣ ਵਾਲੀ ਉਸ ਕੁੜੀ ਵਿੱਚੋਂ ਤੁਹਾਨੂੰ ਲੱਭਣ ਦੀ ਕੋਸ਼ਿਸ਼ ਕਰਾਂਗਾ ਤੇ ਉਸਨੂੰ ਖੂਬ ਪਿਆਰ ਦੇਵਾਂਗਾ ਤੇ ਤੁਸੀਂ ਆਉਣ ਵਾਲੇ ਉਸ ਰਾਜਕੁਮਾਰ ਵਿੱਚੋਂ ਮੈਨੂੰ ਦੇਖਣਾ ਤੁਹਾਨੂੰ ਉਹ ਚੰਗਾ ਲੱਗਣ ਲੱਗ ਪਵੇਗਾ । ਆਸ ਕਰਦੇ ਹਾਂ ਰੱਬ ਸਾਡਾ ਬੁਰਾ ਨਹੀਂ ਹੋਣ ਦੇਵੇਗਾ ।

ਅਸੀਂ ਆਪਣੇ ਬੱਚਿਆਂ ਨੂੰ ਬਿਲਕੁੱਲ ਨਵੀਂ ਸੋਚ ਦੇਵਾਂਗੇ । ਜੋ ਕੰਮ ਅਸੀਂ ਨਹੀਂ ਕਰ ਸਕੇ ਉਸਨੂੰ ਆਪਣੇ ਬੱਚਿਆਂ ਕੋਲੋਂ ਕਰਵਾ ਲਵਾਂਗੇ ਉਹਨਾਂ ਨੂੰ ਚੰਗੀ ਸਿੱਖਿਆ, ਉਤਸ਼ਾਹ, ਦੂਰ-ਅੰਦੇਸ਼ੀ ਸੋਚ ਦੇ ਮਾਲਿਕ ਬਣਾ ਕੇ ਜਾਤ-ਪਾਤ ਦੀ ਇਸ

ਗੰਦੀ ਲਾਹਨਤ ਵਿੱਚ ਕਦੇ ਨਹੀਂ ਫਸਣ ਦੇਵਾਂਗੇ । ਸੋ ਅੱਜ ਤੋਂ ਬਾਅਦ ਸਾਡੇ ਰਾਹ ਵੱਖ ਹੋਣਗੇ ਪਰ ਮਿਸ਼ਨ ਉਹੀ ਹੋਵੇਗਾ । ਸਮਾਜ ਵਿੱਚ ਜਾਗਰੂਕਤਾ ਲਿਆਉਣ ਦਾ । ਇੰਤਜ਼ਾਰ ਕਰਦੇ ਹਾਂ, ਕਿ ਹੁਣ ਕਦ ਰੱਬ ਕਿਸ ਹਾਲਤ, ਕਿਸ ਸਮੇਂ, ਕਿਸ ਅੰਦਾਜ਼, ਕਿਸ ਮੌੜ ਤੇ ਮਿਲਾਉਂਦਾ ਹੈ, ਕਹਿੰਦੇ ਹੋਏ ਦੋਵੇਂ ਆਪੋ ਆਪਣੇ ਰਾਹ ਨੂੰ ਤੁਰ ਪਏ ਅਤੇ ਪਿਛਲੇ ਅੱਠ ਸਾਲ ਦੀ ਸਾਂਝ ਹੁਣ ਕਦੇ ਨਾ ਖਤਮ ਹੋਣ ਵਾਲੇ ਇੰਤਜ਼ਾਰ ਵਿੱਚ ਬਦਲ ਗਈ ।

ਸ਼ੁੱਭ ਗੱਲਾਂ ਤਾਂ ਵੱਡੀਆਂ ਕਰ ਆਇਆ ਸੀ, ਪਰ ਟੁੱਟੇ ਦਿਲ ਨਾਲ ਸੋਚਦਾ ਕਿ, 'ਉਹ ਮੇਰੀ ਨਸੀਬ, ਮੇਰੇ ਹੀ ਨਸੀਬ ਵਿੱਚ ਨਹੀਂ ਹੈ' ਵਾਹ ਕਾਦਰ ਤੇਰੀ ਕੁਦਰਤ।

ਕਰਮੋ ਦਾ ਵਿਆਹ ਮਾਂ ਨੇ ਬੜੇ ਚਾਵਾਂ ਨਾਲ ਕੀਤਾ ਸੀ । ਇੱਕ ਵੱਡਾ ਭਰਾ ਤੇ ਭੈਣ ਪਹਿਲਾਂ ਹੀ ਵਿਆਹੇ ਸਨ । ਇਹੋ ਰਹਿੰਦੀ ਸੀ, ਇਸ ਦਾ ਵੀ ਕਰ ਦਿੱਤਾ । ਵਿਆਹ ਨੂੰ ਅਜੇ ਤਿੰਨ ਕੁ ਮਹੀਨੇ ਹੀ ਹੋਏ ਸਨ । ਕਰਮੋ ਦੀ ਮਾਂ ਮਰ ਗਈ । ਰੱਬ ਜਾਣੇ ਸ਼ਇਦ ਆਪਣਾ ਆਖਰੀ ਕੰਮ ਆਪਣੇ ਹੱਥੀਂ ਕਰ ਗਈ ।

# ਕਰਮੋਂ

ਆਦਮੀ ਦਾ ਸਾਇਆ ਸਿਰ ਤੋਂ ਉੱਠ ਜਾਵੇ ਤਾਂ ਔਰਤ ਦੀ ਜ਼ਿੰਦਗੀ ਵਿੱਚ ਧੁੱਪ ਹੀ ਰਹਿ ਜਾਂਦੀ ਹੈ । ਰਿਸ਼ਤੇਦਾਰ, ਭੈਣ-ਭਰਾ ਕੋਈ ਵੀ ਲਾਗੇ ਨਹੀਂ ਲੱਗਦਾ । ਮਾਂ ਨੇ ਬੜੇ ਚਾਅ ਨਾਲ ਨਾਮ ਰੱਖਿਆ ਸੀ - ਕਰਮੋ, ਕਰਮਾਂ ਵਾਲੀ । ਪਰ ਕਰਮਾਂ ਦੀ ਖੇਡ ਤਾਂ ਰੱਬ ਦੇ ਹੱਥ ਹੁੰਦੀ ਹੈ, ਬੰਦਾ ਤਾਂ ਬਸ ਚੱਲੀ ਜਾਂਦਾ ਜਿਵੇਂ ਰੱਬ ਚਲਾਉਂਦਾ ।

ਕਰਮੋ ਦਾ ਵਿਆਹ ਮਾਂ ਨੇ ਬੜੇ ਚਾਵਾਂ ਨਾਲ ਕੀਤਾ ਸੀ । ਇੱਕ ਵੱਡਾ ਭਰਾ ਤੇ ਭੈਣ ਪਹਿਲਾਂ ਹੀ ਵਿਆਹੇ ਸਨ । ਇਹੋ ਰਹਿੰਦੀ ਸੀ, ਇਸ ਦਾ ਵੀ ਕਰ ਦਿੱਤਾ । ਵਿਆਹ ਨੂੰ ਅਜੇ ਤਿੰਨ ਕੁ ਮਹੀਨੇ ਹੀ ਹੋਏ ਸਨ । ਕਰਮੋ ਦੀ ਮਾਂ ਮਰ ਗਈ । ਰੱਬ ਜਾਣੇ ਸ਼ਇਦ ਆਪਣਾ ਆਖਰੀ ਕੰਮ ਆਪਣੇ ਹੱਥੀਂ ਕਰ ਗਈ । ਮਾਂ ਦੇ ਮਗਰੋ ਕਰਮੋ ਦੋ - ਤਿੰਨ ਵਾਰ ਪੇਕੇ ਤਾਂ ਗਈ, ਪਰ ਭਾਬੀ ਨੂੰ ਨੱਕ-ਮੂੰਹ ਵੱਟਦੀ ਵੇਖ ਉਸ ਨੇ ਫੇਰ ਕਦੀ ਪੇਕੇ ਫੇਰਾ ਨਾ ਪਾਇਆ । ਪੰਜ ਸਾਲਾਂ ਵਿੱਚ ਉਸ ਦੀ ਝੋਲੀ ਦੋ ਕੁੜੀਆਂ ਤੇ ਇੱਕ ਮੁੰਡੇ ਨਾਲ ਭਰ ਗਈ । ਪੇਕਿਉਂ ਕੋਈ ਨਾ ਆਇਆ। ਵੱਡੀ ਭੈਣ ਕਦੀ ਕਦੀ ਆ ਜਾਂਦੀ ਸੀ, ਪਰ ਮਾਂ ਦੀ ਮਮਤਾ ਦਾ ਨਿੱਘ ਵੱਡੀ ਭੈਣ ਤੋਂ ਕਦੀ ਨਾ ਮਿਲਿਆ ਤੇ ਨਾ ਹੀ ਮਿਲ ਸਕਦਾ ਸੀ।

ਕਰਮੋ ਦੋ ਕੁ ਮਹੀਨੇ ਤਾਂ ਰੋਂਦੀ ਕੁਰਲਾਉਂਦੀ ਰਹੀ, ਰਿਸ਼ਤੇਦਾਰਾਂ, ਭੈਣ-ਭਰਾਵਾਂ ਦੇ ਮੂੰਹ ਵੱਲ ਵੇਖਦੀ ਰਹੀ ਕਿ ਕੋਈ ਤਾਂ ਮੇਰੀ ਤੇ ਮੇਰੇ ਬੱਚਿਆਂ ਦੇ ਮੂੰਹ ਦੀ ਸਾਰ ਲਵੇਗਾ। ਪਰ ਔਖੇ ਵੇਲੇ ਤਾਂ ਖੂਨ ਵੀ ਆਪਣਾ ਨਹੀ ਬਣਦਾ, ਇਹ ਤਾਂ ਫਿਰ ਰਿਸ਼ਤੇਦਾਰ ਸੀ। ਘਰ ਦਾ ਦਾਣਾ-ਪਾਣੀ ਮੁੱਕਣ ਲੱਗਾ ਤਾਂ ਕਰਮੋ ਨੂੰ ਨਿਆਣਿਆਂ ਦੇ ਢਿੱਡ ਦੀ ਚਿੰਤਾ ਹੋਣ ਲੱਗੀ।

ਪਿੰਡ ਦੇ ਬਾਹਰਵਾਰ ਫੈਕਟਰੀ ਵਿੱਚ ਉਸ ਨੂੰ ਨੌਕਰੀ ਮਿਲ ਗਈ। ਤੜਕੇ ਉੱਠ ਕੇ ਘਰ ਦਾ ਕੰਮ ਕਰਕੇ, ਕੁੜੀਆਂ ਨੂੰ ਘਰੇ ਰਹਿਣ ਦੀ ਤਾੜਨਾ ਦੇ ਕੇ ਤੇ ਮੁੰਡਾ ਨਾਲ ਲੈ ਕੇ ਉਹ ਕੰਮ ਤੇ

ਚਲੀ ਜਾਂਦੀ। ਹੌਲੀ-ਹੌਲੀ ਬੱਚੇ ਸਕੂਲ ਪਾ ਦਿੱਤੇ। ਕੁੜੀਆਂ ਵੀ ਰੱਬ ਵੱਲੋਂ ਰੰਗ ਰੂਪ ਲੈ ਕੇ ਆਈਆਂ ਸਨ ਤੇ ਮਾਂ ਦਾ ਦੁੱਖ ਵੀ ਸਮਝਦੀਆਂ ਸਨ। ਉਨਾਂ ਨੇ ਕਦੀ ਵੀ ਆਪਣੀ ਮਾਂ ਨੂੰ ਚੰਗੇ ਕੱਪੜੇ ਪਾਏ ਤੇ ਖੁੱਲ ਕੇ ਹੱਸਦਿਆਂ ਨਹੀਂ ਸੀ ਦੇਖਿਆ। ਹੌਲੀ-ਹੌਲੀ ਵੱਡੀ ਕੁੜੀ ਦਾ ਵੀ ਵਿਆਹ ਕਰ ਦਿੱਤਾ। ਫਿਰ ਛੋਟੀ ਲਈ ਵਰ ਘਰ ਲੱਭਣ ਦੀ ਤਿਆਰੀ ਹੋਣ ਲੱਗ ਪਈ।

ਕਰਮੋ ਦਾ ਸਰੀਰ ਹੁਣ ਫੈਕਟਰੀ ਜਾਣ ਲਈ ਰਾਜ਼ੀ ਨਾ ਹੁੰਦਾ । ਪਰ ਉਹ ਸੋਚਦੀ ਕੁੜੀ ਦਾ ਵਿਆਹ ਹੋ ਜਾਵੇ ਤੇ ਮੁੰਡਾ ਕੋਈ ਨੌਕਰੀ ਕਰ ਲਵੇ ਫਿਰ ਮੈਂ ਵੀ ਚੈਨ ਨਾਲ ਘਰ ਬੈਠ ਜਾਉਂਗੀ। ਸਮਾਂ ਆਪਣੀ ਚਾਲੇ ਚਲਦਾ ਗਿਆ। ਛੇ ਕੁ ਮਹੀਨਿਆਂ ਬਾਅਦ ਛੋਟੀ ਕੁੜੀ ਵੀ ਆਪਣੇ ਘਰ ਤੁਰ ਪਈ।

ਮੁੰਡਾ ਵੀ ਪੜ੍ਹ-ਲਿਖ ਗਿਆ ਸੀ। ਸ਼ਾਮ ਦੀ ਨੌਕਰੀ ਹੋਣ ਕਰਕੇ ਪੜਾਈ ਵੀ ਕਰਦਾ ਰਿਹਾ ਤੇ ਥੋੜਾ ਬਹੁਤ ਘਰ ਦਾ ਖਰਚ ਵੀ ਚੁੱਕ ਲੈਂਦਾ ਸੀ। ਚਾਰ ਕੁ ਸਾਲ ਬਾਅਦ ਚੰਗੀ ਨੌਕਰੀ ਵੀ ਮਿਲ ਗਈ। ਹੁਣ ਕਰਮੋ ਨੂੰ ਕੰਮ ਕਰਨ ਦੀ ਵੀ ਲੋੜ ਨਹੀਂ ਸੀ। ਜਿਹੜੇ ਰਿਸ਼ਤੇਦਾਰ ਗੁਰਬਤ ਵੇਖਕੇ ਪਿੱਠ ਕਰ ਗਏ ਸਨ ਅੱਜ ਉਹੀ ਰਿਸ਼ਤੇਦਾਰ ਉਸਦੇ ਘਰ ਆਉਣ ਜਾਣ ਲੱਗ ਪਏ ਸਨ।

ਕਰਮੋ ਹੁਣ ਮੁੰਡੇ ਲਈ ਨੂੰਹ ਲੱਭ ਰਹੀ ਸੀ। ਉਹ ਹੁਣ ਸੋਚਦੀ ਮੈਂ ਵੀ ਬੁਢੇਪੇ 'ਚ ਚਾਰ ਦਿਨ ਸੁੱਖ ਦੇ ਦੇਖਾਂਗੀ। ਜਵਾਨੀ ਤਾਂ ਬੱਚਿਆਂ ਦੇ ਪਾਲਣ ਪੋਸ਼ਣ 'ਚ ਲੰਘ ਗਈ। ਚੰਗਾ ਨਾ ਖਾ ਕੇ ਦੇਖਿਆ ਅਤੇ ਨਾ ਹੀ ਪਾ ਕੇ। ਹੁਣ ਕਰਮੋ ਆਪਣੇ ਆਲੀਸ਼ਾਨ ਮਕਾਨ 'ਚ ਲਾਲ ਚੂੜੇ ਵਾਲੀ ਤੇ ਝਾਂਜਰਾ ਵਾਲੀ ਨੂੰ ਤੁਰਦਿਆਂ ਵੇਖਣਾ ਚਾਹੁੰਦੀ ਸੀ।

ਦੱਸ ਪੈਣ ਤੇ ਨੂੰਹ ਵੀ ਪਸੰਦ ਕਰਕੇ ਵਿਆਹ ਕੇ ਘਰ ਲੈ ਆਂਦੀ। ਘਰ ਵਿੱਚ ਹਰ ਸੁੱਖ- ਸਹੂਲਤ ਸੀ। ਕਰਮੋ ਦਾ ਮੁੰਡਾ, ਕਰਮੋ ਤੋਂ ਪੁੱਛੇ ਬਿਨਾ ਕੋਈ ਕੰਮ ਨਾ ਕਰਦਾ ਤੇ ਰੁਪਿਆ ਪੈਸਾ ਵੀ ਕਰਮੋ ਨੂੰ ਹੀ ਦਿੰਦਾ।

ਨੂੰਹ ਅੰਦਰੋ-ਅੰਦਰ ਕੁੜਦੀ ਕਿ ਬੁੱਢੀ ਨੂੰ ਏਸ ਉਮਰੇ ਕੀ ਫਾਹ ਪਿਆ ਏ, ਪੈਸੇ-ਪੈਸੇ ਦਾ ਹਿਸਾਬ ਰੱਖ ਦੀ ਏ। ਹੌਲੀ-ਹੌਲੀ ਨੂੰਹ ਨੇ ਘਰ ਵਿੱਚ ਕਲੇਸ਼ ਕਰਨਾ ਸ਼ੁਰੂ ਕਰ ਦਿੱਤਾ। ਘਰ ਵਾਲੇ ਸਾਮ੍ਹਣੇ ਮੰਮੀ ਜੀ ਮੰਮੀ ਜੀ ਕਰਦੀ ਰਹਿੰਦੀ ਤੇ ਉਸ ਦੇ ਪਿੱਛੇ ਪੂਰਾ ਆਢਾ ਲਾ ਕੇ ਲੜਦੀ। ਰੋਟੀ ਪਾਣੀ ਵੀ ਕਰਮੋਂ ਦਾ ਰੱਬ ਆਸਰੇ ਹੁੰਦਾ।

ਸੋਚਦੀ ਚਾਰ ਦਿਨ ਸੁੱਖ ਦੇ ਕੀ ਦੇਖਣੇ ਮੈਂ ਤਾਂ ਰੋਟੀਉਂ ਵੀ ਜਾਂਦੀ ਜਾ ਰਹੀ ਹਾਂ।

ਕਰਮੋਂ ਦੇ ਮੁੰਡੇ ਨੂੰ ਲੱਗਦਾ ਮਾਂ ਐਵੇਂ ਹੀ ਰੌਲਾ ਪਾਉਂਦੀ ਏ ਸੁੱਖੀ ਤਾਂ ਮੰਮੀ ਜੀ, ਮੰਮੀ ਜੀ ਕਹਿੰਦੀ ਰਹਿੰਦੀ ਹੈ। ਕਲੇਸ਼ ਏਨਾਂ ਵੱਧ ਗਿਆ ਕਿ ਇੱਕ ਦਿਨ ਸੁੱਖੀ ਦੇ ਕਹਿਣ ਤੇ ਕਰਮੋ ਦਾ ਮੁੰਡਾ ਕਰਮੋ ਨੂੰ ਬਿਰਧ ਆਸ਼ਰਮ ਛੱਡ ਆਇਆ। ਕਰਮੋ ਨੇ ਮੂੰਹੋ ਕੁੱਝ ਨਾ ਕਿਹਾ ਤੇ ਮੁੰਡੇ ਦੇ ਸਿਰ ਤੇ ਹੱਥ ਫੇਰ ਕੇ ਅੰਦਰ ਚਲੀ ਗਈ। ਕਰਮੋ ਦਾ ਮੁੰਡਾ ਹਰ ਹਫਤੇ ਆਉਂਦਾ, ਉਸ ਨੂੰ ਸੁੱਖ-ਸਾਂਦ ਪੁੱਛ ਕੇ ਚਲਾ ਜਾਂਦਾ। ਪਰ ਹੌਲੀ-ਹੌਲੀ ਕਰਮੋ ਦਾ ਮੁੰਡਾ ਪੰਦਰਾਂ ਕੁ ਦਿਨਾਂ ਬਾਅਦ ਆਉਣ ਲੱਗ ਪਿਆ। ਕਰਮੋ ਬਿਰਧ ਆਸ਼ਰਮ ਵਿੱਚ ਬੈਠੀ ਬਾਹਰਲੇ ਗੇਟ ਵੱਲ ਦੇਖਦੀ ਰਹਿੰਦੀ। ਪਰ ਹੁਣ, ਹੁਣ ਤਾਂ ਪਤਾ ਨਹੀਂ ਸੀ, ਕਿੰਨੇ ਸਾਲ ਹੋ ਗਏ ਆਏ ਨੂੰ ...... ਉਹ ਸਾਰਾ ਦਿਨ ਗੇਟ ਵੱਲ ਵੇਖਦੀ ਸੋਚਦੀ ਰਹਿੰਦੀ ਕਿ, ਮੈਂ ਸੁੱਖੀ ਦਾ ਕੀ ਮਾੜਾ ਕੀਤਾ ਸੀ ??



ਦੀਪੇ ਨੇ ਹਸਪਤਾਲ ਦੇ ਅੰਦਰ ਜਾ ਕੇ ਵੇਖਿਆ ਤਾਂ ਉਸ ਬੰਦੇ ਦੀ ਗੱਲ ਸੱਚੀ ਲੱਗੀ। ਬੜੀ ਵੱਡੀ ਕਤਾਰ ਮਰੀਜ਼ਾਂ ਦੀ ਲੱਗੀ ਹੋਈ ਸੀ। ਉਹ ਵੀ ਪਰਚੀ ਬਣਾਉਣ ਲਈ ਕਤਾਰ ਵਿੱਚ ਜਾ ਲੱਗਾ । ਗਰਮੀ ਨਾਲ ਚਿੱਤ ਕਾਹਲਾ ਪੈਂਦਾ ਸੀ । ਪਰਚੀ ਬਣਾਉਣ ਵਾਲਾ ਵੀ ਬੜਾ ਕਾਹਲਾ ਪਿਆ ਹੋਇਆ ਸੀ । ਦੁਪਿਹਰ ਦਾ ਇੱਕ ਵੱਜ ਗਿਆ ਤੇ ਦੀਪੇ ਦੀ ਵਾਰੀ ਆ ਹੀ ਗਈ । ਪਰਚੀ ਬਣਾਉਣ ਵਾਲਾ ਹਰ ਇੱਕ ਦੇ ਗਲ ਪੈਂਦਾ ਪਿਆ ਸੀ, ਬਾਹਰ ਲੋਕ ਵੀ ਖੜ੍ਹੇ ਕਾਹਲੇ ਪਏ ਹੋਏ ਸਨ ।

# ਗਰੀਬੀ

ਡਾਕਟਰ ਨੇ ਮਾੜੀ ਮੋਟੀ ਚੈਕਿੰਗ ਕਰਨ ਤੋਂ ਬਾਅਦ ਦੀਪੇ ਨੂੰ ਇੱਕ ਪਰਚੀ ਲਿਖ ਕੇ ਦਿੰਦਿਆਂ ਕਿਹਾ, 'ਦੇਖ ਦੀਪੇ ! ਮੈਨੂੰ ਲੱਗਦਾ ਹੈ ਕਿ ਤੈਨੂੰ ਟੀ.ਬੀ. ਹੈ ਅਤੇ ਐਕਸ-ਰੇ ਦੀ ਲੋੜ ਹੈ । ਹਾਂ ਸਰਕਾਰੀ ਹਸਪਤਾਲ ਵਿੱਚ ਮੁਫਤ ਹੁੰਦਾ ਹੈ । ਟੈਮ ਤਾਂ ਲੱਗ ਜਾਵੇਗਾ।'

"ਅੱਛਾ ਡਾਕਟਰ ਸਾਹਿਬ ਜੀ......।" ਦੀਪਾ ਡਾਕਟਰ ਕੋਲੋਂ ਪਰਚੀ ਫੜ੍ਹਦਾ ਬੋਲਿਆ । ਡਾਕਟਰ ਨੇ ਆਪਣੀ ਚੈਕਿੰਗ ਦੀ ਫੀਸ ਲੈ ਲਈ ।

ਦੀਪਾ ਡਾਕਟਰ ਕੋਲੋਂ ਤੁਰ ਪਿਆ । ਦਿਲ ਵਿੱਚ ਕਈ ਤਰ੍ਹਾਂ ਦੇ ਖਿਆਲ ਆਉਂਦੇ ਪਏ ਸਨ । ਉਹ ਮਜਬੂਰ ਬੰਦਾ ਹੈ, ਉੱਪਰੋਂ ਅਨਪੜ੍ਹ । ਕੰਮ ਵੀ ਕਰਦਾ ਹੈ ਪਰ ਦਿਹਾੜੀ ਲੱਗ ਗਈ ਤਾਂ ਠੀਕ, ਨਹੀਂ ਤਾਂ ਵਿਹਲਾ ਬੈਠਣਾ ਪੈਂਦਾ ਹੈ । ਵੈਸੇ ਵੀ ਵਿਹਲਾ ਤੇ ਗਰੀਬ ਬੰਦਾ ਅੱਧਾ ਕੁ ਤਾਂ ਉਂਝ ਹੀ ਬੀਮਾਰ ਰਹਿੰਦਾ ਹੈ । ਫਿਰ ਦੀਪੇ ਵਰਗੇ ਬੰਦੇ ਨੂੰ ਟੀ.ਬੀ. ਹੋਣੀ ਕੋਈ ਵੱਡੀ ਗੱਲ ਨਹੀਂ ਹੈ । ਖਾਂਸੀ ਹੀ ਕਈ ਵਾਰ ਟੀ.ਬੀ. ਦਾ ਰੂਪ ਧਾਰ ਲੈਂਦੀ ਹੈ । ਗਰੀਬ ਆਦਮੀ ਵੱਡੀ ਤੋਂ ਵੱਡੀ ਬੀਮਾਰੀ ਨੂੰ ਨਜ਼ਰ ਅੰਦਾਜ਼ ਕਰ ਦਿੰਦਾ ਹੈ । ਦੀਪੇ ਦੇ ਘਰ ਤਿੰਨ ਨਿਆਣੇ ਹਨ । ਪੈਸੇ ਦੀ ਘਾਟ ਹੋਣ ਕਰਕੇ ਘਰ ਵਿੱਚ ਕਲੇਸ਼ ਹੋਣਾ ਆਮ ਜਿਹੀ ਗੱਲ ਬਣੀ ਸੀ ।

ਸੋਚਾਂ ਦੇ ਸਮੁੰਦਰਾਂ ਵਿੱਚ ਗੋਤੇ ਲਾਉਂਦਾ ਦੀਪਾ ਸਰਕਾਰੀ ਹਸਪਤਾਲ ਵਿੱਚ ਜਾ ਪੁੱਜਾ । ਹਸਪਤਾਲ ਵੀ ਕੀ ਸੀ, ਬੱਸ ਰੱਬ ਦਾ ਹੀ ਨਾਮ ਸੀ । ਹਰ ਕਿਸੇ ਨੂੰ ਆਪੋ-ਧਾਪੀ ਪਈ ਹੋਈ ਸੀ । ਕਿਸੇ ਕੋਲ ਵੀ ਕਿਸੇ ਦੀ ਗੱਲ ਸੁਨਣ ਲਈ ਸਮਾਂ ਨਹੀਂ ਸੀ । ਡਾਕਟਰ, ਨਰਸਾਂ, ਹੋਰ ਮੁਲਾਜ਼ਮ ਆਪੋ-ਆਪਣੀ ਦੌੜ ਪਏ ਦੌੜਦੇ ਸਨ । ਮਰੀਜ਼ ਕੁਰਲਾ ਰਹੇ ਸਨ ।

"ਭਾਅ ਜੀ, ਐਕਸ-ਰੇ ਕਿੱਥੇ ਹੁੰਦੇ ਹਨ ....?" ਜਿਸ ਕੋਲੋਂ ਦੀਪੇ ਨੇ ਪੁੱਛਿਆ, ਉਹ ਬੰਦਾ ਕਾਫੀ ਸਾਊ ਲੱਗਦਾ ਸੀ । ਅੱਗੋਂ ਉਸ ਬੰਦੇ ਨੇ ਦੀਪੇ ਨੂੰ ਜਵਾਬ ਦਿੱਤਾ । "ਭਾਅ ਜੀ ਜ਼ਰਾ ਬਾਹਰ ਚੱਲੋ, ਇਸ ਬਾਰੇ ਜ਼ਰਾ ਖੁੱਲ ਕੇ ਗੱਲ ਕਰਦੇ ਹਾਂ ......।"

"ਅੱਛਾ ਜੀ !" ਆਖ ਕੇ ਦੀਪਾ ਉਸ ਆਦਮੀ ਦੇ ਮਗਰ-ਮਗਰ ਤੁਰ ਪਿਆ। ਹਸਪਤਾਲ ਦੀ ਪਾਰਕ ਵਿੱਚ ਜਾ ਕੇ ਦੋਵੇਂ ਬੈਠ ਗਏ।

"ਭਾਅ ਜੀ, ਤੁਸੀਂ ਮੈਨੂੰ ਵੇਖਣ ਤੋਂ ਤਾਂ ਹਮਾਤੜ ਸਾਥੀ ਲੱਗਦੇ ਹੋ। ਹਸਪਤਾਲ ਤਾਂ ਚੰਗੇ ਭਲੇ ਬੰਦੇ ਨੂੰ ਮਰੀਜ਼ ਬਣਾ ਦਿੰਦਾ ਹੈ........." ਅੱਗੋਂ ਦੀਪਾ ਹੌਕਾ ਜਿਹਾ ਭਰ ਕੇ ਬੋਲਿਆ, ਤੁਸੀਂ ਠੀਕ ਕਹਿੰਦੇ ਹੋ, ਪਰ ਅਸੀਂ ਗਰੀਬੜੇ ਜਾ ਵੀ ਕਿੱਥੇ ਸਕਦੇ ਹਾਂ.....? ਬੰਦਾ ਜਾਵੇ ਤਾਂ ਜਾਵੇ ਕਿੱਥੇ ? ਪ੍ਰਾਈਵੇਟ ਡਾਕਟਰਾਂ ਨੇ ਤਾਂ ਮੂੰਹ ਹੀ ਬਹੁੱਤ ਅੱਡੇ ਹੋਏ ਹਨ। ਵੀਹ ਵੀਹ, ਪੰਜਾਹ-ਪੰਜਾਹ ਰੁਪਏ ਫੀਸ ਹੀ ਹੈ, ਅੱਗੋਂ ਦਵਾਈਆਂ ਦਾ ਖਰਚਾ ਅਲੱਗ। ਸਾਥੋਂ ਤਾਂ ਰੋਟੀ-ਟੁੱਕ ਹੀ ਨਹੀਂ ਚੱਲਦਾ। ਇੰਨ੍ਹਾ ਖਰਚਾ ਝੱਲਣਾ ਸਾਡੇ ਵੱਸ ਦਾ ਰੋਗ ਨਹੀਂ।

"ਗੱਲ ਤਾਂ ਤੁਹਾਡੀ ਠੀਕ ਹੈ......। ਪਰ ਤੈਨੂੰ ਇੱਕ ਗੱਲ ਦੱਸ ਦਿੰਦਾ ਹਾਂ। ਇੱਥੇ ਧੱਕੇ ਖਾਣ ਦਾ ਕੋਈ ਫਾਇਦਾ ਨਹੀਂ। ਵਾਰੀ ਤਾਂ ਤੁਹਾਡੀ ਆਉਣੀ ਨਹੀਂ, ਪਰ ਜੇ ਆ ਵੀ ਗਈ ਤਾਂ ਕੁੱਝ ਨਹੀਂ ਹੋਣਾ। ਸੌ ਨਖਰੇ ਕਰਨੇ ਆ, ਡਾਕਟਰਾਂ ਨੇ। ਡਾਕਟਰਾਂ ਦੀਆਂ ਤਾਂ ਆਪਣੀਆਂ ਗੱਲਾਂ ਹੀ ਨਹੀਂ ਮੁਕਦੀਆਂ ......।"

ਬੰਦਾ ਕਿਹੜੇ ਖੂਹ 'ਚ ਡਿੱਗੇ ? ਦੁੱਖ ਨੇ ਤਾਂ ਮੇਰੀ ਜਾਨ ਕੱਢ ਲਈ ਹੈ। ਹੁਣ ਤਾਂ ਇੱਥੇ ਹੀ ਇਲਾਜ ਕਰਵਾਉਣਾ ਪੈਣਾ ਹੈ। ਅੱਗੇ ਜੋ ਰੱਬ ਨੂੰ ਭਾਵੇ ਜਾਂ ਫਿਰ ਜੋ ਸਾਡੇ ਭਾਗਾਂ ਵਿੱਚ ਲਿਖਿਆ.....।"

"ਭਾਗਾਂ ਵਿੱਚ ....?" ਇਹ ਸੱਭ ਬਕਵਾਸ ਹੈ ....। ਭਾਗ ਗਰੀਬਾਂ ਦੇ ਹੀ ਮਾੜੇ ਹੋਏ ਆ। ਇਹਨਾਂ ਮੋਟਿਆਂ ਢਿੱਡਾਂ ਵਾਲਿਆਂ ਦੇ ਨਹੀਂ ...। ਬੰਦਾ ਬੰਦੇ ਦਾ ਖੂਨ ਪੀਂਦਾ ਪਿਆ ਹੈ। ਚੰਗਾ ਫਿਰ ਭਾਅ ਜੀ, ਜਿੱਦਾਂ ਤੁਹਾਡੀ ਮਰਜ਼ੀ.....?" ਵੈਸੇ ਵੀ ਗਰੀਬ ਬੰਦੇ ਨੂੰ ਰੱਬ ਤੋਂ ਛੁੱਟ ਹੋਰ ਕਿਸੇ ਦੀ ਆਸ ਨਹੀਂ ਹੁੰਦੀ ....।"

"ਚੰਗਾ ਭਾਅ ਜੀ, ਸਤਿ ਸ੍ਰੀ ਅਕਾਲ ......। " ਦੀਪੇ ਨੇ ਦੋਵੇਂ ਹੱਥ ਜੋੜ ਕੇ ਉਸ ਬੰਦੇ ਨੂੰ ਕਿਹਾ। ਤੇ ਫਿਰ ਦੀਪਾ ਆਪਣੇ ਰਸਤੇ ਪੈ ਗਿਆ ਅਤੇ ਉਹ ਬੰਦਾ ਆਪਣੇ ਰਸਤੇ ਪੈ ਗਿਆ।

ਦੀਪੇ ਨੇ ਹਸਪਤਾਲ ਦੇ ਅੰਦਰ ਜਾ ਕੇ ਵੇਖਿਆ ਤਾਂ ਉਸ ਬੰਦੇ ਦੀ ਗੱਲ ਸੱਚੀ ਲੱਗੀ। ਬੜੀ ਵੱਡੀ ਕਤਾਰ ਮਰੀਜ਼ਾਂ ਦੀ ਲੱਗੀ ਹੋਈ ਸੀ। ਉਹ ਵੀ ਪਰਚੀ ਬਣਾਉਣ ਲਈ ਕਤਾਰ ਵਿੱਚ ਜਾ ਲੱਗਾ। ਗਰਮੀ ਨਾਲ ਚਿੱਤ ਕਾਹਲਾ ਪੈਂਦਾ ਸੀ। ਪਰਚੀ ਬਣਾਉਣ ਵਾਲਾ ਵੀ ਬੜਾ ਕਾਹਲਾ ਪਿਆ ਹੋਇਆ ਸੀ। ਦੁਪਿਹਰ ਦਾ ਇੱਕ ਵੱਜ ਗਿਆ ਤੇ ਦੀਪੇ ਦੀ ਵਾਰੀ ਆ ਹੀ ਗਈ। ਪਰਚੀ ਬਣਾਉਣ ਵਾਲਾ ਹਰ ਇੱਕ ਦੇ ਗਲ ਪੈਂਦਾ ਪਿਆ ਸੀ, ਬਾਹਰ ਲੋਕ ਵੀ ਖੜ੍ਹੇ ਕਾਹਲੇ ਪਏ ਹੋਏ ਸਨ। ਉਹ ਪਰਚੀ

ਬਣਾਉਣ ਵੇਲੇ ਪੰਜਾਹ ਪੈਸੇ ਦੀ ਥਾਂ ਰੁਪਿਆ ਹੀ ਬਟੋਰੀ ਜਾ ਰਿਹਾ ਸੀ ।

"ਕੀ ਨਾਂ ਹੈ ਤੇਰਾ...?"

"ਸਾਹਿਬ ਜੀ ਦੀਪ .....।"

"ਪਿਉ ਦਾ ਨਾਮ.....?"

"ਜੀ ਰਾਮ ਸਿੰਘ.....।"

ਪਰਚੀ ਵਾਲੇ ਨੇ ਦੀਪੇ ਦੀ ਪਰਚੀ ਬਣਾ ਦਿੱਤੀ । ਪਰਚੀ ਵਾਲੇ ਬਣੇ ਡਾਕਟਰ ਦੇ ਕਮਰੇ ਵੱਲ ਇਸ਼ਾਰਾ ਕੀਤਾ ।

ਡਾਕਟਰ ਦੇ ਕਮਰੇ ਦੇ ਬਾਹਰ ਵੀ ਕਾਫੀ ਭੀੜ ਜਮ੍ਹਾਂ ਹੋਈ ਸੀ । ਬਿਮਾਰੀ ਨੇ ਦੀਪੇ ਦਾ ਹਾਲ ਬੁਰਾ ਕੀਤਾ ਹੋਇਆ ਸੀ । ਦੂਸਰਾ ਥਕਾਵਟ ਨੇ ਬੜੇ ਵੱਟ ਕੱਢੇ ਹੋਏ ਸਨ । ਭੀੜ ਵਿਚ ਹਰ ਕੋਈ ਇਕ ਦੂਜੇ ਨੂੰ ਮਾਰਨ ਵੱਢਣ ਨੂੰ ਪੈਂਦਾ ਪਿਆ ਸੀ । ਤਕਰੀਬਨ ਬਹੁਤ ਸਾਰੇ ਟੀ. ਬੀ. ਦੇ ਹੀ ਮਰੀਜ਼ ਸਨ । ਇਸ ਤਰ੍ਹਾਂ ਕਾਫੀ ਸਮਾਂ ਬਤੀਤ ਹੋਇਆ । ਇਕ ਬੰਦਾ ਕਮਰੇ ਵਿਚੋਂ ਬਾਹਰ ਆਇਆ ਤੇ ਕਹਿਣ ਲੱਗਾ ।

"ਡਾਕਟਰ ਸਾਹਿਬ ਦਾ ਟਾਇਮ ਖਤਮ ਹੋ ਗਿਆ । ਜਿਹੜੇ ਲੋਕੀ ਕਾਫੀ ਚਿਰ ਤੋਂ ਖੜੇ ਸਨ, ਸਭ ਦੇ ਚਿਹਰੇ ਬੁੱਝ ਗਏ ਪਰ ਸਭ ਬੇਬਸ ਸਨ । ਸਾਰੇ ਹੀ ਮਜਬੂਰ ਇੱਧਰ-ਉਧਰ ਚੱਲੇ ਗਏ ।"

"ਬਾਹਰ ਨਿਕਲਦਿਆਂ ਦੀਪੇ ਵੇਖਿਆ ਕਿ ਬਹੁਤ ਸਾਰੀਆਂ ਦੁਕਾਨਾਂ ਬੰਦ ਹੋ ਚੁੱਕੀਆਂ ਸਨ । ਲੋਕੀ ਕਾਹਲੀ-ਕਾਹਲੀ ਇੱਧਰ-ਉਧਰ ਦੌੜ ਰਹੇ ਸਨ । ਦੀਪਾ ਘਬਰਾ ਗਿਆ ਤੇ ਕਿਸੇ ਤੋਂ ਪੁੱਛਿਆ ਅੱਗੋਂ ਉੱਤਰ ਮਿਲਿਆ ।"

"ਕਿਸੇ ਵੱਡੇ ਲੀਡਰ ਦਾ ਕਤਲ ਹੋ ਗਿਆ ਹੈ । ਇਸ ਕਾਰਨ ਸ਼ਹਿਰ ਵਿੱਚ ਕਾਫੀ ਗੜਬੜ ਹੋ ਗਈ ਹੈ । ਇਸ ਕਾਰਨ ਸ਼ਹਿਰ ਵਿਚ ਕਰਫਿਊ ਲੱਗ ਗਿਆ ।"

"ਇਨ੍ਹੇ ਸਮੇਂ ਵਿਚ ਤਿੰਨ ਸਿਪਾਹੀ ਆਏ ਉਨ੍ਹਾਂ ਵਿਚੋਂ ਇਕ ਸਿਪਾਹੀ ਦੀਪੇ ਨੂੰ ਥੱਪੜ ਮਾਰਦਾ ਹੋਇਆ ਬੋਲਿਆ, "......... ਸਾਲਿਆ ਬਿਜੂੰਆ ਜਿਆ ! ਤੈਨੂੰ ਨਹੀਂ ਪਤਾ ਕਰਫਿਊ ਲੱਗਾ ਹੈ......।" ਦੀਪੇ ਨੂੰ ਅੱਗੋਂ ਕੋਈ ਜਵਾਬ ਨਾ ਆਇਆ । ਸਿਪਾਹੀਆਂ ਨੇ ਉਸਨੂੰ ਅਵਾਰਾਗਰਦੀ ਦੇ ਕੇਸ ਵਿੱਚ ਥਾਣੇ 'ਚ ਬੰਦ ਕਰ ਦਿੱਤਾ ।

ਦੀਪੇ ਵੱਲ ਸਿਪਾਹੀ ਇਸ਼ਾਰਾ ਕਰਦਾ ਹੋਇਆ ਬੋਲਿਆ, ਦੀਪੇ ਨੂੰ ਖਿੱਚ ਕੇ ਬਾਹਰ ਲਿਆਂਦਾ ਗਿਆ ।

"ਤੂੰ ਸਾਡੇ ਵੱਲ ਅੱਖਾਂ ਪਾੜ-ਪਾੜ੍ਹ ਕੇ ਕਿਵੇਂ ਦੇਖ ਰਿਹਾ ਹੈਂ........? ਤੈਨੂੰ

ਬੰਦੇ ਦਾ ਪੁੱਤ ਬਣਾਉਂਦੇ ਹਾਂ.........।" ਪਹਿਲੇ ਸਿਪਾਹੀ ਦੀ ਗੱਲ ਮੁੱਕੀ ਹੀ ਸੀ ਕਿ ਦੂਜੇ ਸਿਪਾਹੀ ਨੇ ਘਸੁੰਨ ਜੜ੍ਹ ਦਿੱਤਾ।"

"ਹਰਾਮਜ਼ਾਦਿਆ ਅਸੀਂ ਤੇਰੇ ਪਿਉ ਦਾ ਕੁੱਝ ਚੁਕਿਆ ਹੈ.........? ਕਿੰਝ ਸਾਡੇ ਵੱਲ ਵੇਖਦਾ ਪਿਆ ਹੈਂ।" ਦੀਪਾ ਅੱਗੇ ਹੀ ਮੁਸੀਬਤ ਦਾ ਮਾਰਿਆ ਸੀ। ਇੱਕ ਬਿਮਾਰੀ ਦੂਜਾ ਜਾਲਮਾਂ ਨੇ ਬੁਰੀ ਤਰ੍ਹਾਂ ਕੁੱਟ ਦਿੱਤਾ। ਉਹ ਦੁੱਖ ਨਾਲ ਉੱਚੀ-ਉੱਚੀ ਰੋਣ ਲੱਗ ਪਿਆ।

ਚੁੱਪ ਉਏ ਖੋਤੇ ਦੇ ਬੱਚਿਆ ...... ! ਕਿੱਦਾਂ ਬੱਚਿਆਂ ਵਾਂਗ ਰੋਂਦਾ ਹੈਂ ....। ਕਹਿੰਦਿਆਂ ਨਾਲ ਹੀ ਸਿਪਾਹੀ ਨੇ ਉਸਦੇ ਖੀਸੇ ਵਿੱਚ ਹੱਥ ਪਾਇਆ। ਉਸਦਾ ਟੁੱਟਾ ਜਿਹਾ ਬਟੂਆ ਕੱਢਿਆ। ਜਿਸ ਵਿੱਚ ਕੁੱਝ ਰੁਪਏ ਸਨ। ਰੁਪਏ ਦੇਖ ਕੇ ਸਿਪਾਹੀਆਂ ਦੀਆਂ ਅੱਖਾਂ ਚਮਕ ਪਈਆਂ।

"ਹਰਾਮਜ਼ਾਦਿਆ ਆਹ ਪੈਸੇ ਕਿੱਥੋਂ ਆਏ ....?" ਸਾਹਿਬ...... ਸਾਹਿਬ ਜੀ......। ਬੱਸ ਇੰਨੇ ਕੁ ਲਫਜ਼ ਉਸਦੇ ਮੂੰਹ ਵਿੱਚੋਂ ਨਿਕਲੇ।

"ਸਿਪਾਹੀਆਂ ਦਾ ਕੰਮ ਹੋ ਗਿਆ। ਬੋਤਲ ਅਤੇ ਖਾਣ-ਪੀਣ ਦਾ ਇੰਤਜਾਮ ਕਰ ਲਿਆ। ਸ਼ਰਾਬ ਪੀਂਦੇ ਰਹੇ ਅਤੇ ਗੱਲਾਂ ਕਰਦਿਆਂ ਰਾਤ ਬੀਤ ਗਈ। ਇੱਕ ਸਿਪਾਹੀ ਫਿਰ ਬੋਲਿਆ, "ਆ ਬਈ ਇੱਧਰ ਆ....।" ਸਿਪਾਹੀ ਕੁੱਝ ਨਰਮ ਹੋ ਕੇ ਬੋਲਿਆ ਦੀਪਾ ਡਰਦਾ-ਡਰਦਾ ਸਿਪਾਹੀ ਕੋਲ ਆਇਆ।

ਸਿਪਾਹੀ ਬੋਲਿਆ, "ਤੈਨੂੰ ਛੱਡ ਦਿੰਦੇ ਹਾਂ.......। ਅੱਗੋਂ ਤੋਂ ਖਿਆਲ ਰੱਖੀਂ.....। ਵੈਸੇ ਅਸੀਂ ਕਿਸੇ ਨੂੰ ਛੱਡਦੇ ਨਹੀਂ ......। ਪਰ ਤੇਰੇ ਤੇ ਤਰਸ ਖਾ ਕੇ ਛੱਡ ਦੇਨੇ ਆਂ।

ਦੀਪਾ ਕੁੱਝ ਨਾ ਬੋਲਿਆ, ਬੱਸ ਸਿਪਾਹੀਆਂ ਵੱਲ ਬਿਟਰ-ਬਿਟਰ ਵੇਖਦਾ ਰਿਹਾ। ਇੱਕ ਸਿਪਾਹੀ ਤੱਤਾ ਹੋ ਕੇ ਬੋਲਿਆ, "ਸਾਡੇ ਵੱਲ ਕੀ ਵੇਖਦਾ ਪਿਆ ਏਂ.......? ਜਾ ਦਫਾ ਹੋ ਜਾ"।

ਡਰਦਾ-ਡਰਦਾ ਦੀਪਾ ਥਾਣੇ ਵਿੱਚੋਂ ਬਾਹਰ ਨਿਕਲ ਗਿਆ ਅਤੇ ਸੋਚਦਾ ਗਿਆ। ਗਰੀਬੀ ਕਿੰਨੀ ਜ਼ਾਲਮ ਹੈ। ਦੀਪੇ ਦੇ ਜਾਣ ਮਗਰੋਂ ਸਿਪਾਹੀ ਖਿੜ-ਖਿੜ ਕੇ ਹੱਸ ਪਏ।



ਹੱਥੀਂ ਜ਼ਹਿਰ ਪੀਣ ਬਰਾਬਰ ਹੈ ਇਹ ਕੰਮ। ਇਸ ਬੱਚੀ ਨੇ ਮਾਸੀ ਵੀ ਬਣਨਾ ਸੀ, ਕਿਸੇ ਦੀ ਭਾਣਜੀ ਵੀ, ਭੂਆ ਵੀ ਤੇ ਭਤੀਜੀ ਵੀ? ਕਿਸੇ ਲਾਲ ਦੀ ਮਾਂ ਵੀ ਬਣਨਾ ਸੀ। ਧੀ ਵਿਆਹ ਕੇ ਕੁੜਮਈ ਦਾ ਰਿਸ਼ਤਾ ਵੀ ਨਿਭਾਉਂਦੀ। ਦੋਹਤਰੀ ਦੇ ਪੈਰਾਂ ਲਈ ਪੰਜੇਬਾਂ ਵੀ ਘੜਵਾਉਂਦੀ। ਵਿਹੜੇ ਵਿੱਚ ਉਂਗਲੀ ਫੜੀ ਪੋਤਰਿਆਂ ਦੀ ਪੈੜ ਨਾਲ ਪੈੜ ਵੀ ਮਿਲਾ ਕੇ ਤੁਰਨਾ ਸਿਖਾਉਣਾ ਸੀ ਦਾਦੀ ਬਣ ਕੇ ।

# ਕੁੱਖ ਤੋ ਕਬਰ ਤੱਕ

ਢੱਲਦੇ ਸੂਰਜ ਦੀ ਲਾਲੀ ਜਿਉਂ ਜਿਉਂ ਰਾਤ ਦੀ ਬੁੱਕਲ ਵਿੱਚ ਸਮੋ ਰਹੀ ਸੀ। ਮੇਰਾ ਬੇਜਾਨ ਸਰੀਰ ਆਪੇ ਤੋਂ ਬਾਅਦ ਜੁਆਬ ਦੇ ਰਿਹਾ ਸੀ। ਅੱਖਾਂ ਬੰਦ, ਹਥੇਲੀਆਂ ਨੂੰ ਭਿਉਂਦੇ ਹੰਝੂ ਰੁਕਣ ਦਾ ਨਾਮ ਨਹੀ ਸਨ ਲੈ ਰਹੇ।

**"ਮਾਰੈ ਰਾਖੈ ਏਕੋ ਆਪਿ ਮਾਨੁਖ ਕੈ ਕਿਛੁ ਨਾਹੀ ਹਾਥਿ॥**

**(ਗੁਰੂ ਗ੍ਰੰਥ ਸਾਹਿਬ 281)**

ਬਾਰ-ਬਾਰ ਬਾਣੀ ਦੀ ਇਹ ਤੁੱਕ ਮੈਨੂੰ ਝੰਜੋੜਦੀ ਅਤੇ ਸਵਾਲ ਕਰਦੀ ਕਿ ਰੱਬ ਦੇ ਅਖਤਿਆਰ, ਇਨਸਾਨ ਨੇ ਆਪਣੇ ਹੱਥ ਕਿਵੇਂ ਲੈ ਲਏ ? ਨਰਸਿੰਗ ਹੋਮ ਵਿੱਚੋਂ ਨਿਕਲਦੇ ਕਦਮ ਘਰ ਦੀ ਬਜਾਏ ਗੁਰਦੁਆਰੇ ਵੱਲ ਨੂੰ ਹੋ ਤੁਰੇ। ਇਹ ਸੋਚ ਕੇ ਪ੍ਰਮਾਤਮਾ ਹਰ ਗੁਨਾਹ ਮੁਆਫ ਕਰ ਦਿੰਦਾ ਹੈ। 'ਕੀ ਰੱਬ ਮੇਰਾ ਗੁਨਾਹ ਬਖਸ਼ ਦੇਵੇਗਾ?'

ਕਾਤਲ ਦਾ ਭਾਗੀਦਾਰ ਵੀ ਕਾਤਲ ਜਿੰਨ੍ਹਾਂ ਗੁਨਹਗਾਰ ਹੁੰਦਾ ਹੈ। ਗੁਰੂ ਘਰ ਵਿੱਚ ਬੈਠੀ ਸਾਂ, ਪਰ ਸੋਚਾਂ ਉਸੇ ਚਾਰ ਦਿਵਾਰੀ ਵਿੱਚ ਗੋਤੇ ਖਾ ਰਹੀਆ ਸਨ। ਪਰਦੇ ਪਿਛੋਂ ਨਰਸ ਦੀ ਅਵਾਜ਼ ਨੇ ਕਦਮਾਂ ਦੀ ਚਾਲ ਥਿਰਕਵੀ ਤੇ ਦਿਲ ਦੀ ਧੜਕਣ ਤੇਜ ਕਰ ਦਿੱਤੀ।

'ਦੇਖ ਲਉ ਬੱਚੀ ਹੈ, ਇਸ ਫਾਰਮ ਤੇ ਸਾਈਨ ਕਰੋ ਹੋਰ ਕਲ ਨੂੰ ਕਹੋ ਕਿ ਮੁੰਡਾ ਸੀ, ਇਹ ਗਵਾਹੀ ਹੈ ਹੋਰ ਕੁੱਝ ਨਹੀ...।'

"ਮੈਂ ਮੁੜ ਕੇ ਦੇਖਿਆ ਮਨਜੀਤ ਕਿਤੇ ਬਾਹਰ ਨਿਕਲ ਗਏ ਸਨ। ਮੈਂ ਪੈੱਨ ਦੀ ਨੋਕ ਵੱਲ ਇਕ ਨਜ਼ਰ ਤੱਕਿਆ। ਇਵੇਂ ਲੱਗਾ ਕਿ ਕਿਸੇ ਖੰਜਰ ਦੀ ਨੋਕ ਖ਼ੂਨ ਰੂਪੀ ਸਿਆਹੀ ਦਾ ਡੋਕਾ ਲਾਈ ਨਰਸ ਵਲੋਂ ਫੜਾਏ ਫਾਰਮ ਤੇ ਮੱਲੋ-ਮੱਲੀ ਸਾਈਨ ਕਰ ਗਈ ਹੋਵੇ।

ਗੁਰਦੁਆਰਿਉਂ ਨਿਕਲ ਕੇ ਮੈਂ ਸਿੱਧਾ ਘਰ ਪਹੁੰਚੀ। ਔਖੇ ਸੌਖੇ ਚੁੱਲੇ ਚੌਂਕੇ ਦਾ ਕੰਮ ਨਿਪਟਾ, ਰਾਤ ਦੀ ਰੋਟੀ ਲੈ ਕੇ

ਫਿਰ ਘਰੋਂ ਨਿਕਲ ਗਈ। ਟਿਫਨ ਬੈੱਡ ਲਾਗਲੇ ਟੇਬਲ ਤੇ ਰੱਖ, ਰੋਟੀ ਲਈ ਪਲੇਟ ਚੁੱਕੀ ਹੀ ਸੀ ਕਿ ਉਹੀ ਦਿਨ ਵਾਲਾ ਚਿਰਮਚੀ ਵਿੱਚ ਮੋਇਆ ਇਨਸਾਨੀ ਬੋਟ ਮੇਰੀ ਰੂਹ ਨੂੰ ਅੰਦਰ ਤੱਕ ਧ੍ਰਿਕਾਰ ਪਾ ਗਿਆ। ਮੇਰੀ ਸਜ਼ਾ ਕੋਈ ਨਹੀ ਸੀ, ਨਾ ਹੀ ਉਹ ਕਾਤਲ ਮਾਂ ਦੀ ਸਜ਼ਾ, ਕਿਉਂਕਿ ਕਾਤਲ ਔਰਤ, ਗਵਾਹ ਔਰਤ ਸਮੇਤ ਕੁੱਖ ਵਿੱਚ ਮਰੀ ਵੀ ਤਾਂ ਇੱਕ ਔਰਤ ਹੀ ਸੀ। ਸੁਰਿੰਦਰ ਦੇ ਹੱਥ ਰੋਟੀ ਦੀ ਪਲੇਟ ਫੜਾ ਮੈਂ ਲਾਗਲੇ ਬੈੱਡ ਤੇ ਲੇਟ ਗਈ। ਰਾਤ ਸੀ ਕਿ ਬੀਤਣ ਦਾ ਨਾਮ ਨਹੀਂ ਸੀ ਲੈ ਰਹੀ। ਕੁੱਤਿਆਂ ਦੀਆਂ ਆਵਾਜ਼ਾਂ ਨੇ ਮੈਨੂੰ ਖਿੜਕੀ ਵੱਲ ਆਉਣ ਲਈ ਮਜ਼ਬੂਰ ਕੀਤਾ। ਪਰਦਾ ਪਾਸੇ ਕਰ ਝਾਤੀ ਮਾਰੀ ਤੇ ਆਪ ਮੁਹਾਰੇ ਭੁੱਬ ਨਿਕਲ ਗਈ ਅਖਬਾਰ ਦੀ ਖਬਰ ਸੱਚ ਹੋ ਨਿਬੜੀ। ਇਨਸਾਨੀ ਬੋਟ ਨੂੰ ਕੁੱਤੇ ਧੂਹ ਰਹੇ ਸਨ। ਮੁੜ ਮੰਜੇ ਤੇ ਆ ਬੈਠੀ। ਹੰਝੂਆਂ ਦੀ ਲੜੀ ਤੇ ਸਵਾਲਾਂ ਦੀ ਝੜੀ ਵਿੱਚ ਉਲਝੀ ਹੋਈ ਨੂੰ ਇੰਝ ਲੱਗਿਆ, ਜਿਵੇਂ ਉਹ ਮੋਈ ਬੱਚੀ ਨਾਲ ਹੀ ਬੈਠੀ ਹੋਵੇ।

ਮਾਂ ਨਾਲ ਰੁੱਸੀ ਤੇ ਮਾਸੀ ਤੋਂ ਪੁੱਛ ਰਹੀ ਹੋਵੇ। 'ਦੱਸੋ ਮੇਰਾ ਗੁਨਾਹ ਕੀ ? ਜੋ ਪ੍ਰਮਾਤਮਾ ਨਾਲ ਮੇਰੀ ਜੁੜੀ ਸੁਰਤ ਨੂੰ ਤੋੜਿਆ। ਨੌਂ ਮਹੀਨੇ ਦੇ ਗਰਭ ਵਿੱਚ ਰਹਿ ਕੇ ਮਾਲਕ ਦੇ ਕੌਤਕ ਦੇਖਣ ਦੀ ਤਮੰਨਾ ਸੀ। ਮਾਲਕ ਦੀ ਗੋਦ ਵਿੱਚੋ ਮਾਂ ਦੀ ਗੋਦ ਵਿੱਚ ਆ ਕੇ ਸ੍ਰਿਸ਼ਟੀ ਨੂੰ ਦੇਖਣ ਦੀ ਮੇਰੀ ਖਾਹਿਸ਼ ਸੀ। ਮੇਰਾ ਕੰਠ ਬੰਦ ਕਰ ਦਿੱਤਾ ਗਿਆ। ਸਭ ਤੋਂ ਪਹਿਲਾਂ ਤੇਰਾ ਨਾ ਹੀ ਆਉਣਾ ਸੀ ਜ਼ੁਬਾਨ ਤੇ "ਮਾਂ" ਬਾਬਲਾ ਲੀਰਾਂ ਦੀਆ ਗੁੱਡੀਆਂ ਪਟੋਲੇ ਬਣਾ, ਤੇਰੇ ਘਰ ਨੂੰ ਸ਼ਿੰਗਾਰਨ ਦੀ ਰੀਝ ਸੀ ਮੇਰੀ। ਅੰਮੀ ਜਾਏ ਵੀਰ ਲਈ ਤਾਂ ਛਾਂ ਸੀ। ਸਾਹਾਂ 'ਚ ਪਰੋਇਆ ਸਾਹ ਤੇ ਸੁੱਖਾਂ-ਦੁੱਖਾਂ ਦੀ ਸਾਂਝੀਵਾਲ ਸਾਂ..।'

ਰੱਬਾ ਮੈਂ ਵੀ ਗੁਨਾਹਗਾਰ ਹਾਂ, ਦੋਸ਼ੀ ਹਾਂ। ਹੱਥੀਂ ਬੱਚਾ ਮਰਵਾ ਕੇ ਕਿਵੇਂ ਸਬਰ ਕਰਾਂ..? ਹੱਥੀਂ ਜ਼ਹਿਰ ਪੀਣ ਬਰਾਬਰ ਹੈ ਇਹ ਕੰਮ। ਇਸ ਬੱਚੀ ਨੇ ਮਾਸੀ ਵੀ ਬਣਨਾ ਸੀ, ਕਿਸੇ ਦੀ ਭਾਣਜੀ ਵੀ, ਭੂਆ ਵੀ ਤੇ ਭਤੀਜੀ ਵੀ? ਕਿਸੇ ਲਾਲ ਦੀ ਮਾਂ ਵੀ ਬਣਨਾ ਸੀ। ਧੀ ਵਿਆਹ ਕੇ ਕੁੜਮਈ ਦਾ ਰਿਸ਼ਤਾ ਵੀ ਨਿਭਾਉਂਦੀ। ਦੋਹਤਰੀ ਦੇ ਪੈਰਾਂ ਲਈ ਪੰਜੇਬਾਂ ਵੀ ਘੜਵਾਉਂਦੀ। ਵਿਹੜੇ ਵਿੱਚ ਉਂਗਲੀ ਫੜੀ ਪੋਤਰਿਆਂ ਦੀ ਪੈੜ ਨਾਲ ਪੈੜ ਵੀ ਮਿਲਾ ਕੇ ਤੁਰਨਾ ਸਿਖਾਉਣਾ ਸੀ ਦਾਦੀ ਬਣ ਕੇ ।

ਪੁੜਪੁੜੀਆਂ ਨੂੰ ਦੋਵੇਂ ਹੱਥੇਲੀਆਂ ਵਿੱਚ ਘੁੱਟ ਸਿਰ ਦਰਦ ਘੱਟ ਕਰਨ ਦੀ ਕੋਸ਼ਿਸ਼ ਕਰ ਰਹੀ ਸਾਂ। ਦਰਦ ਸੀ ਜਾਂ ਮੇਰੇ ਗੁਨਾਹ ਦੀ ਸਜ਼ਾ। ਮੈਂ ਉੱਠੀ ਤੇ ਭੈਣ ਦੇ ਮੰਜੇ ਦੀ ਬਾਹੀ ਤੇ ਬੈਠ ਗਈ। ਨਾ ਚਾਹੁੰਦਿਆਂ ਵੀ ਪੁੱਛ ਬੈਠੀ, 'ਤੁਸੀਂ ਮੈਨੂੰ ਇਸ ਗੁਨਾਹ ਵਿੱਚ ਸ਼ਾਮਿਲ ਕਿਉਂ ਕੀਤਾ? ਜਿਸ ਦੀ ਨਾ ਕੋਈ ਸਜ਼ਾ ਹੈ ਤੇ ਨਾ ਮੁਆਫੀ। ਕੀ ਤੂੰ ਕੁੜੀ ਨਹੀਂ ਸੀ। ਪੁੱਤਾਂ ਵਾਂਗ ਨਹੀ ਪੜੀ? ਮੁੰਡਿਆਂ ਤੋਂ ਵੱਧ ਪਾਕ ਤੇ ਮਜ਼ਬੂਤ

ਸੋਚਾਂ ਲੈ ਕੇ ਸਮਾਜ ਵਿੱਚ ਨਹੀਂ ਸੀ ਵਿਚਰੀ? ਉੱਚੇ ਅਹੁਦੇ ਤੇ ਨਹੀ ਬੈਠੀ ? ਕੀ ਤੁਸੀਂ ਪਿਉ ਦੇ ਵਿਹੜੇ ਦੀ ਰੌਣਕ ਨਹੀਂ ਸੀ...?'

ਮਰਦਾਂ ਤੋਂ ਵੱਧ ਦ੍ਰਿੜ ਇਰਾਦੇ ਸਨ। ਅੱਜ ਸੋਚਾਂ ਵਿੱਚ ਨਿਘਾਰ ਕਿਉਂ ਆਇਆ ? ਭੈਣ ਨੇ ਮੇਰੇ ਹੱਥ ਨੂੰ ਆਪਣੇ ਨਿੱਘੇ ਹੱਥਾਂ ਵਿੱਚ ਘੁੱਟ ਲਿਆ। ਉਸ ਦੀਆ ਭੁੱਬਾਂ ਤੇ ਹੰਝੂਆਂ ਨੇ ਉਸਦੀ ਆਵਾਜ਼ ਨੂੰ ਥਿਰਕਾ ਦਿੱਤਾ ਪਰ ਮੈਂ ਸਮਝਦੀ ਸਾਂ ਉਸਦੀ ਬੋਲੀ। ਕਿਉਂ ਕਿ ਜ਼ਿੰਦਗੀ ਦੇ ਦੁੱਖਾਂ ਦੇ ਥਪੇੜਿਆਂ ਵਿੱਚ ਪਹਿਲਾਂ ਵੀ ਗੱਲ ਲਗ ਰੋਈਆਂ ਸਾਂ।

'ਸੁਰਿੰਦਰ ਦੇ ਅੰਦਰੋ ਇਕ ਕਸਕ ਜਿਹੀ ਉੱਠੀ ਜੋ ਦਰਦ ਅਸੀ ਸੁਣਦੇ ਤੇ ਦੇਖਦੇ ਹਾਂ ਮੇਰੀ ਬਰਦਾਸ਼ਤ ਤੋਂ ਬਾਹਰ ਸਨ। ਧੀਆਂ ਨਾਲ ਪਲ-ਪਲ ਹੁੰਦੇ ਬਲਾਤਕਾਰਾਂ ਨੇ ਮੈਨੂੰ ਕਾਤਲ ਬਣਾ ਦਿੱਤਾ। ਇਹ ਅਖਬਾਰ ਦੀਆਂ ਸੁਰਖੀਆਂ "ਢਾਈ ਮਹੀਨੇ ਦੀ ਬੱਚੀ ਦਾ ਬਲਾਤਕਾਰ, 11 ਸਾਲਾਂ ਦੀ ਮਾਂ ਬਣੀ, ਮੰਦ ਬੁੱਧੀ ਬੱਚੀ ਹੁੰਦੀ ਰਹੀ ਬਲਾਤਕਾਰ ਦਾ ਸ਼ਿਕਾਰ, 70 ਸਾਲਾਂ ਦੀ ਔਰਤ ਨਾਲ ਸਮੂਹਿਕ ਬਲਾਤਕਾਰ। ਅਧਿਆਪਕ ਵਲੋਂ ਸਕੂਲ ਦੀ ਮਾਸੂਮ ਬੱਚੀ ਨਾਲ.....।

ਮੁੱਖ ਦੋਸ਼ੀ ਮਰਦ ਹੈ ਫਿਰ ਵੀ ਦੋਸ਼ੀ ਔਰਤ ਨੂੰ ਹੀ ਸਾਬਤ ਕੀਤਾ ਜਾਂਦਾ ਹੈ। ਮਾਂ ਵਲੋਂ ਪੁੱਤਰ ਦੀ ਹੀ ਚਾਹਣਾਂ ਕਿਉਂ ਕੀਤੀ ਜਾਂਦੀ ਹੈ। ਇਹ ਨਿੱਤ ਦੀਆ ਕੰਬਾਊ ਘਟਨਾਵਾਂ, ਮਰਦ ਅਤੇ ਸਮਾਜ ਪੁੱਤਰ ਤੋਂ ਬਿਨ੍ਹਾਂ, ਔਰਤ ਦਾ ਜਿਊਣਾ ਹਰਾਮ ਕਰ ਦਿੰਦੇ ਨੇ। ਪਿਉ ਬਰਾਬਰ ਉਮਰ ਦੇ ਜਲਾਦ ਪੋਤਰੀ ਦੀ ਉਮਰ ਦੀ ਬਾਲੜੀ ਇੱਜ਼ਤ ਦਾ ਘਾਣ ਕਰਦੇ ਸੁਣਦੇ ਹਾਂ। ਮਾਂ ਦੀ ਉਮਰ ਬਰਾਬਰ ਔਰਤ ਦੀ ਭੁੱਖ ਮਿਟਾਉਣ ਦਾ ਮੁੱਲ ਕਾਲੇ ਨਕਾਬ ਹੇਠਾਂ ਹੁੰਦੇ ਜੁਲਮ ਹਨ। ਰੱਬ ਰੂਪੀ ਡਾਕਟਰ/ਨਰਸਾਂ ਜੋ ਚਿੱਟੇ ਲਿਬਾਸ ਵਿੱਚ ਅਜਿਹੇ ਕਾਤਲ ਬਣ ਜਾਂਦੇ ਹਨ। ਉਹਨਾਂ ਨੂੰ ਕਿਸ ਕਟਿਹਰੇ ਵਿੱਚ ਸਜ਼ਾ ਸੁਣਾਈ ਜਾਂਦੀ ਹੈ? ਮਾਂ ਧੀ ਨੂੰ ਜਨਮ ਦਿੰਦੀ ਹੈ ਕਰਮ ਨਹੀ। ਬੱਸ ਕਰੋ। ਰੱਬ ਦੇ ਵਾਸਤੇ ਬੱਸ ਕਰੋ। ਇਹ ਔਰਤ ਤੇ ਜੁਲਮ। ਮੇਰੇ ਹੀ ਵਿਹੜੇ ਮੇਰੀ ਆਬਰੂ ਸ਼ਰੇ ਬਾਜ਼ਾਰ ਨਿਲਾਮ ਨਾ ਕਰੋ। ਕਿਤੇ ਕਿਸੇ ਨਕਾਬ ਹੇਠਾਂ ਲੁਕਿਆ ਚਿਹਰਾ ਕਿਤੇ ਤੇਰੀ ਹੀ ਆਪਣੀ ਧੀ-ਭੈਣ ਦਾ ਨਾਂ ਹੋਵੇ। ਇੱਕ ਕਤਲ ਦੀ ਸਜ਼ਾ ਮੌਤ ਹੈ, ਲੋਕੋ ਕੁੱਖ'ਚ ਮਰੀ ਬਾਲੜੀ ਦੇ ਗਿਆਰਾਂ ਰਿਸ਼ਤਿਆਂ ਦੀ ਮੌਤ ਹੁੰਦੀ ਹੈ ਪਰ ਕਿਸੇ ਵਿਹੜੇ ਸੱਥ ਨਹੀਂ ਵਿਛਦੀ ਨਾਂ ਕੋਈ ਮਾਤਮ ਹੁੰਦਾ ਹੈ। ਕੋਈ ਹੰਝੂ ਨਹੀ ਕਿਰਦਾ। ਆਉ ਮੇਰੇ ਦਿਲ ਦੇ ਵਿਹੜੇ ਦੀ ਸੱਥ ਤੇ ਇਨ੍ਹਾਂ ਗਿਆਰਾਂ ਕਤਲਾਂ ਦਾ ਮਾਤਮ ਮਨਾ ਲਈਏ। ਖੋਰੇ ਕਦੋਂ ਖਤਮ ਹੋਏਗਾ ਇਹ "ਕੁੱਖ ਤੋਂ ਕਬਰ ਤੱਕ" ਦਾ ਸਫਰ...??



ਫਿਰ ਉਂਝ ਹੀ ਨੀਵੀ ਪਾਈ ਜਮਾਲਦੀਨ ਕਹਿਣ ਲੱਗ ਪਿਆ, 'ਰੌਲਿਆਂ ਵੇਲੇ ਤੁਸੀਂ ਤਾਂ ਗੱਡੇ ਜੋ ਕੇ ਪਹਿਲਾਂ ਚੱਲ ਪਏ ਸਓ। ਰਤਾ ਕੁ ਮਗਰੋਂ ਖ਼ਬਰ ਆਈ ਕਿ ਅਗਿਉਂ ਰੇਲ ਦਾ ਫ਼ਾਟਕ ਬੰਦ ਕਰਕੇ ਲਾਇਲਪੁਰ (ਪਾਕਿਸਤਾਨ) ਦੇ ਤਾਰਿਕਾ ਬਜਾਰ ਵਿੱਚ ਨਬੇ ਕੁ ਗੱਡਿਆਂ ਦੇ ਕਾਫਲੇ ਉੱਤੇ ਚੁਫੇਰਿਉਂ ਗੋਲੀਆਂ ਦਾ ਮੀਂਹ ਵਰ੍ਹਾ ਕੇ, ਡਾਂਗਾਂ, ਸੋਟਿਆਂ, ਬਰਛਿਆਂ ਅਤੇ ਨੇਜਿਆਂ ਨਾਲ ਲੈਸ ਹਜੂਮ ਨੇ 'ਜਾ ਅਲੀ' ਦੇ ਨਾਹਰੇ ਲਾਉਂਦਿਆਂ ਅਨੇਕਾਂ ਬੰਦੇ, ਬੁੱਢੀਆਂ ਅਤੇ ਬੱਚੇ ਮਾਰ ਘੱਤੇ...

# ਖੱਟੀ ਚੁੰਨੀ ਦਾ ਬੋੜ

ਦੀਨ ਈਮਾਨ ਦਾ ਮੁਸਲਮਾਨ, ਸ਼ਕਲੋ-ਸੂਰਤ ਸਿੱਖ ਦੀ ਅਤੇ ਪ੍ਰੋਹਤ ਦੀ ਵਿਚਾਰਗੀ ਦਾ ਮਾਲਕ ਤਰਖਾਣੀ ਕ੍ਰਿਤਕਾਰ ਫ਼ਕੀਰੀ-ਭੇਸ 'ਚ ਬੁੱਢਾ ਮਿਰਾਸੀ ਜਮਾਲਦੀਨ, ਰੂੜੀਆਂ ਤੇ ਚੜ੍ਹ-ਚੜ੍ਹ ਕੇ ਭੌਂਕਦੇ ਕੁੱਤਿਆਂ ਅਤੇ ਕੱਚੀਆਂ ਗਲੀਆਂ ਦੇ ਘੱਟੇ ਵਿੱਚ ਘੱਟਿਉਂ-ਘੱਟੀ ਹੋਏ ਨਿਆਣਿਆਂ ਤੋਂ ਬੱਚਦੇ-ਬਚਾਉਦੇਂ ਡੇਢ ਕੁ ਵਰ੍ਹੇ ਦੀ ਦੌੜ-ਭੱਜ ਪਿਛੋਂ ਆਖਰ ਆਪਣੀ ਮੰਜਲ ਤੇ ਪਹੁੰਚ ਹੀ ਗਿਆ । ਹਸਰਤ ਭਰੀਆਂ ਝੀਣੀਆਂ ਅੱਖਾਂ ਕਈ ਵਾਰ ਮਲੀਆਂ ਤੇ ਸਰਦਾਰਾਂ ਦੇ ਹਵੇਲੀ-ਨੁਮਾਂ ਘਰ ਦੀ ਪੁਰਾਣੀ ਜਹੀ ਇਮਾਰਤ ਵੱਲ ਤੱਕਿਆ । ਪਿੱਛੇ ਪਾਕਿਸਤਾਨ ਵਿਚਲੇ ਘਰ-ਦਰ ਅਤੇ ਇਸ ਇਮਾਰਤ ਵਿੱਚ ਕੋਈ ਬਹੁਤਾ ਅੰਤਰ ਨਾ ਜਾਪਿਆ । ਸੋਚਿਆ, ਕਿ ਇਨ੍ਹਾਂ ਦੇ ਵਡਾਰੂ ਸੱਚ ਹੀ ਕਿਹਾ ਕਰਦੇ ਸਨ ਕਿ ਜਮਾਲ! ਸਿੱਖ ਸਰਦਾਰਾਂ ਦੇ ਇੱਟਾਂ-ਰੋੜਿਆਂ ਦੇ ਘਰ ਨਹੀਂ, ਦਿਲ ਵੱਡੇ ਹੁੰਦੇ ਹਨ, ਦਿਲ ਦਰਿਆ । ਥੋੜਾ ਜਿਹਾ ਅਗਾਂਹ ਹੋਇਆ ਤਾਂ ਵਿਹੜੇ 'ਚ ਦੁੱਧ ਵਰਗੀ ਚਿੱਟੀ ਵਿਛਾਈ ਵਾਲੀ ਸੂਤੜੀ ਦੀ ਮੰਜੀ ਉੱਤੇ ਕੁਰੰਗ ਬਣੀ ਮੁੱਠ ਕੁ ਸੰਤੀ ਨਜ਼ਰੀਂ ਪਈ ਤਾਂ ਬਾਰਡਰ ਪਾਰ ਕਰਨ ਤੋਂ ਬਾਅਦ ਪਹਿਲੀ ਵਾਰ ਇਸਲਾਮੀ ਬੋਲੇ ਵਿੱਚ ਜਮਾਲਦੀਨ ਬੋਲ ਉਠਿਆ, 'ਅੱਲ੍ਹਾ ਖ਼ੈਰ ਔਰ ਬੇੜੇ ਪਾਰ। ਸੁੱਖ ਨਾਲ ਸੰਤੀ ਏਂ'?

ਸੰਤੀ ਨੂੰ ਨਾ ਤਾਂ ਅਵਾਜ਼ ਸੁਣੀ ਤੇ ਨਾ ਹੀ ਪੈਛੜ ਦਾ ਖੜਾਕ । ਜਿਉਂ ਹੀ ਕਿਸੇ ਓਪਰੇ ਬੰਦੇ ਵਲੋਂ ਦਾਦੀ-ਮਾਂ ਦੇ ਨਾਂ ਲੈਣ ਦੀ ਸਰੋਤ ਉਸ ਦੇ ਜੁਆਨ-ਜਹਾਨ ਦਰਸ਼ਨੀ ਪੋਤਰੇ ਦੇ ਕੰਨੀ ਪਈ ਤਾਂ ਉਹ ਬਾਹਰ ਆ ਗਿਆ। ਕੀ ਵੇਖਦਾ ਹੈ ਕਿ ਲੀਰਾਂ-ਕਚੀਰਾਂ ਪਹਿਨੀ ਮੰਗਤਾ ਜਿਹਾ ਵਿਹੜੇ ਵਿੱਚ ਸੰਤੀ ਦੇ ਸਿਰਾਹਣੇ ਖਲੋਤਾ ਹੈ।

'ਕੌਣ ਉਏ ਤੂੰ ?' ਖਾੜਕੂ ਪਰ ਖ਼ਾਨਦਾਨੀ ਦਿਆਲੂ-ਸੁਭਾ ਅਨੁਸਾਰ ਇਸ ਨੇ ਨਫ਼ਰਤ ਵਿਹੂਣਾ ਸਿੱਧਾ ਤੇ ਸਪੱਸ਼ਟ ਪੁੱਛਿਆ ।

'ਸਰਦਾਰੋ ! ਕੀ ਮੈਂ ਬਾਬਾ ਮਲ ਸਿੰਹੁ ਦੀ ਵੰਸ਼ ਦੇ ਘਰ ਖੜ੍ਹਾ ਹਾਂ ? ਬਾਬਾ ਜੀ ਨਾਲ ਸਾਡੀ ਵੀ ਸਾਂਝ ਰਹੀ ਐ । ਅੰਗਰੇਜ਼ੀ ਸਾਮਰਾਜ ਵੇਲੇ ਸਭ ਤੋਂ ਪਹਿਲਾਂ ਇਨ੍ਹਾਂ ਨੇ ਜਦੋਂ ਲੁਧਿਆਣੇ ਦੀ ਮਿਲਟਰੀ ਛਾਉਣੀ ਸਾੜ ਕੇ ਸੁਵਾਹ ਕਰ ਦਿਤੀ ਸੀ ਤਾਂ ਸਾਡਾ ਦਾਦਾ ਵੀ ਨਾਲ ਹੀ ਸੀ । (ਫਿਰ ਹੱਥ ਦੇ ਇਸ਼ਾਰੇ

ਨਾਲ) ਇਹ ਸੰਤੀ ਐ, ਬੰਤੀ ਤੇ ਸੰਤੀ ਦੋ ਭੈਣਾਂ ਸਨ, ਪੁੱਤਰਾ ਆਪਣੇ ਪਿਆਰਾ ਸਿੰਹੁ ਦੀਆ । ਮੈਂ ਬਹੁਤ ਦੂਰੋ ਆਇਆਂ... ਮਿਲਣ ਲਈ' ।

ਉਸ ਦੇ ਨਿਰਝਿਜਕ ਸਿੱਧ-ਪੱਧਰੇ ਜੁਆਬੀ-ਸਵਾਲ ਨੇ ਜਿਵੇਂ ਹਰਮੇਲ ਦੀ ਸਾਰੀ ਸੋਚਣ-ਸ਼ਕਤੀ ਸੁੰਨ ਕਰਕੇ ਰੱਖ ਦਿਤੀ ਹੋਵੇ । ਹਰਮੇਲ ਨੇ ਆਲਾ-ਦੁਆਲਾ ਝਾਕਿਆ ਤੇ ਉੱਚੀ ਦੇਣੀ ਨੌਕਰ ਨੂੰ ਅਵਾਜ ਮਾਰੀ।

'ਓਏ ਜੇਠੂ....ਜੇਠੂ ਓਏ ਛੇਤੀ ਆ...'।

ਨੌਕਰ ਆਇਆ ਤਾਂ ਹੁਕਮ ਕੀਤਾ, 'ਜਾਹ ਏਹਨੂੰ ਪਿੱਛੇ ਮੋਟਰ ਤੇ ਲੈ ਜਾਹ...ਚੰਗੀ ਤਰ੍ਹਾਂ ਨੁਵਾਲ...ਸਾਬਣ ਦੀ ਟਿੱਕੀ ਲੈ ਜਾਈਂ...ਅੰਦਰੋਂ ਮੇਰਾ ਨਵਾਂ ਕੁੜਤਾ-ਪਜਾਮਾ ਲੈ ਲਵੀਂ...ਛੇਤੀ ਕਰ'।

ਅਗਲੇ ਪਲ ਕਬੂਤਰ ਬਣਿਆ ਜਮਾਲਦੀਨ ਵਿਹੜੇ 'ਚ ਸੰਤੀ ਕੋਲ ਅਰਾਮ ਕੁਰਸੀ ਤੇ ਢੋ ਲਾਈ  ਬੈਠਾ ਸੀ। ਪੂਰੇ ਤਿੰਨ ਦਹਾਕਿਆਂ ਬਾਅਦ ਸਰਦਾਰਾਂ ਦੇ ਘਰ ਦਾ ਖਾਣਾ ਖਾਧਾ ਤਾਂ ਓਹਾ ਸੁਆਦ। ਜਮਾਲਦੀਨ ਨੂੰ ਪਕਵਾਨ ਵਿੱਚ ਰੱਤੀ-ਭਰ ਵੀ ਫ਼ਰਕ ਨਹੀਂ ਸੀ ਨਜ਼ਰ ਆਇਆ।

ਹਰਮੇਲ ਆਇਆ ਤਾਂ ਵੇਖਿਆ ਕਿ ਜਮਾਲਦੀਨ ਇਕ ਮੈਲੀ-ਕੁਚੈਲੀ ਪੋਟਲੀ ਕਛੇ ਮਾਰੀ ਬੈਠਾ ਹੈ।

'ਇਹ ਤੇਰੀ ਗੋਦੜੀ ਐ...ਪਰ੍ਹਾਂ ਸੁਟ ਦੇਹ...ਤੈਨੂੰ ਝੋਲਾ ਦੇ ਦੇਂਦੇ ਹਾਂ...ਨਵਾਂ...'।

ਸੁਣਦਿਆਂ ਸਾਰ ਹੀ ਜਮਾਲਦੀਨ ਦੀਆਂ ਅੱਖੀਆਂ'ਚੋਂ ਝਰਨ-ਝਰਨ ਨੀਰ ਵਹਿ ਤੁਰਿਆ। ਰਤਾ ਕੁ ਸੰਭਲਿਆ ਤਾਂ ਕਹਿਣ ਲੱਗਾ, 'ਸਰਦਾਰਾ ! ਇਹੋ ਤਾਂ ਇੱਥੇ ਲੈ ਕੇ ਆਈ ਐ....ਇਸ ਦਾ ਕਰਜ਼ ਉਤਾਰਨ ਆਇਆ ਵਾਂ ਪੁਤਰਾ...ਇਹਨੂੰ ਗੋਦੜੀ ਨ ਜਾਣ...ਮੇਰੀ ਜਾਨ ਐ ਜਾਨ।'

ਭਰਵੇਂ ਹਟਕੋਰੇ ਲੈਂਦਿਆਂ ਹੋਇਆਂ ਜਮਾਲਦੀਨ ਅਜੇ ਵਾਕ ਵੀ ਪੂਰਾ ਨਹੀ ਸੀ ਕਰ ਸਕਿਆ ਕਿ ਬਾਹਰੋਂ ਠੱਕ-ਠੱਕ ਦੀ ਅਵਾਜ ਆਉਣ ਲੱਗ ਪਈ । ਭਾਰੀ ਖੂੰਡੇ ਦੇ ਸਹਾਰੇ ਤੁਰਦਾ ਤੁਰਦਾ ਪਿਆਰਾ ਸਿੰਹ ਵਿਹੜੇ ਆ ਵੜਿਆ ।

ਓਪਰੇ ਵਿਅਕਤੀ ਨੂੰ ਕੁਰਸੀ ਤੇ ਬੈਠਿਆਂ ਵੇਖ ਕੇ ਪਿਆਰਾ ਸਿੰਹ, ਅਜੇ ਐਨਕ ਉੱਚੀ ਕਰਕੇ ਅੱਖਾਂ ਉੱਤੇ ਹੱਥ ਰੱਖਕੇ ਧਿਆਨ ਨਾਲ ਵੇਖਣ ਦੀ ਕੋਸ਼ਿਸ਼ ਹੀ ਕਰਦਾ ਪਿਆ ਸੀ ਕਿ ਜਮਾਲਦੀਨ, ਪਿਆਰਾ ਸਿੰਹੁ ਨੂੰ ਪਛਾਣਦਿਆਂ ਹੀ ਕੁਰਲਾ ਉਠਿਆ, "ਸਤੇ ਖੈਰਾਂ ਮੇਰੇ ਮੌਲਾ ਦੀਆਂ" । ਇੱਕ ਦਮ ਕੁਰਸੀ ਤੋਂ ਹੰਭਲਾ ਮਾਰ ਕੇ

ਉਠ ਖੜਾ ਹੋਇਆ, ਸਤਿਕਾਰ ਵਜੋਂ ਗੋਡੀਂ ਹੱਥ ਲਾਇਆ ਤੇ ਮੈਲੀ-ਕੁਚੈਲੀ ਪੋਟਲੀ ਪਿਆਰਾ ਸਿਹੰ ਦੇ ਹੱਥਾਂ ਵਿੱਚ ਦੇ ਕੇ ਸ਼ੁਕਰਾਨੇ ਵਜੋਂ ਪਰਵਰਦਗਾਰ ਅਗੇ ਅਰਜੋਈ ਕਰਦਿਆ ਆਪਣੇ ਦੋਵੇਂ ਹੱਥ ਉਤਾਂਹ ਚੁੱਕੇ, 'ਅੱਲਾ ਤੇਰਾ ਲੱਖ-ਲੱਖ ਸ਼ੁਕਰ ਐ...ਮੇਰਾ ਬੋਝ ਲੱਥਾ...ਖੱਟੀ ਚੁੰਨੀ ਦਾ ਬੋਝ...ਸੁਰਖ਼ਰੂ ਹੋ ਕੈ ਮਰਸਾਂ ਭਾਏਂ ਅੱਜ ਤੇ ਭਾਏਂ ਕੱਲ'। ਅੱਲ੍ਹਾ ਮੀਆਂ ਤੇਰੀਆਂ ਰਹਿਮਤਾਂ...ਤੇਰੇ ਫ਼ਜ਼ਲ ਕਰਮ ਨਾਲ ਮਿਲਾਪ ਹੋਇਆ, ਬੋਝ ਲੱਥਾ ... ਸ਼ੁਕਰ ਐ...ਦੀਨੇ-ਇਲਾਹੀ...ਲੱਖ ਲੱਖ ਸ਼ੁਕਰ ਐ'।

'ਓ ਜਮਾਲ ਓਏ ! ਤੂੰ ਕਿਵੇਂ ?' ਪਿਆਰਾ ਸਿੰਹ ਨੇ ਪਛਾਣਿਆ ਤੇ ਘੁਟ ਕੇ ਗਲਵਕੜੀ 'ਚ ਲੈ ਲਿਆ । ਉੱਝ ਦੇ ਉੱਝ ਖੜੇ-ਖੜੋਤੇ ਚਿਰੋਕਣਾ-ਚਿਰ ਦੋਵੇਂ ਜ਼ਾਰ ਜ਼ਾਰ ਰੋਂਦੇ ਰਹੇ । ਹੋਰ ਪਤਾ ਨਹੀਂ ਕਿਨਾਂ ਕੁ ਸਮਾਂ ਇੰਞ ਹੀ ਰੋਂਦਿਆ ਧੋਂਦਿਆ ਲੰਘ ਜਾਂਦਾ ਜੇ ਹਰਮੇਲ ਦੋਵਾਂ ਨੂੰ ਬੇਬੇ ਸੰਤੀ ਦੀ ਪੈਂਦ ਵੱਲ ਬੈਠਣ ਦਾ ਸਹਾਰਾ ਨਾ ਦੇਂਦਾ । ਹੁਣ ਤੱਕ ਤਾਂ ਜਮਾਲਦੀਨ ਦੀ ਆਮਦ ਬਾਰੇ ਸੰਤੀ ਵੀ ਭਾਂਪ ਗਈ ਸੀ ਤੇ ਹੱਥ ਨਾਲ ਟੋਹਦੀ-ਟੋਹਦੀ ਨੇ ਜਮਾਲ ਦੇ ਮੋਢੇ ਨੂੰ ਜਾ ਫੜਿਆ । 'ਸੰਤੀਏ ਭੈਣਾ' ਜਮਾਲਦੀਨ ਡਡਿਆ ਕੇ ਸੰਤੀ ਨੂੰ ਚਿੰਬੜ ਗਿਆ। ਚੀਕ-ਚਿਹਾੜਾ ਸੁਣ ਕੇ ਡਾਢੇ ਫਿਕਰਮੰਦ ਹੋਏ ਆਂਢੀ-ਗੁਵਾਂਢੀ ਵੀ ਆਏ ਜ਼ਰੂਰ ਪਰ ਬਿਨ੍ਹਾਂ ਪੁਛ-ਪੜਤਾਲ ਤੋਂ ਉਨ੍ਹੀ ਪੈਰੀਂ ਮੁੜ ਗਏ। ਵਰ੍ਹਿਆਂ ਪਿੱਛੋਂ ਇਹ ਮਿਲਾਪ ਦੀ ਘੜੀ ਏਨ੍ਹੀ ਦੁੱਖ ਭਰੀ ਤੇ ਵੈਰਾਗਮਈ ਸੀ ਕਿ ਅਸਮਾਨ ਵੀ ਰੋਏ ਬਿਨ੍ਹਾਂ ਨਾ ਰਹਿ ਸਕਿਆ । ਵਿਹੜੇ ਵਿਚਲੇ ਦਰਖਤਾਂ ਤੇ ਬੈਠੇ ਜਨੌਰ ਵੀ ਨਮ ਅੱਖੀਆਂ ਨਾਲ ਖਾਮੋਸ਼ ਹੋ ਗਏ ।

ਉੱਥੇ ਦੇ ਉੱਥੇ ਬੈਠਿਆਂ ਪਤਾ ਹੀ ਨਾ ਚੱਲਿਆ ਕਿ ਸੂਰਜ ਕਦੋਂ ਡੁੱਬ ਗਿਆ। ਹੋਲੀ ਹੋਲੀ ਬੋਝਲ ਹੋਏ ਸਰੀਰਾਂ ਨੂੰ ਜਵਾਨੀ ਦੇ ਠੁਮਣੇ ਨਾਲ ਅੰਦਰ ਲਿਜਾਇਆ ਗਿਆ । ਘਰ ਦੀਆਂ ਸੁਆਣੀਆਂ ਚੁੱਲ੍ਹੇ ਵਿੱਚ ਅੱਗ ਬਾਲਣੀ ਵੀ ਭੁੱਲ ਗਈਆਂ । ਹਰ ਕੋਈ ਇਕ-ਦੂਸਰੇ ਵੱਲ ਵੇਖ ਜ਼ਰੂਰ ਲੈਂਦਾ ਪਰ ਬੋਲਦਾ ਕੁਝ ਨਾ । ਕੋਈ ਸੱਜੇ ਤੇ ਕੋਈ ਖੱਬੇ, ਸਾਰਾ ਪਰਿਵਾਰ ਜਮਾਲਦੀਨ ਉਦਾਲੇ ਬੈਠ ਗਿਆ । ਬਹੁੱਤ ਦੇਰ ਬਾਅਦ ਕਬਰਿਸਤਾਨ ਵਰਗੀ ਖ਼ਾਮੋਸ਼ੀ ਤੋੜਦਿਆਂ ਅੰਤ ਪਿਆਰਾ ਸਿੰਹ ਬੋਲਿਆ:

'ਜਮਾਲਦੀਨਾਂ ਸੁਣਾ! ਖ਼ੁਸ਼ੀਆ, ਵਿਸਾਖੀ ਤੇ ਕਲਾਲ ਪੁੱਤਰ ਕਿਵੇਂ ਨੇ ?

'ਬੱਸ ਓ ਸਰਦਾਰਾ ਪਹਿਲੂ ਮੇਰੀ ਸੁਣ ਚਾ! ਹਾ ਤੈਂਡੇ ਹੱਥ 'ਚ ਸਿਰਮੁੰਨੀ 'ਰੱਤੋ' ਦੀ ਚੁੰਨੀ ਐ । ਆਪਣੀ 'ਰੱਤੋ' ਤੇ ਉਹਦੀ ਭੂਆ ਝੰਗ ਵਿੱਚ ਡੁੱਬ ਮੋਈਆਂ......ਕੋਈ ਅਜਾ ਨਹੀਂ ਲੱਗੀ ......ਮੈਂ ਅੱਖੀ ਤੱਕਿਆ ਸੂ '।

ਏਨੇ ਕੁ ਸ਼ਬਦ ਸੁਣਦਿਆਂ ਸਾਰ ਹੀ ਇਕ ਵਾਰ ਫਿਰ ਸਾਰਾ ਪ੍ਰਵਾਰ ਸੁੰਨ ਜਿਹਾ ਹੋ ਗਿਆ । ਵਾਹਵਾ ਚਿਰ ਗੁੰਮ-ਸੁੰਮ ਹੋਇਆਂ ਨੂੰ ਵੇਖ ਕੇ ਜਮਾਲਦੀਨ ਆਪੇ ਹੀ ਬੋਲ ਪਿਆ, 'ਵੰਡ ਤੋਂ ਲੈ ਕੇ ਅੱਜ ਤੋੜੀਂ ਮੈਂ ਜਿਸ ਖਾਤਰ ਮਾਰਾ-ਮਾਰਾ ਫਿਰਨਾ

ਪਿਆ ਵਾਂ ਓਹ ਵਿੱਥਿਆ ਤੇ ਸੁਣ ਲਓ' !

ਫਿਰ ਉਂਝ ਹੀ ਨੀਵੀ ਪਾਈ ਜਮਾਲਦੀਨ ਕਹਿਣ ਲੱਗ ਪਿਆ, 'ਰੌਲਿਆਂ ਵੇਲੇ ਤੁਸੀਂ ਤਾਂ ਗੱਡੇ ਜੋ ਕੇ ਪਹਿਲਾਂ ਚੱਲ ਪਏ ਸਓ। ਰਤਾ ਕੁ ਮਗਰੋਂ ਖ਼ਬਰ ਆਈ ਕਿ ਅਗਿਉਂ ਰੇਲ ਦਾ ਫ਼ਾਟਕ ਬੰਦ ਕਰਕੇ ਲਾਇਲਪੁਰ (ਪਾਕਿਸਤਾਨ) ਦੇ ਤਾਰਿਕਾ ਬਜਾਰ ਵਿੱਚ ਨਬੇ ਕੁ ਗੱਡਿਆਂ ਦੇ ਕਾਫਲੇ ਉੱਤੇ ਚੁਫੇਰਿਉਂ ਗੋਲੀਆਂ ਦਾ ਮੀਂਹ ਵਰ੍ਹਾ ਕੇ, ਡਾਂਗਾਂ, ਸੋਟਿਆਂ, ਬਰਛਿਆਂ ਅਤੇ ਨੇਜਿਆਂ ਨਾਲ ਲੈੱਸ ਹਜੂਮ ਨੇ 'ਜਾ ਅਲੀ' ਦੇ ਨਾਹਰੇ ਲਾਉਂਦਿਆਂ ਅਨੇਕਾਂ ਬੰਦੇ, ਬੁੱਢੀਆਂ ਅਤੇ ਬੱਚੇ ਮਾਰ ਘਤੇ...ਓਹ...ਹੋ.... (ਇੱਕ ਦਰਦ ਭਰਿਆ ਹੌਕਾ ਲੈ ਕੇ) ਉਨ੍ਹਾਂ ਦਾ ਸਾਰਾ ਸਮਾਨ ਲੁੱਟ ਲਿਆ । ਜੋ ਮਾੜੀ ਕਿਸਮਤ ਨਾਲ ਬੱਚ ਗਏ, ਉਨ੍ਹਾਂ ਵਿੱਚੋਂ ਚੁਣ ਚੁਣ ਕੇ ਨੌਜੁਵਾਨ ਕੁੜੀਆਂ ਤੇ ਔਰਤਾਂ ਨੂੰ ਬੰਦੀ ਬਣਾ ਲਿਆ ਗਿਆ । ਇਨ੍ਹਾਂ ਵਿੱਚ ਕੁੱਝ ਮੁੰਡੇ-ਪਿੰਡੀਏ ਮੁਸਲਮਾਨ ਗੁੰਡੇ ਵੀ ਸਨ ਜਿਹੜੇ ਲਾਇਲਪੁਰੋਂ ਦੋ ਔਰਤਾਂ ਸਮੇਤ ਲੁੱਟ ਦੇ ਅਸਬਾਬ ਨਾਲ ਭਰੇ ਦੋ ਗੱਡੇ ਆਪਣੀ ਝੰਗ ਵਾਲੀ ਨਹਿਰ ਤੇ ਬਣੇ 'ਨਿਊ ਵਾਲੇ ਬੰਗਲੇ' ਵਿੱਚ ਲੈ ਆਏ ।

ਪਿੰਡ ਪਤਾ ਲੱਗਣ ਦੀ ਦੇਰ ਸੀ ਕਿ ਮੁੰਡੀਰ ਨੇ ਬੰਗਲੇ ਵੱਲ ਵਹੀਰਾਂ ਘੱਤ ਲਈਆ । ਨਾਲੇ ਬੰਗਲੇ ਵਲੇ ਭੱਜੀ ਜਾਣ ਅਤੇ ਨਾਲੇ 'ਅਲੀ-ਅਲੀ' ਦੇ ਜੈਕਾਰੇ ਛੱਡੀ ਜਾਣ । ਬਿਸ਼ਨਾ ਅਮਲੀ-ਓਹ ਬਚਨ ਸਿੰਹ ਦਾ ਛੜਾ ਭਰਾ, ਜਿਹਨੇ ਤੁਰੇ ਜਾਂਦੇ ਗੱਡੇ ਤੋਂ ਛਾਲ ਮਾਰੀ ਤੇ ਭੱਜ ਕੇ ਲੁਕ ਗਿਆ ਸੀ 'ਅੱਖੇ ! ਮੈਂ ਨੀ ਜਾਣਾ ਏਥੋਂ, ਮਰ ਭਾਏ ਜਾਵਾਂ...' ਮੇਰੇ ਕੋਲ ਆਇਆ ਤੇ ਕਹਿਣ ਲੱਗਾ, 'ਜਮਾਲਿਆ ! ਚੱਲ ਆਪਾਂ ਵੀ ਵੇਖ ਆਈਏ, ਕਾਫਲਾ ਲੁੱਟ ਕੇ ਨਹਿਰ ਤੇ ਬਹੁਤ ਮਾਲ ਆਂਦਾ ਐ ?

ਅਸੀਂ ਬੰਗਲੇ ਪਹੁੰਚੇ ਤੇ ਵੇਖਿਆ ਕਿ ਆਪਣੇ ਪਿੰਡਾਂ ਦੇ 20/25 ਜਣੇ ਖ਼ਰ-ਮਸਤੀਆਂ ਕਰਦੇ ਫਿਰਦੇ ਕਦੇ ਲੁਟ ਕੇ ਲਿਆਂਦੇ ਗੱਡਿਆਂ ਉਦਾਲੇ ਘੁੰਮਣ ਤੇ ਕਦੇ ਰਸੀ ਨਾਲ ਬੰਨ੍ਹ ਕੇ ਬਿਠਾਈਆਂ ਔਰਤਾਂ ਵੱਲ । ਅਗਾਂਹ ਹੋ ਕੇ ਤੱਕਿਆ ਤਾਂ ਓ ਮੇਰੇ ਮੌਲਾ ! ਇਕ ਰੱਤੋ ਸ਼ੰਗਾਰੇ ਦੀ ਕੁੜੀ ਤੇ ਦੂਸਰੀ ਆਪਣੀ ਸੰਤੀ । ਸ਼ਿੰਗਾਰਾ ਸੇਂਹ ਨੂੰ ਤਾਂ ਪਹਿਲਾਂ ਹੀ ਮਾਰ'ਤਾ ਸੀ ਨਾ ਬੰਦੂਕਾਂ ਲੈਣ ਗਏ ਨੂੰ, ਤੇ ਰਤੋ ਨੂੰ ਸੰਤੀ ਲੈ ਗਈ ਸੀ । ਭੂਆ-ਭਤੀਜੀ ਨੇ ਮੈਨੂੰ ਵੇਖ ਤਾਂ ਲਿਆ ਪਰ ਸਿਰ ਉਤਾਂਹ ਨਾ ਚੁੱਕੇ । ਇੱਕ ਵਾਰ ਤੇ ਮੈਂ ਚੱਕਰ ਖਾ ਕੇ ਮਸਾਂ ਡਿੱਗਦਾ ਡਿੱਗਦਾ ਬਚਿਆ ਕਿ ਇਹ ਕੀ ਬਣਿਆ... ਹੁਣ ਕੀ ਹੋਊ ? ਸਰਦਾਰਾ ! ਅੱਲ੍ਹਾ ਦੀ ਕਰਨੀ ਬੱਸ ਇਕ ਦਮ ਯੁਕਤੀ ਸੁੱਝ ਗਈ ।

'ਓਏ ਮੁੰਡਿਓ ! ਏਨ੍ਹਾਂ ਨੂੰ ਜੰਗਲ-ਪਾਣੀ ਤੇ ਜਾਣ ਦਿਓ ? ਖੋਲ੍ਹੋ ਰਸੀਆਂ ਤੇ ਮੇਰੇ ਨਾਲ ਦੋ/ਤਿੰਨ ਕੁ ਚਲੋ ਅੰਦਰ-ਬਾਹਰ ਫੇਰ ਲਿਆਈਏ' ।

ਭੁੱਖਣ-ਭਾਣੀਆਂ ਨਿਢਾਲ ਹੋਈਆਂ ਪਰ ਹੌਸਲੇ ਨਾਲ ਦੋਵੇਂ ਭੂਆ-ਭਤੀਜੀ ਅੱਗੇ-ਅੱਗੇ ਨਹਿਰ ਦੀ ਪਟੜੀ ਤੇ ਲਹਿੰਦੀ ਬਾਹੀ ਵੱਲ ਟੁਰ ਪਈਆਂ ਅਤੇ ਅਸਾਡੇ 'ਚੋਂ

ਕੁੱਝ ਅੱਗੇ ਤੇ ਕੁੱਝ ਪਿੱਛੇ-ਪਿੱਛੇ ਪੈੜ ਦਬਦੇ ਤੁਰਦੇ ਗਏ । ਚਾਲੀ ਕੁ ਕਰਮਾਂ ਚੌੜੀ ਕੰਢਿਆਂ ਉਤੋਂ ਦੀ ਸ਼ੂਕਦੀ ਝੰਗ ਨਹਿਰ ਵੀ ਬੱਚਿਆਂ, ਬੁੱਢਿਆਂ ਤੇ ਜਵਾਨਾਂ ਦੀਆਂ ਮੁਰਗਾਬੀਆਂ ਵਾਂਗ ਤਰਦੀਆਂ ਲਾਸ਼ਾਂ ਨਾਲ ਭਰੀ ਹੋਈ ਵਹਿੰਦੀ ਪਈ ਸੀ । 'ਜਰਾ ਧਿਆਨ ਨਾਲ ਟੁਰਿਉ ! ਇਹਦੇਂ ਵਿੱਚ ਜੇ ਕੋਈ ਡਿੱਗ ਪਏ ਨੇ ਮੁੜ ਬਚਦਾ ਨਹੀਂ ਜੇ'। ਭਾਵੇਂ ਇਹ ਸਾਰਿਆਂ ਨੂੰ ਮੇਰੀ ਦਿਸ਼ਾਹੀਨ ਸਧਾਰਨ ਜਿਹੀ ਚਿਤਾਵਨੀ ਹੀ ਸੀ, ਪਰ ਕੁੜੀਆਂ ਨੂੰ ਖੁੜਕ ਗਈ ।

ਸੰਤੀ ਨੇ ਰੱਤੋ ਦੇ ਹੱਥ 'ਚ ਕੜਿੰਗੜੀ ਪਾ ਕੇ ਖਿੱਦੋ ਵਾਂਗ ਹੱਥਾਂ ਉਦਾਲੇ ਆਪਣੀ ਚੁੰਨੀ ਲਪੇਟਣੀ ਸ਼ੁਰੂ ਕਰ ਲਈ । ਅਚਨਚੇਤ ਦੂਰ ਅੱਗ ਦੇ ਭਾਂਬੜ ਬਲ ਉੱਠੇ ਤਾਂ ਅਸੀਂ ਸਾਰੇ ਉਧਰ ਵੇਖਣ ਲੱਗ ਪਏ ਕਿ ਰੱਤੋ ਤੇ ਸੰਤੀ ਨੇ ਉਚੀ ਦੇਣੀ 'ਸਤਿ ਸ੍ਰੀ ਅਕਾਲ' ਦਾ ਨਾਹਰਾ ਮਾਰਿਆ ਤੇ ਨਹਿਰ 'ਚ ਛਲਾਂਗ ਮਾਰ ਦਿਤੀ । ਭੱਜਿਆਂ ਜਾਂਦਿਆਂ ਰੱਤੋ ਦੀ ਖੱਟੀ ਚੁੰਨੀ ਸਿਰ ਤੋਂ ਉਡ ਕੇ ਝਾੜੀ ਵਿੱਚ ਆ ਫ਼ਸੀ । ਅਜੇ ਮੈਂ ਉਹ ਚੁੰਨੀ ਇੱਕਠੀ ਕਰਦਾ ਹੀ ਪਿਆ ਸਾਂ ਕਿ ਸਾਰੇ ਮੇਰੇ ਉਦਾਲੇ ਹੋ ਗਏ । ਉਹ ਬੁਰਛਿਆਂ ਵਰਗੇ ਤੇ ਮੈਂ ਇੱਕਲਾ । ਗਿੱਦੜ-ਕੁੱਟ ਪਈ ਤਾਂ ਬਹੁਤ ਪਰ ਕਿਵੇਂ ਨਾ ਕਿਵੇਂ ਮੈਂ ਛੁੱਟ ਕੇ ਦੌੜ ਗਿਆ ।

ਪਤਾ ਨਹੀਂ ਉਨ੍ਹਾਂ ਗੁੰਡਿਆਂ ਨੇ ਮਗਰੋਂ ਕੀ ਵਿਉਂਤ ਬਣਾਈ ਹੋਊ, ਪਰ ਜਦੋਂ ਮੈਂ ਤੜਕਸਾਰ ਪਿੰਡ ਆਇਆ ਤਾਂ ਖ਼ੁਸ਼ੀਆ, ਵਿਸਾਖਾ ਤੇ ਕਲਾਲ ਘਰ ਦੇ ਵਿਹੜੇ 'ਚ ਆਲੂਆਂ ਵਾਂਗ ਭੁੱਜੇ ਪਏ ਸਨ, ਬੀਵੀ ਕਿਧਰੇ ਦਿੱਸੀ ਨਹੀਂ, ਸੜ੍ਹਨ ਉਪਰੰਤ ਘਰ ਦਾ ਸਾਰਾ ਸਮਾਨ ਹੋਲੀ-ਹੋਲੀ ਧੁੱਖ ਰਿਹਾ ਸੀ । ਜੇ ਮੇਰੇ ਕੋਲ ਕੁਝ ਬਚਿਆ-ਖੁਚਿਆ ਸੀ ਤਾਂ ਉਹ ਸਿਰਫ 'ਰੱਤੋ ਦੀ ਖੱਟੀ ਚੁੰਨੀ'।

ਕੱਟ-ਵੱਢ ਬਹੁੱਤ ਹੋ ਰਹੀ ਸੀ । ਓਧਰ ਛੱਤੀਆਂ ਪਿੰਡਾਂ ਦੇ ਵਸਿੰਦਿਆਂ ਨੇ ਆਪਣੇ ਬਚਾ ਲਈ ਅੱਠਾਂ-ਅੱਠਾਂ ਪਿੰਡਾਂ ਦੇ ਗਰੁੱਪ ਬਣਾ ਲਏ ਸਨ । ਮੈਂ ਉਸ ਵੇਲੇ ਗੁਰਦਿਆਲ ਸਿੰਹ ਦੇ ਨਾਲ ਸੀ ਜਦੋਂ ਇਨ੍ਹਾਂ ਗਰੁਪ ਲੀਡਰਾਂ ਨੇ ਰਲ ਕੇ ਭਾਦਰੋਂ ਦੀ ਸਤ ਨੂੰ ਮਤਾ ਪਕਾਇਆ ਕਿ ਆਪਣੀਆਂ ਕੁੜੀਆਂ-ਚਿੜੀਆਂ ਦੀ ਇੱਜ਼ਤ-ਆਬਰੂ ਬਚਾਉਣ ਦੀ ਖਾਤਰ, ਲੜਨ-ਭਿੜਨ ਦੀ ਯੋਗਤਾ ਵਾਲੇ ਮਰਦ-ਔਰਤਾਂ ਛੱਡ ਕੇ ਬਾਕੀ ਸਭ ਨੂੰ ਵੱਢ ਦਿਤਾ ਜਾਏ । ਫੈਸਲਾ ਹੋਇਆ ਕਿ 'ਤੂੰ ਮੇਰੇ ਵੱਢ ਸੁੱਟ, ਮੈਂ ਤੇਰੇ ਵੱਢ ਦੇਨਾਂ ? ਪਰ ਇਹ ਸਕੀਮ ਨੇਪਰੇ ਨਾ ਚੜ੍ਹ ਸਕੀ ਕਿਉਂਜੁ ਏਨ੍ਹਾਂ ਦੀ ਹਿਫ਼ਾਜ਼ਤ ਲਈ ਮਿਲਟਰੀ ਪਹੁੰਚ ਗਈ ਸੀ । ਤੁਹਾਨੂੰ ਮਿਲਣ ਲਈ ਇਨ੍ਹਾਂ ਨਾਲ ਹੀ ਬਾਰਡਰ ਤਾਂ ਲੰਘਣਾ ਚਾਹੁੰਦਾ ਸਾਂ ਪਰ ਮਲਟਰੀ ਨੇ ਪਛਾਣ ਕੇ ਮੈਨੂੰ ਪਿਛਾਂਹ ਧੱਕ ਦਿੱਤਾ ਤੇ ਕਾਫਲਾ ਹਿੰਦ ਵੱਲ ਤੁਰ ਗਿਆ । ਵੇਖਿਆ ਕਿ ਹਫੀਆਂ ਹੋਈਆਂ ਜਿਨ੍ਹਾਂ ਮਾਵਾਂ ਤੋਂ ਬੱਚੇ ਨਾ ਚੁੱਕੇ ਜਾਂਦੇ ਉਹ ਵੱਟਾਂ ਤੇ ਬਿਠਾ ਕੇ ਤੁਰ ਗਈਆ । ' ਮਾਂ...ਮਾਂ...' ਵਿਲਕਦਿਆ ਅਵਾਜ਼ਾਂ ਮਾਰਦੇ ਅਜਿਹੇ ਕਈ ਬੱਚਿਆਂ ਨੂੰ ਤੱਕ ਕੇ ਵਡੇਰਿਆਂ ਦਾ ਅਖਾਣ ਰਹਿ ਰਹਿ

ਕੇ ਚੇਤੇ ਆਵੇ , 'ਕਿ ਕਈ ਐਸਾ ਸਮਾਂ ਆਵੇਗਾ ਜਦੋਂ ਮਾਵਾਂ ਨੇ ਪੁੱਤ ਨਹੀਂ ਸੰਭਾਲਣੇ' !

ਮੁੜ ਮੈਂ ਪਿੰਡ ਨਾ ਗਿਆ । ਦਿਲੋ-ਦਿਮਾਗ 'ਚ ਇਕੋ ਗੱਲ ਸਤਾਵੇ ਕਿ ਕਿਧਰੇ ਸੱਬਬ ਬਣੇ ਤਾਂ 'ਖੱਟੀ ਚੁੰਨੀ ਦਾ ਬੋਝ' ਉਤਾਰ ਦੇਵਾਂ । ਅੱਲ੍ਹਾ ਦੀ ਮਿਹਰ ਸਦਕਾ ਮੌਕਾ ਮਿਲਿਆ ਤਾਂ ਹਿੰਦੂ ਮੱਲ ਕੋਟ ਤੋਂ ਬਾਰਡਰ ਲੰਘਿਆ । ਬਸ ਫਿਰ ਕੈਂਚੀ-ਉਸਤਰਾ ਸੁੱਟ ਦਿਤਾ । 'ਨਾਨਕ-ਪੀਰ' ਦੇ ਓਟ ਆਸਰੇ ਤੁਹਾਡੇ ਦਰ ਤੇ ਇਹ ਦੱਸਣ ਲਈ ਪਹੁੰਚ ਗਿਆ ਕਿ ' ਭਰਾਵੋ ! ਮਰਨੀ ਮਰ ਗਈਆ ਪਰ ਰੱਤੋਂ ਤੇ ਸੰਤੀ ਨੂੰ ਅਜਾ ਨਹੀਂ ਲੱਗੀ' ।

ਇਹ ਕਹਿ ਕੇ ਜਮਾਲਦੀਨ ਜਿਉਂ ਜਿਉਂ ਇੱਕ-ਇੱਕ ਕਰਕੇ ਘਸਮੈਲੇ ਪਿੰਨੇ ਦੇ ਪੇਚ ਖੋਲ੍ਹਦਾ ਗਿਆ , ਟਿਕ-ਟਿਕੀ ਲਗਾ ਕੇ ਵੇਂਹਦਾਂ ਸਾਰਾ ਪ੍ਰਵਾਰ ਆਪ ਮੁਹਾਰੇ ਤਿੱਪ-ਤਿੱਪ ਹੰਝੂ ਕੇਰਦਾ ਰਿਹਾ । ਅੰਤ ਨਵਾਬ ਲਿਲਾਰੀ ਦੀ ਰੰਗੀ ਗੋਟੇ ਕਿਨਾਰੀ ਵਾਲੀ 'ਖੱਟੀ ਚੁੰਨੀ' ਵੇਖਦਿਆਂ ਸਾਰਿਆਂ ਦੀਆਂ ਭੁੱਬਾਂ ਹੀ ਨਿਕਲ ਗਈਆਂ । ਇਹ ਤਾਂ ਪਤਾ ਨਹੀਂ ਕਿ ਓਹ ਕਿਨਾਂ-ਚਿਰ ਰੋਂਦੇ ਰਹੇ...ਸਿਸਕੀਆਂ ਲੈਂਦੇ ਰਹੇ ਪਰ ਜਦੋਂ ਓਹ ਮਾੜਾ-ਮੋਟਾ ਸੰਭਲੇ ਤਾਂ ਗੁਰਦੁਆਰੇ 'ਚੋਂ ਅੰਮ੍ਰਿਤ ਵੇਲੇ ਦਾ ਇਹ ਵਾਕ ਸੁਣਾਈ ਦਿਤਾ :

ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸਥੈ ਜਾਇ ਰੂਆਈਐ॥

ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥

(ਅੰਕ : 418)

ਰਾਏ ਬਣੀ ਤਾਂ 'ਚੁੰਨੀ' ਦਾ ਵਿਧੀ-ਪੂਰਵ ਸਸਕਾਰ ਕਰ ਦਿਤਾ ਗਿਆ । ਰੱਬ ਦਾ 'ਭਾਣਾ' ਕਿ ਖੱਟੀ ਚੁੰਨੀ ਦੇ ਬੋਝ ਤੋਂ ਸੁਰਖਰੂ ਹੋ ਕੇ ਜਮਾਲਦੀਨ ਪਲੰਘ ਉਤੇ ਰਤਾ ਕੁ ਲੰਮਾ ਕੀ ਪਿਆ ਕਿ ਪਿਆ ਹੀ ਰਹਿ ਗਿਆ। ਇਸਲਾਮੀ ਰੀਤ ਅਨੁਸਾਰ ਜਮਾਲਦੀਨ ਦੀ ਮ੍ਰਿਤਕ ਦੇਹ ਦੀ ਸਾਂਭ-ਸੰਭਾਲ ਕਰਦਿਆਂ ਕਿਸੇ ਨੇ ਸਰਕਾਰੇ-ਦਰਬਾਰੇ ਚੁਗਲੀ ਮਾਰ ਦਿੱਤੀ ਕਿ ਬਾਰੀਆਂ ਨੇ ਕਿਸੇ ਪਾਕਿਸਤਾਨੀ ਜਸੂਸ ਦੀ ਦੇਹ ਦਫ਼ਨਵਾਈ ਹੈ । ਏਨ੍ਹਾਂ ਤਾਂ ਪਤਾ ਚਲਿਆ ਕਿ ਜਮਾਲਦੀਨ ਦੇ ਮੁਰਦਾ ਸਰੀਰ ਦੀ ਖੇਹ-ਖਰਾਬੀ ਨਹੀਂ ਹੋਣ ਦਿੱਤੀ ਗਈ, ਪਰ ਇਸ ਪ੍ਰਵਾਰ ਨੂੰ ਜੋ ਸੰਤਾਪ ਭੋਗਣਾ ਪਿਆ, ਉਹ ਕਦੇ ਫਿਰ ਲਿਖਿਆ ਜਾਵੇਗਾ ।



ਅੱਜ ਫਿਰ ਜਗਦੀਸ਼ ਸਿੰਘ ਠੇਕੇਦਾਰ, ਸ. ਨਿਰਮਲ ਸਿੰਘ ਦੇ ਘਰ ਗਿਆ ਅਤੇ ਸਾਰੀ ਵਿੱਥਿਆ ਸੁਣਾ ਕੇ ਮਨ ਹੌਲਾ ਕੀਤਾ। ਤੌਖਲਾ ਪ੍ਰਗਟ ਕਰਦੇ ਹੋਏ ਬੋਲਿਆ ਜਗਦੀਸ਼ ਕਹਿਣ ਲੱਗਾ, 'ਨਿਰਮਲ ਭਾਅ ਜੀ! ਮੈਨੂੰ ਤਾਂ ਲੱਗਦਾ ਉਹ ਸਾਰਾ ਗਹਿਣਾ ਗੱਟਾ ਅਤੇ ਪੈਸੇ ਲੈ ਕੇ ਰਫੂ-ਚੱਕਰ ਹੋ ਗਏ ਨੇ ਤੇ ਮੇਰੀ ਧੀ ਨੂੰ ਪਤਾ ਨਹੀਂ ਕਿਤੇ ਮਾਰ ਮੁਕਾ ਹੀ ਨਾ ਗਏ ਹੋਣ...' ਆਖਦਾ ਭੁਬਾਂ ਮਾਰ ਕੇ ਰੋਣ ਲੱਗ ਪਿਆ।

# ਦਿੱਲੀ ਦੂਰ, ਪਰ......!!

ਅੱਜ ਤੜਕੇ ਹੀ ਬਲਬੀਰ ਸਿੰਘ ਦਾ ਸਾਰਾ ਪਰਿਵਾਰ ਲੜਕੀ ਦੇਖਣ ਲਈ ਦਿੱਲੀ ਤੋਂ ਅੰਮ੍ਰਿਤਸਰ ਪੁੱਜ ਗਏ ਸਨ, ਪਹਿਲਾਂ ਇੱਕ ਰਿਸ਼ਤੇਦਾਰ ਸ. ਨਿਰਮਲ ਸਿੰਘ ਦੇ ਘਰ ਠਹਿਰੇ । ਬਲਬੀਰ ਸਿੰਘ ਦੇ ਵੱਡੇ ਬੇਟੇ ਮਨਜੀਤ ਸਿੰਘ ਦੇ ਵਿਆਹ ਨੂੰ ਦੋ ਸਾਲ ਹੋ ਚੁੱਕੇ ਸਨ ਅਤੇ ਪਰਿਵਾਰ ਵੀ ਵਧੀਆ ਮਿਲਿਆ ਸੀ ਅਤੇ ਨੂੰਹ ਜਲੰਧਰ ਦੀ ਸੀ । ਇਸ ਵਾਰ ਉਹ ਆਪਣੇ ਛੋਟੇ ਬੇਟੇ ਸਿਮਰਨਪ੍ਰੀਤ ਲਈ ਅੰਮ੍ਰਿਤਸਰ ਵਿਖੇ ਲੜਕੀ ਦੀ ਭਾਲ ਵਿੱਚ ਆਏ ਸਨ, ਅਤੇ ਜਿੱਥੇ ਉਹ ਠਹਿਰੇ ਸਨ ਉਸ ਪਰਿਵਾਰ ਵਾਲਿਆਂ ਨੇ ਦੋ-ਤਿੰਨ ਲੜਕੀਆਂ ਦੀ ਦੱਸ ਪਾਈ ਹੋਈ ਸੀ । ਸਿਮਰਨਪ੍ਰੀਤ ਨੇ ਐੱਮ.ਬੀ.ਏ ਕੀਤੀ ਹੋਈ ਸੀ ਅਤੇ ਆਪਣੇ ਪਿਤਾ ਜੀ ਨਾਲ 60 ਸਾਲ ਪੁਰਾਣੀ ਮਸ਼ਹੂਰ ਕੰਪਨੀ ਵਿੱਚ ਬਤੌਰ ਐੱਮ.ਡੀ ਕੰਮ ਕਰ ਰਿਹਾ ਸੀ । ਵੇਖਣ ਨੂੰ ਵੀ ਸੋਹਣਾ, ਲੰਬਾ ਉੱਚਾ, ਸੂਰਤ ਅਤੇ ਸੀਰਤ ਦ ਧਨੀ ਸੀ।

ਉਸੇ ਦਿਨ ਸ਼ਾਮ ਤੋਂ ਕੁੜੀਆਂ ਵੇਖਣ ਦਾ ਸਿਲਸਿਲਾ ਸ਼ੁਰੂ ਹੋਇਆ। ਹਰ ਲੜਕੀ ਪਰਿਵਾਰ ਨੇ ਲੜਕੇ ਨੂੰ ਪਸੰਦ ਕੀਤਾ, ਸਲਾਹਿਆ ਪਰ ਰਿਸ਼ਤਾ ਪੱਕਾ ਨਾ ਹੋ ਸਕਿਆ। ਕਿਉਂਕਿ ਜਿਆਦਾਤਰ ਕੁੜੀ ਵਾਲਿਆਂ ਦਾ ਇਹੋ ਕਹਿਣਾ ਸੀ ਕਿ ਦਿੱਲੀ ਦੂਰ ਹੈ ਅਸੀਂ ਏਨੀ ਦੂਰ ਕੁੜੀ ਨਹੀ ਵਿਆਹੁਣੀ। ਆਖਿਰ ਨਿਰਮਲ ਸਿੰਘ ਨੇ ਆਪਣੇ ਇੱਕ ਖਾਸ ਸੱਜਣ ਜਗਦੀਸ਼ ਸਿੰਘ ਠੇਕੇਦਾਰ ਦੀ ਬੇਟੀ ਦੀ ਦੱਸ ਪਾਈ ਅਤੇ ਅਗਲੇ ਦਿਨ ਸਵੇਰੇ ਦਾ ਟਾਈਮ ਲੈ ਲਿਆ । ਸਾਰੀ ਗੱਲਬਾਤ ਹੋਈ, ਵੇਖ-ਵਿਖਾਈ ਤੋਂ ਬਾਅਦ ਉਹਨਾਂ ਦਾ ਜੁਆਬ ਵੀ ਉਹੀ ਪਹਿਲਾਂ ਵਾਲਾ ਆਇਆ ਕਿ ਕੁੜੀ ਇੰਨੀ ਦੂਰ ਨਹੀਂ ਵਿਆਹੁਣੀ ।

ਆਖਿਰ ਲੜਕਾ ਪਰਿਵਾਰ ਤਿੰਨ-ਚਾਰ ਦਿਨ ਦੀ ਭੱਜ ਦੌੜ ਤੋਂ ਬਾਅਦ ਵਾਪਿਸ ਚਲਿਆ ਗਿਆ ।

ਦੋ ਕੁ ਮਹੀਨੇ ਬਾਅਦ ਜਗਦੀਸ਼ ਸਿੰਘ ਠੇਕੇਦਾਰ, ਸ. ਨਿਰਮਲ ਸਿੰਘ ਦੇ ਘਰ ਆਇਆ ਅਤੇ ਗੱਲਾਂ ਵਿੱਚੋਂ ਗੱਲ ਨਿਕਲੀ ਕਿ ਉਹਨਾਂ ਦੀ ਬੇਟੀ ਦੀ ਮੰਗਣੀ ਹੋ ਗਈ ਹੈ ਅਤੇ ਲੜਕੇ ਵਾਲਿਆਂ ਨੇ ਵਿਆਹ ਵੀ ਛੇਤੀ ਮੰਗ ਲਿਆ ਹੈ, ਨਿਰਮਲ ਸਿੰਘ ਕਹਿਣ ਲੱਗਾ, 'ਯਾਰ ਐਨੀ ਕਾਹਲੀ ਕਾਹਦੀ ਏ?' ਤਾਂ

ਜਗਦੀਸ਼ ਨੇ ਦੱਸਿਆ ਕਿ ਮੁੰਡਾ ਅਸਟ੍ਰੇਲੀਆ ਰਿਟਰਨ ਹੈ, ਬੱਸ ਇਸੇ ਕਰਕੇ...।' ਇਹ ਸੁਣ ਕੇ ਨਿਰਮਲ ਸਿੰਹੁ ਹੱਕਾ-ਬੱਕਾ ਰਹਿ ਗਿਆ ਤੇ ਸੋਚਣ ਲੱਗਾ ਕਿ ਮੈਂ ਇੰਨੇ ਭਲੇਮਾਣਸ ਬੰਦਿਆਂ ਦਾ ਰਿਸ਼ਤਾ ਕਰਵਾਉਂਦਾ ਸੀ, ਤਾਂ ਦਿੱਲੀ ਦੂਰ ਹੈ ਦਾ ਬਹਾਨਾ ਬਣਾ ਦਿੱਤਾ, ਪਰ ਆਹ ਅਸਟ੍ਰੇਲੀਆ ਨੇੜੇ ਕਦੋਂ ਦਾ ਹੋ ਗਿਆ....?? ਸੋਚਦਿਆਂ ਹੀ ਉਸਦੇ ਮੂੰਹੋਂ ਨਿਕਲਿਆ ਦਿੱਲੀ ਦੂਰ ਪਰ ਅਸਟਰੇਲੀਆ ਨੇੜੇ, ਪਰ ਤੱਦ ਤੱਕ ਜਗਦੀਸ਼ ਸਿੰਘ ਉਥੋਂ ਜਾ ਚੁੱਕਾ ਸੀ ।

ਤਹਿ ਕੀਤੀ ਤਰੀਕ 'ਤੇ ਵਿਆਹ ਹੋ ਗਿਆ। ਜਗਦੀਸ਼ ਸਿੰਹੁ ਨੇ ਪੂਰੀ ਰੀਝ ਨਾਲ ਕੁੜੀ ਨੂੰ ਵਿਦਾ ਕੀਤਾ। ਕੁੜੀ ਨੂੰ ਸੋਨੇ ਦੇ ਹਾਰਾਂ ਅਤੇ ਹੋਰ ਗਹਿਣਿਆਂ ਨਾਲ ਤੋਲ ਦਿੱਤਾ, ਤੇ ਮੁੰਡੇ ਦੇ ਪਰਿਵਾਰ ਦੀ ਸੇਵਾ ਕਰਨ ਵਿੱਚ ਵੀ ਕੋਈ ਘਾਟ ਨਾ ਛੱਡੀ । ਪਰਿਵਾਰ ਵਿੱਚ ਖੁਸ਼ੀਆਂ ਦੀ ਲਹਿਰ ਚੱਲ ਰਹੀ ਸੀ।

ਪਰ ਇਹ ਖੁਸ਼ੀ ਉਸੇ ਦਿਨ ਤੋਂ ਫਿਕਰ ਵਿੱਚ ਬਦਲ ਗਈ ਜਦੋਂ ਵਾਪਿਸ ਆਸਟ੍ਰੇਲੀਆ ਜਾਣ ਲਗਿਆ ਮੁੰਡੇ ਵਾਲਿਆਂ ਨੇ ਕੁੜੀ ਵਾਲਿਆਂ ਤੋਂ ਕੁੜੀ ਦੀ ਟਿਕਟ ਲੈਣ ਲਈ 1.50 ਲੱਖ ਰੁਪਏ ਦੀ ਮੰਗ ਕੀਤੀ। ਜਗਦੀਸ਼ ਸਿੰਘ ਨੇ ਬਹੁਤ ਤਰਲੇ ਮਿੰਨਤਾਂ ਕੀਤੇ ਪਰ ਉਹ ਅੜੇ ਰਹੇ ਅਤੇ ਮਜਬੂਰੀ ਵੱਸ ਲੋਕ ਲਾਜ ਤੋਂ ਬੱਚਦਿਆਂ ਜਗਦੀਸ਼ ਸਿੰਘ ਦੀ ਘਰਵਾਲੀ ਨੇ ਆਪਣੇ ਗਹਿਣੇ ਵੇਚ ਕੇ ਪੈਸੇ ਦਿੱਤੇ ਅਤੇ ਉਹ ਕੁੜੀ ਨੂੰ ਲੈ ਕੇ ਅਸਟ੍ਰੇਲੀਆ ਉਡਾਰੀ ਮਾਰ ਗਏ ।

ਪਹਿਲਾਂ-ਪਹਿਲ ਤਾਂ 2-3 ਮਹੀਨੇ ਕੁੜੀ ਨਾਲ ਫੋਨ ਤੇ ਗੱਲਬਾਤ ਹੁੰਦੀ ਰਹੀ ਪਰ ਹੁਣ ਗੱਲ ਹੋਇਆਂ ਨੂੰ ਵੀ ਸਾਲ ਤੋਂ ਵੱਧ ਸਮਾਂ ਹੋ ਚੁੱਕਿਆ ਹੈ ।

ਅੱਜ ਫਿਰ ਜਗਦੀਸ਼ ਸਿੰਘ ਠੇਕੇਦਾਰ, ਸ. ਨਿਰਮਲ ਸਿੰਘ ਦੇ ਘਰ ਗਿਆ ਅਤੇ ਸਾਰੀ ਵਿੱਥਿਆ ਸੁਣਾ ਕੇ ਮਨ ਹੌਲਾ ਕੀਤਾ। ਤੌਖਲਾ ਪ੍ਰਗਟ ਕਰਦੇ ਹੋਏ ਬੋਲਿਆ ਜਗਦੀਸ਼ ਕਹਿਣ ਲੱਗਾ, 'ਨਿਰਮਲ ਭਾਅ ਜੀ! ਮੈਨੂੰ ਤਾਂ ਲੱਗਦਾ ਉਹ ਸਾਰਾ ਗਹਿਣਾ ਗੱਟਾ ਅਤੇ ਪੈਸੇ ਲੈ ਕੇ ਰਫੂ-ਚੱਕਰ ਹੋ ਗਏ ਨੇ ਤੇ ਮੇਰੀ ਧੀ ਨੂੰ ਪਤਾ ਨਹੀਂ ਕਿਤੇ ਮਾਰ ਮੁਕਾ ਹੀ ਨਾ ਗਏ ਹੋਣ...' ਆਖਦਾ ਭੁਬਾਂ ਮਾਰ ਕੇ ਰੋਣ ਲੱਗ ਪਿਆ।

ਆਖਿਰ ਦੋਹਾਂ ਨੇ ਪੁਲਿਸ ਦਾ ਸਹਾਰਾ ਲਿਆ ਅਤੇ ਸ਼ਿਕਾਇਤ ਦਰਜ ਕਰਵਾਈ ਤਾਂ ਤਿੰਨ ਮਹੀਨੇ ਦੀ ਕਾਰਵਾਈ ਤੋਂ ਬਾਅਦ ਲੜਕੀ ਨੂੰ ਰਾਜਸਥਾਨ ਤੋਂ ਬਰਾਮਦ ਕੀਤਾ ਗਿਆ, ਜਿੱਥੇ ਉਹ ਲੁਕ-ਛਿਪ ਕੇ ਰਹਿ ਰਹੀ ਸੀ। ਘਰ ਆ ਕੇ ਕੁੜੀ ਨੇ ਸਾਰਾ ਹਾਲ ਦੱਸਿਆ ਕਿ ਸਹੁਰੇ ਪਰਿਵਾਰ ਨੇ ਉਸ ਕੋਲੋਂ ਸਾਰੇ ਗਹਿਣੇ, ਪੈਸੇ ਆਦਿ ਖੋਹ ਕੇ ਉਸਨੂੰ ਵੇਚ ਦਿੱਤਾ ਸੀ ਜਿੱਥੋਂ ਉਹ ਜਾਨ ਬਚਾਉਂਦੀ ਭੱਜ ਨਿਕਲੀ, ਪਰ ਅੱਗੋਂ ਫਿਰ ਕਿਸੇ ਹੋਰ ਗਿਰੋਹ ਨੇ ਫੜ੍ਹ ਲਿਆ ਪਰ ਕਿਸੇ ਤਰ੍ਹਾਂ ਬੱਚਣ ਤੋਂ ਬਾਅਦ ਰਾਜਸਥਾਨ ਵਿੱਚ ਲੁਕ ਛਿਪ ਕੇ ਰਹਿ ਰਹੀ ਸੀ, ਮਾਂ-ਬਾਪ ਦੀ ਨੱਕ ਦੀ ਖਾਤਿਰ ਉਹ ਵਾਪਿਸ ਨਾ

ਆਈ ।

ਇਹ ਸੱਭ ਸੁਣ ਕੇ ਨਿਰਮਲ ਸਿੰਘ ਨੇ ਜਗਦੀਸ਼ ਸਿੰਘ ਨੂੰ ਸਮਝਾਇਆ ਕਿ ਅਕਸਰ ਅਸੀਂ ਲੋਕ ਲਾਲਚ ਜਾਂ ਸਮਾਜਿਕ ਰੁਤਬੇ ਦੇ ਨਸ਼ੇ ਵਿੱਚ ਆਪਣੇ ਧੀਆਂ-ਪੁੱਤਰਾਂ ਦੇ ਸਾਕ ਕਰਨ ਵੇਲੇ ਕਾਹਲੀ ਕਰ ਲੈਂਦੇ ਹਾਂ। ਵਿਦੇਸ਼ਾਂ ਦੀ ਚਕਾਚੌਂਧ ਸਾਨੂੰ ਅੰਨ੍ਹਿਆਂ ਕਰ ਦਿੰਦੀ ਹੈ । ਇਹ ਨਹੀਂ ਕਿ ਹਰੇਕ ਨਾਲ ਇੱਦਾਂ ਹੀ ਹੋਵੇ, ਪਰ ਫਿਰ ਵੀ ਸਾਨੂੰ ਰਿਸ਼ਤੇ ਕਰਨ ਲੱਗਿਆਂ ਲਾਲਚ ਰਹਿਤ ਹੋਣਾ ਚਾਹੀਦਾ ਹੈ, ਅਤੇ ਖਾਨਦਾਨ ਅਤੇ ਪਰਿਵਾਰ ਦਾ ਪਿਛੋਕੜ ਵੇਖਣ ਨੂੰ ਪਹਿਲ ਦੇਣੀ ਚਾਹੀਦੀ ਹੈ ।

ਇਹ ਗੱਲਾਂ ਸੁਣ ਕੇ ਦਿੱਲੀ ਅਤੇ ਅਸਟ੍ਰੇਲੀਆ ਵਿਚਲੀ ਦੂਰੀ ਮਾਪਦਾ ਜਗਦੀਸ਼ ਆਪਣੇ ਰਾਹੀਂ ਪਿਆ, ਅਤੇ ਧੀ ਦੀ ਸੁਖ ਸਾਂਦ ਮੰਗਦਾ ਘਰ ਵੱਲ ਨੂੰ ਚੱਲ ਪਿਆ ।



ਜਦ ਤਰਲੋਕ ਇਹ ਸੱਭ ਬੋਲ ਰਿਹਾ ਸੀ ਤਾਂ ਮੁੰਡੇ ਵਾਲੇ, ਸੱਭ ਰਿਸ਼ਤੇਦਾਰਾਂ ਅਤੇ ਨਾਲ ਗਏ ਸੱਜਣਾਂ ਦੇ ਪੈਰੋਂ ਜ਼ਮੀਨ ਹੀ ਖਿਸਕ ਗਈ, ਕਿ ਇਹ ਕੁੜੀ ਦਾ ਪਿਉ ਕਿਹੜੇ ਵਿਆਹ ਦੀ ਗੱਲ ਕਰ ਰਿਹਾ ਹੈ ਤੇ ਕਿਹੜੇ ਦਾਜ ਦੀ ਗੱਲ ਕਰ ਰਿਹਾ ਹੈ ? ਜਦਕਿ ਅਸੀਂ ਸੱਭ ਵਿਆਹ ਵਿੱਚ ਸ਼ਾਮਿਲ ਸੀ ਦਾਜ ਦੀ ਇੱਕ ਸੂਈ ਤੱਕ ਨਹੀਂ ਲਈ ਗਈ ਤਾਂ ਇਹ ਦਾਜ ਕਦੋਂ ਅਤੇ ਕਿਸ ਰਸਤਿਉਂ ਮੁੰਡੇ ਵਾਲੇ ਦੇ ਘਰ ਪੁੱਜ ਗਿਆ, ਜੇ ਪੁੱਜ ਵੀ ਗਿਆ ਤਾਂ ਕਿਸੇ ਨੂੰ ਨਜ਼ਰ ਕਿਉਂ ਨਹੀਂ ਆਉਂਦਾ ?

# ਤਲਾਕ

ਸੁਣ ਜੀਤੋ ! 'ਕਿਉਂ ਨਾ ਆਪਾਂ ਆਪਣੀ ਮਨੀ ਦਾ ਰਿਸ਼ਤਾ ਓਹ ਲੁਧਿਆਣੇ ਵਾਲੇ ਮੁੰਡੇ ਸ਼ੁੱਭਨੂਰ ਨਾਲ ਕਰ ਦੇਈਏ ? ਖਾਨਦਾਨ ਵੀ ਚੰਗਾ ਹੈ, ਕਿਸੇ ਤਰ੍ਹਾਂ ਦੀ ਭੁੱਖ ਨਹੀਂ ਹੈ, ਰੱਜਿਆ-ਪੁੱਜਿਆ ਪਰਿਵਾਰ ਹੈ, ਨਾਲੇ ਪਿਛਲੇ ਲੰਮੇ ਸਮੇਂ ਤੋਂ ਜਾਣ-ਪਹਿਚਾਣ ਵੀ ਚੰਗੀ ਬਣੀ ਹੋਈ ਹੈ ਆਪਣੀ ਉਹਨਾਂ ਨਾਲ'....।

'ਖਿਆਲ ਤਾਂ ਵਧੀਆ ਹੈ, ਪਰ ਮਨੀ ਦੇ ਬਾਪੂ ਅੱਜ ਕੱਲ੍ਹ ਗੱਲ ਸਿਰਫ ਦੋ ਪਰਿਵਾਰਾਂ ਦੇ ਮੰਨਣ ਨਾਲ ਨਹੀਂ, ਬਲਕਿ ਕੁੜੀ-ਮੁੰਡੇ ਦੀ ਵੀ ਮਰਜ਼ੀ ਹੋਵੇ ਤਾਂ ਹੀ ਬਣਦੀ ਹੈ । ਜ਼ਮਾਨਾ ਬੜਾ ਅੱਗੇ ਵੱਧ ਗਿਐ ਹੁਣ, ਉਦਾਂ ਮੁੰਡਾ ਤਾਂ ਮੈਨੂੰ ਵੀ ਪਸੰਦ ਹੈ, ਹੱਸਮੁੱਖ ਸੁਭਾਅ ਅਤੇ ਵਧੀਆ ਪੜ੍ਹਾਈ ਲਿਖਾਈ ਨਾਲ ਸਕੂਲ ਵਿੱਚ ਬਤੌਰ ਅਧਿਆਪਕ ਨੌਕਰੀ ਕਰ ਰਿਹਾ ਹੈ । ਹੈ ਵੀ ਅਤਿ ਦਰਜੇ ਦਾ ਸ਼ਰੀਫ ਨਾਲੇ ਸੋਹਣਾ ਸਰਦਾਰ ਮੁੰਡਾ ਹੈ ।' ਜੀਤ ਕੌਰ ਬੋਲੀ ।

ਤਾਂ ਹੀ ਤਾਂ ਮੇਰੇ ਮਨ ਵਿੱਚ ਖਿਆਲ ਆਇਆ ਜੀਤੋ ! ਨਾਲੇ ਇੱਕ ਧੀ ਦਾ ਬੋਝ ਸਿਰੋਂ ਲੱਥ ਜਾਊ ਤੇ ਜਿੱਥੋਂ ਤੱਕ ਮੈਂ ਜਾਣਦਾ, ਉਹਨਾਂ ਨੇ ਚਾਰ ਕਪੜਿਆਂ ਵਿੱਚ ਹੀ ਕੁੜੀ ਲੈ ਜਾਣੀ ਹੈ, ਬੱਸ ਰੱਬ ਕਰੇ ਆਪਣੀ ਸਕੀਮ ਚੱਲ ਜਾਵੇ । ਮੈਂ ਕੱਲ ਜਾਣਾ ਲੁਧਿਆਣੇ, ਗੱਲਾਂ ਵਿੱਚ ਗੱਲ ਕਰੂੰ, ਜੇ ਕੋਈ ਹੁੰਗਾਰਾ ਮਿਲਿਆ ਤਾਂ....।'

ਸ਼ੁੱਭਨੂਰ ਗ੍ਰੈਜੂਏਸ਼ਨ ਤੋਂ ਬਾਅਦ ਮਾਨਤਾ ਪ੍ਰਾਪਤ ਸਕੂਲ ਵਿੱਚ ਚੰਗੀ ਨੌਕਰੀ ਕਰ ਰਿਹਾ ਸੀ ਅਤੇ ਨਾਲ ਅਗਲੇਰੀ ਪੜ੍ਹਾਈ ਵੀ ਜਾਰੀ ਰੱਖੀ ਹੋਈ ਸੀ । ਇੱਕ ਉਸਦਾ ਛੋਟਾ ਭਰਾ ਸੀ ਅਤੇ ਭੈਣ ਕੋਈ ਨਾ ਸੀ । ਉਹ ਕਈ ਵਾਰ ਮਨਪ੍ਰੀਤ ਕੌਰ (ਮਨੀ) ਹੁਣਾਂ ਦੇ ਘਰ ਗਿਆ ਹੋਇਆ ਸੀ ਤੇ ਉਹ ਵੀ ਕਈ ਵਾਰ ਕਿਸੇ ਨਾ ਕਿਸੇ ਕੰਮ ਲਈ ਸ਼ੁੱਭਨੂਰ ਦੇ ਘਰ ਆਈ ਹੋਈ ਸੀ । ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਆਪਸ ਵਿੱਚ ਕੁੱਝ ਪਰਿਵਾਰਕ ਸਬੰਧ ਵੀ ਸਨ ।

ਅੱਜ ਸ਼ਾਮੀਂ ਜਦ ਸਕੂਲ ਤੋਂ ਸ਼ੁੱਭਨੂਰ ਵਾਪਿਸ ਆਇਆ ਤਾਂ ਉਸਦੇ ਮਾਂ-ਬਾਪ ਨੇ ਦੱਸਿਆ ਕਿ, 'ਅੱਜ ਤਰਲੋਕ ਸਿੰਘ ਹੁਰੀਂ ਘਰ ਆਏ ਸੀ ਤੇ ਗੱਲਾਂ-ਗੱਲਾਂ ਵਿੱਚ ਤੇਰਾ ਰਿਸ਼ਤਾ

ਆਪਣੀ ਮਨੀ ਲਈ ਮੰਗਦੇ ਸਨ ਫਿਲਹਾਲ ਅਸੀਂ ਗੱਲ ਟਾਲ ਦਿੱਤੀ ਹੈ, ਤੂੰ ਆਪਣੀ ਗੱਲ ਵੀ ਦੱਸ ਦੇ ਤੇਰਾ ਕੀ ਇਰਾਦਾ ਹੈ ? ਕੁੜੀ ਤਾਂ ਉਸ ਤਰ੍ਹਾਂ ਸਾਨੂੰ ਬਹੁਤ ਪਸੰਦ ਹੈ, ਸੋਹਣੀ ਸੁਨੱਖੀ ਤੇ ਸਰੂ ਜਿਹੇ ਕੱਦ ਵਾਲੀ, ਬੜੀ ਹੀ ਪਿਆਰੀ ਜਿਹੀ ਹੈ, ਬੋਲ ਬਾਣੀ ਵੀ ਸੋਹਣਾ ਉਸਦਾ, ਨਾਲੇ ਪਰਿਵਾਰ ਵੀ ਚੰਗਾ ਹੀ ਹੈ ਆਉਣ ਜਾਣ ਤਾਂ ਬਣਿਆ ਹੀ ਹੋਇਆ ਆਪਣਾ ਪਿਛਲੇ 1-2 ਸਾਲਾਂ ਤੋਂ, ਬੰਦੇ ਵੀ ਠੀਕ ਨੇ, ਨਾਲੇ ਆਪਾਂ ਕਿਹੜਾ ਉਹਨਾਂ ਕੋਲੋਂ ਕੁੱਝ ਲੈਣਾ ਹੈ? ਨਾਲੇ ਪਹਿਲਾ ਰਿਸ਼ਤਾ ਆਇਆ ਹੈ ਨਾਂਹ ਕਾਹਨੂੰ ਕਰਨੀ ਹੈ ?'

ਸ਼ੁੱਭਨੂਰ ਵਿੱਚੋਂ ਹੀ ਟੋਕਦਿਆਂ ਬੋਲਿਆ, 'ਤੁਸੀਂ ਮੇਰੇ ਉੱਪਰ ਆਪਣਾ ਫੈਸਲਾ ਦੱਸ ਰਹੇ ਹੋ ਜਾਂ ਮੇਰੇ ਕੋਲੋਂ ਮੇਰੀ ਮਰਜ਼ੀ ਪੁੱਛ ਰਹੇ ਹੋ ? ਹੱਦ ਹੋ ਗਈ, ਨਾ ਜਾਣ ਨਾ ਪਹਿਚਾਣ, ਵਿਆਹ ਤੁਸੀਂ ਕਰਵਾਉਣਾ ਜਾਂ ਮੈਂ? ਉਸਦੀਆਂ ਤਾਰੀਫਾਂ ਕਰੀ ਜਾ ਰਹੇ ਹੋ ਤੁਹਾਡੇ ਮੁੰਡੇ 'ਚ ਕਿਹੜਾ ਕੋਈ ਕਮੀ ਹੈ (?) ਜੋ ਪਹਿਲਾਂ ਰਿਸ਼ਤਾ ਆਇਆ ਹੈ । ਹੋਰ ਕਈ ਆਉਣਗੇ ਅਜੇ....।' ਮੈਨੂੰ ਪਹਿਲਾਂ ਹੀ ਇੱਕ ਕੁੜੀ ਪਸੰਦ ਹੈ ਤੇ ਤੁਸੀਂ ਵੀ ਉਸਨੂੰ ਜਾਣਦੇ ਹੋ ਚੰਗੀ ਤਰ੍ਹਾਂ, ਜਿਨ੍ਹੀਆਂ ਖੂਬੀਆਂ ਮਨੀ ਦੀਆਂ ਦੱਸ ਰਹੇ ਹੋ ਉਸ ਤੋਂ ਵੱਧ ਨੂਰਪ੍ਰੀਤ ਕੌਰ ਵਿੱਚ ਨੇ.....।

"ਤੇਰਾ ਦਿਮਾਗ ਤਾਂ ਨਹੀਂ ਖਰਾਬ, ਉਹ ਪ੍ਰੀਤ ਦੀ ਗੱਲ ਕਰ ਰਿਹਾ ਤੂੰ ? ਜਿਸਦਾ ਬਾਪ ਵੀ ਆਪਣੀ ਕਮਾਈ ਘਰ ਨਹੀਂ ਦਿੰਦਾ, ਚਾਰ ਧੀਆਂ ਨੇ ਉਹਨਾਂ ਦੀਆਂ ਇੱਕ ਉਹਨਾਂ ਮਸੀਂ ਵਿਆਹੀ, ਰਿਸ਼ਤੇਦਾਰਾਂ ਨੇ ਵਿਆਹ ਕੀਤਾ ਸੀ ਉਸਦਾ, ਨਾਲੇ ਉਸਦੀ ਜਾਤ ਵੀ ਹੋਰ ਹੈ, ਤੇ ਹੈ ਵੀ ਪਿਛਲੇ ਮੁਹੱਲੇ ਦੀ । ਥੂ-ਥੂ ਕਰਵਾਉਣੀ ਸਾਡੀ ? ਕੋਈ ਮਾਂ-ਬਾਪ ਦੀ ਇੱਜ਼ਤ ਦਾ ਖਿਆਲ ਵੀ ਹੈਗਾ ਕਿ ਨਹੀਂ ? ਪੜ੍ਹਾਈ ਲਿਖਾਈ ਨੂੰ ਖੂਹ ਵਿੱਚ ਪਾ ਦਿੱਤਾ ਈ, ਆਹ ਗੱਲ ਕਰਕੇ.." ਬਲਬੀਰ ਕੌਰ ਲਗਾਤਾਰ ਬੋਲੀ ਜਾ ਰਹੀ ਸੀ ।

ਮੰਮੀ ਤੁਸੀਂ ਸਿਰਫ ਉਸਦੀਆਂ ਉਹ ਬੁਰਾਈਆਂ ਕਰ ਰਹੇ ਹੋ ਜੋ ਉਸਦੀਆਂ ਨਾ ਹੋ ਕੇ ਉਸਦੇ ਪਰਿਵਾਰ ਦੀਆਂ ਹਨ, ਵਿਆਹੀ ਤਾਂ ਉਸਨੇ ਵੀ ਜਾਣਾ ਈ ਹੈ, ਜੇ ਆਪਣੇ ਘਰ ਆ ਜਾਉਗੀ ਤਾਂ ਜੋ ਸੁੱਖ ਮਾਤਾ ਉਹ ਤੈਨੂੰ ਦੇ ਦੇਵੇਗੀ ਉਹ ਕਿਸੇ ਹੋਰ ਨੇ ਨਹੀਂ ਦੇਣਾ, ਕਦੀ ਉਸਨੂੰ ਆਪਣੇ ਘਰ ਪ੍ਰਤੀ ਨਿਭਾਉਂਦੀ ਹੋਈ ਜਿੰਮੇਵਾਰੀਆਂ ਨੂੰ ਨਹੀਂ ਦੇਖਿਆ, ਕਿਸ ਤਰ੍ਹਾਂ ਉਹ ਆਪਣੇ ਪਰਿਵਾਰ ਪ੍ਰਤੀ ਸੰਜੀਦਾ ਹੈ, ਮਿਹਨਤੀ ਹੈ ਪਿਉ ਦੇ ਬਰਾਬਰ ਕੰਮ ਕਰਦੀ ਹੈ, ਸਹਿਨਸ਼ੀਲ ਹੈ, ਸਿਆਣੀ, ਸੂਝਵਾਨ ਅਤੇ ਅਪਣੱਤ ਵਾਲੀ ਕੁੜੀ ਹੈ । ਮੈਂ ਇਹ ਨਹੀਂ ਕਹਿੰਦਾ ਮਨੀ ਬੁਰੀ ਹੈ, ਪਰ ਉਹਨਾਂ ਦੋਹਾਂ ਵਿੱਚ ਫਰਕ ਜ਼ਰੂਰ ਹੈ ।

ਤੁਸੀਂ ਦੋਵੇਂ ਚੁੱਪ ਕਰਦੇ ਕਿ ਨਹੀਂ, ਰੌਲਾ ਪਾਇਆ ਵਿੱਚੋਂ ਹੀ ਸ਼ੁੱਭ ਦੇ ਪਾਪਾ ਬੋਲੇ, ਗੱਲ ਅਜੇ ਕੋਈ ਬਣੀ ਨਹੀਂ ਤੇ ਤੁਸੀਂ ਆਪਣੇ ਘਰ ਕਲੇਸ਼ ਪਾ ਕੇ ਬਹਿ ਗਏ ਹੋ। ਇਸ ਵਿਸ਼ੇ ਤੇ ਹੁਣ ਕੋਈ ਗੱਲ ਨਹੀਂ ਹੋਣੀ ਚਾਹੀਦੀ ।

ਉੱਧਰ ਵਾਪਸ ਘਰ ਪੁੱਜ ਕੇ ਤਰਲੋਕ ਨੇ ਉਦਾਸ ਹੁੰਦਿਆ ਕਿਹਾ ਕਿ, 'ਜੀਤ ਕੁਰੇ, ਗੱਲਾਂ ਵਿੱਚ ਮੈਂ ਆਪਣੀ ਮਨੀ ਦੀ ਗੱਲ ਸ਼ੁੱਭਨੂਰ ਲਈ ਕਰ ਤਾਂ ਆਇਆ ਤੇ ਉਹਨਾਂ ਦੇ ਚਿਹਰੇ ਤੋਂ ਲੱਗ ਰਿਹਾ ਸੀ ਕਿ ਉਹਨਾਂ ਵੱਲੋਂ 'ਹਾਂ' ਹੀ ਹੈ, ਪਰ ਉਹ ਗੱਲ ਨੂੰ ਟਾਲ ਜਿਹਾ ਗਏ ਨੇ....।'

'ਉਹ ਤਾਂ ਕੋਈ ਗੱਲ ਨਹੀਂ ਮਨੀ ਦੇ ਬਾਪੂ ਜੀ, ਮੈਂ ਤੁਹਾਨੂੰ ਚੰਗੀ ਤਰ੍ਹਾਂ ਜਾਣਦੀ ਹਾਂ, ਗੱਲ ਤਾਂ ਤੁਸੀਂ ਵੀ ਬਣਾ ਕੇ ਹੀ ਹਟੋਗੇ । ਆਪਾਂ ਇੱਦਾਂ ਕਰੀਏ ਮਨੀ ਨੂੰ ਪਹਿਲਾਂ ਮਨਾ ਲਈਏ ਉਹ ਨਾ ਹੋਵੇ ਬਗਾਵਤ ਪਹਿਲਾਂ ਆਪਣੇ ਘਰੋਂ ਹੀ ਹੋ ਤੁਰੇ।....''

ਹਾਂ ! ਇਹ ਤਾਂ ਮੈਂ ਸੋਚਿਆ ਹੀ ਨਹੀਂ ਅੱਜ ਜਦੋਂ ਹੀ ਬੁਟੀਕ ਤੋਂ ਕਲਾਸ ਲਗਾ ਕੇ ਮਨਪ੍ਰੀਤ ਵਾਪਿਸ ਆਵੇ ਤਾਂ ਉਸਨੂੰ ਪੁੱਛ ਲਵਾਂਗੇ ।

ਮਨੀ ਦੇ ਆਉਂਦਿਆਂ ਹੀ ਚਾਹ ਪਾਣੀ ਪੀਣ ਮਗਰੋਂ ਮਨੀ ਦੇ ਮਾਂ-ਬਾਪ ਨੇ ਗੱਲ ਸ਼ੁਰੂ ਕਰ ਦਿੱਤੀ ਕਿ, 'ਬੇਟਾ ! ਧੀਆਂ ਤਾਂ ਬੇਗਾਨਾ ਧਨ ਹੁੰਦੀਆਂ ਹਨ, ਚੰਗੇ ਘਰ ਵਿੱਚ ਸਮੇਂ ਨਾਲ ਧੀਆਂ ਵਿਆਹੀਆਂ ਜਾਣ ਤਾਂ ਮਾਂ-ਬਾਪ ਵੀ ਸੁੱਖ ਦਾ ਸਾਹ ਲੈ ਲੈਂਦੇ ਹਨ । ਸਮਾਂ ਬੜਾ ਖਰਾਬ ਹੈ ਅੱਜ ਕੱਲ੍ਹ ਚੰਗੇ ਰਿਸ਼ਤੇ ਲੱਭਣੇ ਵੀ ਬੜੇ ਔਖੇ ਹੁੰਦੇ ਨੇ, ਬੰਦੇ ਦਿਸਦੇ ਕੁੱਝ ਨੇ ਤੇ ਹੁੰਦੇ ਕੁੱਝ ਨੇ, ਧੀਆਂ ਦੇ ਮਾਪਿਆਂ ਦੀ ਕਮਰ ਤਾਂ ਆਹ ਚੰਦਰਾ ਦਾਜ ਹੀ ਤੋੜ ਦਿੰਦਾ ਹੈ । ਮਨੀ ਬੇਟਾ ਜੇ ਤੇਰੇ ਦਿਲ ਵਿੱਚ ਕੋਈ ਗੱਲ ਹੈ ਤਾਂ ਸਾਨੂੰ ਪਹਿਲਾਂ ਹੀ ਦੱਸ ਦੇਵੀਂ । ਉਂਝ ਅਸੀਂ ਤੇਰੇ ਲਈ ਵਰ ਲੱਭ ਰਹੇ ਹਾਂ ਅਤੇ ਸਾਡੀ ਅੱਖ ਇੱਕ ਬੜੇ ਹੀ ਹੋਣਹਾਰ ਮੁੰਡੇ ਉੱਪਰ ਟਿਕੀ ਹੈ, ਤੈਨੂੰ ਦੱਸਣਾ ਤਾਂ ਜ਼ਰੂਰੀ ਸਮਝਿਆ ਕਿ ਅੱਜ ਕੱਲ੍ਹ ਮਾਡਰਨ ਜ਼ਮਾਨਾ ਹੈ ਨਾਲੇ ਮੁੰਡੇ ਨੂੰ ਤੂੰ ਵੀ ਚੰਗੀ ਤਰ੍ਹਾਂ ਜਾਣਦੀ ਹੈ ਉਹ ਆਪਣੇ ਲੁਧਿਆਣੇ ਵਾਲੇ ਅੰਕਲ ਪ੍ਰਤਾਪ ਸਿੰਘ ਹੁਰਾਂ ਦਾ ਵੱਡਾ ਬੇਟਾ ਸ਼ੁੱਭਨੂਰ ਹੈ...।'

ਨਹੀਂ ਪਾਪਾ ! ਮੇਰੀ ਜਿੰਦਗੀ ਵਿੱਚ ਕੁੱਝ ਵੀ ਐਸਾ ਨਹੀਂ ਚੱਲ ਰਿਹਾ, ਜਿੱਥੇ ਆਪ ਜੀ ਤੋਰੋਗੇ ਮੈਂ ਤੁਰ ਜਾਵਾਂਗੀ । ਮੈਨੂੰ ਪਤਾ ਤੁਸੀਂ ਮੇਰੇ ਲਈ ਭਲਾ ਹੀ ਸੋਚੋਗੇ । ਨਾਲੇ ਪ੍ਰਤਾਪ ਅੰਕਲ ਜੀ ਦੇ ਸਾਰੇ ਪਰਿਵਾਰ ਨੂੰ ਮੈਂ ਵੀ ਚੰਗੀ ਤਰ੍ਹਾਂ ਜਾਣਦੀ ਹਾਂ ਨਾਲੇ ਸ਼ੁੱਭਨੂਰ ਦਾ ਵੀ ਮੈਨੂੰ ਪਤਾ ਹੈ ।

ਸ਼ੁਕਰ ਹੈ ਰੱਬਾ ! ਇਹੋ ਜਿਹੀ ਧੀ ਸੱਭ ਨੂੰ ਦੇਵੀਂ ! ਧੀਏ ਰੱਬ ਕਰੇ ਤੇਰਾ ਹਰ

ਸੁਪਨਾ ਪੂਰਾ ਹੋਵੇ ਤੇ ਤੈਨੂੰ ਸਾਰੀਆਂ ਖੁਸ਼ੀਆਂ ਮਿਲਣ, ਪਰ ਇੱਕ ਮੁਸ਼ਕਲ ਹੈ ਬੇਟਾ ! ਮੈਂ ਉਹਨਾਂ ਨਾਲ ਗੱਲ ਕੀਤੀ ਸੀ, ਉਹ ਗੱਲ ਜ਼ਰਾ ਟਾਲ ਜਿਹੀ ਗਏ ਸ਼ਾਇਦ ਉਹ ਵੀ ਹਾਂ ਕਰਨ ਤੋਂ ਪਹਿਲਾਂ ਸਾਡੇ ਵਾਂਗ ਸ਼ੁੱਭਨੂਰ ਨੂੰ ਪੁੱਛਣਾ ਚਾਹੁੰਦੇ ਹੋਣ । ਬੱਸ ਰੱਬ ਮਿਹਰ ਕਰੇ ਉਸਦੀ ਹਾਂ ਹੋਵੇ ਪਰ ਜੇ ਉਸਦੀ ਨਾਂਹ ਹੋਈ ਤਾਂ ਉਸ ਕੋਲੋਂ ਹਾਂ ਕਰਵਾਉਣ ਦੀ ਡਿਊਟੀ ਤੇਰੀ ਹੋਵੇਗੀ ।

ਪਾਪਾ ਇਹ ਕੀ ਕਹਿ ਰਹੇ ਹੋ ? ਇੱਦਾਂ ਨਹੀਂ ਹੋ ਸਕੇਗਾ ! ਇਹ ਤਾਂ ਗਲਤ ਹੋਵੇਗਾ ।

ਕਿਉਂ ਨਹੀਂ ਹੋ ਸਕਦਾ ? ਸੱਭ ਕੁੱਝ ਹੋ ਸਕਦਾ ਹੈ ਜੇ ਨਹੀਂ ਹੋਵੇਗਾ ਤਾਂ ਇਹੋ ਜਿਹੀ ਜਗ੍ਹਾ ਵਿਆਹ ਦੇਵਾਂਗਾ ਜਿੱਥੇ ਸਾਰੀ ਉਮਰ ਧੱਕੇ ਖਾਂਦੀ ਰਹੇਂਗੀ, ਮਾਂ ਦੀ ਘੂਰੀ ਵੇਖ ਕੇ ਮਨੀ ਚੁੱਪ ਰਹੀ, ਤੇ ਉਸਦਾ ਪਿਉ ਤਰਲੋਕ ਬੋਲਦਾ ਬੋਲਦਾ ਉੱਠ ਕੇ ਚਲਿਆ ਗਿਆ ।ਅਗਲੇ ਦਿਨ ਮਨੀ ਨੇ ਸਾਰੀ ਗੱਲ ਆਪਣੀ ਖਾਸ ਸਹੇਲੀ ਮਨਵੀਰ ਨੂੰ ਦੱਸੀ ਤੇ ਕਿਹਾ ਕਿ, 'ਲੜਕਾ ਮੈਨੂੰ ਪਸੰਦ ਹੈ ਤੇ ਪਰਿਵਾਰ ਵੀ ਚੰਗਾ ਹੈ, ਪਰ ਜੇ ਮੁੰਡਾ ਨਾ ਮੰਨਿਆ ਤਾਂ ਪਾਪਾ ਕਹਿੰਦੇ ਨੇ ਕਿ ਮੈਂ ਉਸਨੂੰ ਜ਼ਬਰੀ ਮਨਾਵਾਂ, ਇਹ ਕਿੱਦਾਂ ਹੋ ਸਕਦਾ ਮਨਵੀਰ ?

'ਹਾਂ ਯਾਰ ਇਹ ਕਿਵੇਂ ਹੋ ਸਕਦਾ ? ਨਾਲੇ ਉਹ ਇੰਝ ਕਿਉਂ ਚਾਹੁੰਦੇ ਹਨ ?' ਮਨੀ ਨੇ ਪੁਛਿਆ ।

ਦਰਅਸਲ ਮੇਰੇ ਮੰਮੀ ਜੀ ਦੀ ਇਹ ਸੈਕਿੰਡ ਮੈਰਿਜ਼ ਹੈ ਤੇ ਇਹ ਮੇਰੇ ਅਸਲੀ ਪਾਪਾ ਨਹੀਂ ਨੇ, ਘਰ ਵਿੱਚ ਬੱਸ ਇਹਨਾਂ ਦੀ ਹੀ ਚੱਲਦੀ ਹੈ । ਪਾਪਾ ਦੀ ਇਹ ਸਕੀਮ ਹੈ ਕਿ ਮੇਰਾ ਵਿਆਹ ਸ਼ੁੱਭਨੂਰ ਨਾਲ ਹੋ ਜਾਵੇ ਤੇ ਮੈਂ ਵੱਡੇ ਘਰ ਚਲੀ ਜਾਵਾਂ, ਕਿਉਂਕਿ ਉਹਨਾਂ ਨੇ ਵਿਆਹ ਬਿਨ੍ਹਾ ਦਾਜ-ਦਹੇਜ ਜਾਂ ਲੈਣ  ਦੇਣ ਤੋਂ ਕਰਨਾ ਹੈ ਤੇ ਪਾਪਾ ਚਾਹੁੰਦੇ ਹਨ ਕਿ ਮੈਂ ਫ੍ਰੀ ਵਿੱਚ ਵਿਆਹੀ ਵੀ ਜਾਵਾਂ ਤੇ ਬਾਅਦ ਵਿੱਚ ਉਸ ਘਰ ਵਿੱਚ ਜਾ ਕੇ, ਉਸਦੇ ਘਰ ਨੂੰ ਇਸ ਘਰ ਵਿੱਚ ਲੈ ਆਵਾਂ ਤਾਂ ਕਿ ਇਹ ਵੀ ਅਮੀਰ ਹੋ ਜਾਣ ਤੇ ਮੇਰੀ ਵਰਤੋਂ ਇੱਕ ਵਸਤੂ ਵਾਂਗ ਹੋ ਸਕੇ । ਵਿਚਲਾ ਸੱਚ ਇਹ ਹੈ।'

ਮਨਵੀਰ ਇੱਕ ਦਮ ਬੋਲੀ, 'ਓ ਸ਼ਿੱਟ ! ਇੰਨੀ ਵੱਡੀ ਪਲਾਨਿੰਗ ?' ਤੇਰਾ ਕੁੱਝ ਨਹੀਂ ਹੋ ਸਕਦਾ ਮਨੀ, ਚੱਲ ਇਹ ਦੱਸ ਤੂੰ ਸ਼ੁੱਭ ਨੂੰ ਪਸੰਦ ਕਰਦੀ ਹੈਂ ? ਜੇ ਤਾਂ ਤੈਨੂੰ ਪਸੰਦ ਹੈ ਤਾਂ ਵਧੀਆ ਗੱਲ ਹੈ, ਜਿੰਦਗੀ ਸੌਖੀ ਰਹੇਗੀ ਨਹੀਂ ਤਾਂ ਤੇਰੇ ਪਾਪਾ ਦਾ ਕੀ ਪਤਾ ਜੋ ਇੰਨਾਂ ਨੀਵਾਂ ਸੋਚ ਸਕਦੇ ਹਨ ਕੱਲ ਨੂੰ ਤੈਨੂੰ ਕਿੱਥੇ ਤੇਰੀ ਮਰਜ਼ੀ ਦੇ ਬਗੈਰ ਤੋਰ ਦੇਣ।

ਕੁੱਝ ਦਿਨਾਂ ਬਾਅਦ ਇਤਫਾਕ ਵੱਸ ਸ਼ੁੱਭਨੂਰ, ਮਨਪ੍ਰੀਤ ਹੁਣਾਂ ਦੇ ਘਰ ਗਿਆ ਅਤੇ ਉਸਦੇ ਘਰਵਾਲੇ ਘਰ ਨਹੀਂ ਸਨ ਤੇ ਸਿਰਫ ਮਨਪ੍ਰੀਤ ਅਤੇ ਉਸਦੇ ਛੋਟੇ ਭੈਣ-ਭਰਾ ਹੀ ਸਨ ਜੋ ਬਾਹਰ ਖੇਲ ਰਹੇ ਸਨ । ਮਨਪ੍ਰੀਤ ਨੇ ਮੌਕਾ ਜਾਣ ਕੇ ਪਹਿਲ ਕਰਦਿਆਂ ਆਪਣੇ ਦਿਲ ਦੇ ਵਲਵਲੇ ਸ਼ੁੱਭਨੂਰ ਨਾਲ ਖੋਲ੍ਹ ਦਿੱਤੇ । ਉਸਨੇ ਸੱਭ ਕੁੱਝ ਦੱਸ ਦਿੱਤਾ ਕੇ ਜੇਕਰ ਤੁਸੀਂ ਵਿਆਹ ਲਈ ਹਾਂ ਨਹੀਂ ਕੀਤੀ ਤਾਂ ਮੇਰੇ ਪਾਪਾ ਮੇਰੀ ਡੋਲੀ ਕਿਤੇ ਹੋਰ ਤੋਰ ਦੇਣਗੇ ਕਿਉਂਕਿ ਉਹ ਮੇਰੇ ਨਾਲ ਨਫਰਤ ਕਰਦੇ ਹਨ ਕਿਉਂਕਿ ਮੈਂ ਉਹਨਾਂ ਦੀ ਸਕੀ ਬੇਟੀ ਨਹੀਂ ਹਾਂ । ਮੈਂ ਵੀ ਇਹੀ ਚਾਹਵਾਂਗੀ ਕਿ ਮੈਨੂੰ ਤੁਹਾਡੇ ਵਰਗਾ ਇਨਸਾਨ ਮਿਲੇ ਅਤੇ ਚੰਗਾ ਪਰਿਵਾਰ ਮਿਲੇ।' ਇਹ ਸੱਭ ਕੁੱਝ ਸੁਣ ਕੇ ਸ਼ੁੱਭਨੂਰ ਦਾ ਦਿਲ ਪਸੀਜ ਗਿਆ। ਮੈਂ ਕੁੱਝ ਦਿਨ ਸੋਚ ਵਿਚਾਰ ਕੇ ਫੈਸਲਾ ਕਰਾਂਗਾ । ਤੂੰ ਕਿਸੇ ਤਰ੍ਹਾਂ ਦੀ ਚਿੰਤਾ ਨਾ ਲਾਵੀਂ।' ਸ਼ੁੱਭਨੂਰ ਨੇ ਕਿਹਾ ਤੇ ਚਲਿਆ ਗਿਆ ।

ਅਗਲੇ ਦਿਨ ਸ਼ੁੱਭਨੂਰ ਨੂਰਪ੍ਰੀਤ ਨੂੰ ਮਿਲਿਆ ਤੇ ਉਸਨੂੰ ਸਾਰੀ ਗੱਲ ਦੱਸੀ ਕਿ, 'ਕਿਸ ਤਰ੍ਹਾਂ ਉਸਨੂੰ ਇੱਕ ਜਾਣ ਪਹਿਚਾਣ ਵਿੱਚੋਂ ਰਿਸ਼ਤਾ ਆਇਆ ਹੈ । ਮੈਂ ਉਸ ਕੁੜੀ ਨੂੰ ਮਿਲਿਆਂ ਹੋਇਆਂ ਹਾਂ ਉਸਦਾ ਨਾਮ ਮਨਪ੍ਰੀਤ ਹੈ ਅਤੇ ਰਿਸ਼ਤਾ ਉਹਨਾਂ ਨੇ ਹੀ ਮੰਗਿਆ ਹੈ। ਕੁੜੀ ਦਾ ਬਾਪ ਸੌਤੇਲਾ ਹੈ । ਜੇ ਉਹ ਕੁੜੀ ਦੀ ਮੈਰਿਜ਼ ਮੇਰੇ ਨਾਲ ਨਾ ਹੋਈ ਤਾਂ ਉਹ ਉਸਨੂੰ ਕਿਸੇ ਵੀ ਸ਼ਰਾਬੀ-ਕਬਾਬੀ ਨਾਲ ਤੋਰਨ ਲਈ ਤਿਆਰ ਹੈ, ਕਿਉਂਕਿ ਉਸਦੀ ਜਿੱਦ ਹੈ ਕਿ ਮਨਪ੍ਰੀਤ ਸਾਡੇ ਘਰ ਦੀ ਨੂੰਹ ਬਣੇ । ਵਿਚਲੀ ਗੱਲ ਦਾ ਤਾਂ ਪਤਾ ਨਹੀਂ ਪਰ ਉਸਦਾ ਬਾਪ ਬੜਾ ਜਿੱਦੀ ਤੇ ਬੇਵਕੂਫ ਜਿਹਾ ਇਨਸਾਨ ਹੈ ਤੇ ਉਸਦੀ ਜਿੱਦ ਇੱਕ ਮਾਸੂਮ ਕੁੜੀ ਦੀ ਜਿੰਦਗੀ ਨੂੰ ਪੀਸ ਸਕਦੀ ਹੈ । ਤੇ ਹੁਣ ਮੁਸ਼ਕਿਲ ਇਹ ਹੈ ਕਿ ਮੈਂ ਤਾਂ ਤੇਰੇ ਨਾਲ ਵਿਆਹ ਕਰਵਾਉਣਾ ਚਾਹੁੰਦਾ ਹਾਂ ।'

'ਹਾਂਜੀ ਹਾਂ ਜੀ! ਮੈਨੂੰ ਪਤਾ ਏ ਅਸੀਂ ਦੋਵੇਂ ਇੱਕ ਦੂਜੇ ਨਾਲ ਵਿਆਹ ਕਰਵਾਉਣਾ ਚਾਹੁੰਦੇ ਹਾਂ ਤੇ ਸਾਡੇ ਦੋਵਾਂ ਦੇ ਘਰਵਾਲੇ ਕਦੀ ਵੀ ਇਹ ਰਿਸ਼ਤਾ ਨਹੀਂ ਮੰਨਣਗੇ । ਘਰੋਂ ਅਸੀਂ ਦੌੜਨਾ ਨਹੀਂ, ਸਮਾਜ ਇਜਾਜਤ ਨਹੀਂ ਦਿੰਦਾ, ਝੂਠੀ ਅਣਖ ਖਾਤਿਰ ਹੁੰਦੇ ਕਤਲਾਂ ਦੀ ਬਲੀ ਅਸੀਂ ਚੜਨਾ ਨਹੀਂ, ਸੋ ਇਸ ਤਰ੍ਹਾਂ ਸਾਡੀ ਸਾਰੀ ਸੂਝ-ਬੂਝ ਇਸ ਰੂੜੀਵਾਦੀ ਸੋਚ ਅੱਗੇ ਟੁੱਟ ਕੇ ਬਿਖਰ ਜਾਂਦੀ ਹੈ । ਮੈਂ ਤਾਂ ਇਹੀ ਕਹਾਂਗੀ ਸ਼ੁੱਭਨੂਰ 'ਯੂ ਆਰ ਦਾ ਬੈਸਟ', ਸੋ ਤੁਸੀਂ ਆਰਾਮ ਨਾਲ ਸੋਚ ਵਿਚਾਰ ਕੇ ਫੈਂਸਲਾ ਕਰੋ । ਜੇ ਤੁਹਾਡੀ ਹਾਂ ਨਾਲ ਕਿਸੇ ਕੁੜੀ ਨੂੰ ਜੀਵਨ ਮਿਲ ਸਕਦਾ ਹੈ, ਉਸਨੂੰ ਉਹ ਸਾਰੀਆਂ ਖੁਸ਼ੀਆਂ ਮੁਫਤ ਵਿੱਚ ਮਿਲ ਸਕਦੀਆਂ ਹਨ ਜੋ ਤੁਸੀਂ ਮੈਨੂੰ ਹਰ ਕੀਮਤ ਤਾਰ ਕੇ ਦੇਣਾ ਚਾਹੁੰਦੇ ਹੋ ਤਾਂ ਜ਼ਰੂਰ ਉਸ ਕੁੜੀ ਨੇ ਪਿਛਲੇ ਜਨਮ ਵਿੱਚ ਮੋਤੀ ਦਾਨ ਕੀਤੇ ਹੋਣਗੇ । ਇਸ ਲਈ ਮੇਰੇ ਸਵੀਟੂ ਜੀ ! ਜਿਆਦਾ ਚਿੰਤਾ ਨਹੀਂ ਲਾਉਣੀ, ਮੇਰਾ

ਪਿਆਰ ਤੁਹਾਡੇ ਲਈ ਸੀ ਤੇ ਰਹੇਗਾ, ਜ਼ਰੂਰੀ ਨਹੀਂ ਕਿ ਦੋ ਸਰੀਰਾਂ ਦੇ ਮਿਲਣ ਨਾਲ ਹੀ ਰਿਸ਼ਤੇ ਨਿਭਦੇ ਹਨ ਕੁੱਝ ਰਿਸ਼ਤੇ ਰੂਹਾਂ ਦੇ ਵੀ ਹੁੰਦੇ ਹਨ । ਸਾਡਾ ਰਿਸ਼ਤਾ ਰੂਹਾਂ ਦਾ ਹੈ, ਹਮੇਸ਼ਾਂ ਰਹੇਗਾ । ਮੈਂ ਤਾਂ ਇਹੀ ਕਹੂੰਗੀ ਝੱਟ 'ਹਾਂ' ਕਰੋ ਤੇ ਉਸ ਕੁੜੀ ਨੂੰ ਓਸ ਨਰਕ ਵਿੱਚੋਂ ਕੱਢ ਕੇ ਆਪਣੀ ਜਿੰਦਗੀ ਦਾ ਤਾਜ਼ ਬਣਾਉ ਤੇ ਉਸ ਉਪਰ ਉਪਕਾਰ ਕਰੋ, ਉਹ ਵੀ ਤੁਹਾਨੂੰ ਹਰ ਮੌੜ ਤੇ ਹਰ ਖੁਸ਼ੀ ਦੇਵੇਗੀ ਕਿਉਂਕਿ ਜੇ ਤੁਸੀਂ ਉਸ ਲਈ ਇੰਨੀ ਕੁਰਬਾਨੀ ਕਰ ਸਕਦੇ ਹੋ ਤਾਂ ਜ਼ਰੂਰ ਉਹ ਉਸਦਾ ਬਦਲਾ ਤੁਹਾਨੂੰ ਦੁੱਗੁਣੀਆਂ ਖੁਸ਼ੀਆਂ ਦੇ ਕੇ ਚੁਕਾਵੇਗੀ । ਨੂਰਪ੍ਰੀਤ ਇੱਕ ਬਹੁਤ ਹੀ ਸੁਲਝੀ, ਸਿਆਣੀ ਅਤੇ ਤਜ਼ੁਰਬੇਕਾਰ ਲੈਕਚਰਾਰ ਵਾਂਗ ਸ਼ੁੱਭਨੂਰ ਨੂੰ ਉਤਸ਼ਾਹ ਦੇ ਰਹੀ ਸੀ ਤੇ ਆਪ ਗਮਾਂ ਦੇ ਕਿਸੇ ਡੂੰਘੇ ਸਾਗਰ ਦੀ ਹਿਕ ਚੀਰਦੀ ਹੋਈ ਉਸ ਵਿੱਚ ਉਤਰਦੀ ਜਾ ਰਹੀ ਸੀ ।'

ਓ.ਕੇ. ਮੈਡਮ ਨੂਰ ਜੀ ! ਮੈਂ ਕੋਸ਼ਿਸ਼ ਕਰਾਂਗਾ, ਪਰ ਇੱਕ ਸਵਾਲ ਹੈ ਮੇਰਾ, ਕਿ ਸਾਡਾ ਪਿਆਰ ਹੀ ਸਾਨੂੰ ਕਿਉਂ ਨਹੀਂ ਮਿਲਦਾ ?

ਨੂਰ ਹੱਸਦੇ ਹੋਏ ਬੋਲੀ, ਕਿਉਂਕਿ ਇਹ ਇਸਤੋਂ ਪਹਿਲਾਂ ਵੀ ਕਿਸੇ ਨੂੰ ਨਹੀਂ ਮਿਲਿਆ, ਇਹ ਦੁਨੀਆ ਦਾ ਦਸਤੂਰ ਹੈ, ਤੇ ਜੋ ਰੱਬ ਨੂੰ ਮਨਜ਼ੂਰ ਹੈ, ਜਿਸਦੇ ਅੱਗੇ ਸਾਡਾ ਪਿਆਰ ਮਜਬੂਰ ਹੈ ।

ਖ਼ੈਰ ! ਸਮਾਂ ਆ ਬਣਿਆ ਅਤੇ ਸਾਰੀਆਂ ਗੱਲਾਂ ਭੁੱਲਾ ਕੇ ਮਨਪ੍ਰੀਤ ਨੂੰ ਹਮੇਸ਼ਾਂ ਲਈ ਸ਼ੁੱਭਨੂਰ ਦੇ ਲੜ੍ਹ ਲਗਾ ਦਿੱਤਾ ਗਿਆ । ਨਵੇਂ ਘਰ ਵਿੱਚ, ਨਵੇਂ ਰਿਸ਼ਤੇਦਾਰਾਂ ਵਿੱਚ, ਨਵੀਂ ਜਿੰਦਗੀ ਦੀ ਸ਼ੁਰੂਆਤ ਬਹੁਤ ਵਧੀਆ ਢੰਗ ਨਾਲ ਕੀਤੀ ਗਈ । ਪੂਰੇ ਇਲਾਕੇ ਵਿੱਚ ਬਿਨ੍ਹਾਂ ਲੈਣ-ਦੇਣ ਅਤੇ ਵਿਖਾਵੇ ਦੇ ਹੋਏ ਇਸ ਅਨੰਦ ਕਾਰਜ ਦੇ ਚਰਚੇ ਚੱਲਦੇ ਰਹੇ । ਸੱਭ ਸਿਆਣਿਆਂ ਨੇ ਇਸ ਵਿਆਹ ਨੂੰ ਸਲਾਹਿਆ ਅਤੇ ਆਸੀਸਾਂ ਦਿੱਤੀਆਂ ।

ਸ਼ੁੱਭਨੂਰ ਨੇ ਉਸਨੂੰ ਰਾਣੀ ਦੀ ਤਰ੍ਹਾਂ ਰੱਖਿਆ ਅਤੇ ਉਸਦੇ ਮਾਂ-ਬਾਪ ਨੇ ਉਸਨੂੰ ਨੂੰਹ ਨਾਲੋਂ ਧੀ ਜਾਣ ਕੇ ਹੱਦੋਂ ਵੱਧ ਪਿਆਰ ਅਤੇ ਮਾਣ ਦਿੱਤਾ । ਛੇ ਮਹੀਨੇ ਕਦ ਗੁਜ਼ਰ ਗਏ, ਕਿਸੇ ਨੂੰ ਪਤਾ ਹੀ ਨਾ ਲੱਗਾ । ਇਹਨਾਂ ਛੇ ਮਹੀਨਿਆਂ ਵਿੱਚ ਸਿਰਫ ਇੱਕ ਵਾਰ ਹੀ ਤਰਲੋਕ ਸਿੰਘ ਆਪਣੀ ਧੀ ਨੂੰ ਮਿਲਣ ਆਇਆ ਅਤੇ ਬੜਾ ਵੱਧ ਘੱਟ ਬੋਲ ਕੇ ਗਿਆ ਕਹਿੰਦਾ, 'ਜਦੋਂ ਦੀ ਮਨਪ੍ਰੀਤ ਵਿਆਹੀ ਗਈ ਹੈ, ਇਸਨੇ ਕਦੀਂ ਵੀ ਆਪਣੇ ਆਪ ਕੋਈ ਫੋਨ ਜਾਂ ਸੁੱਖ-ਦੁੱਖ ਦਾ ਸੁਨੇਹਾ ਆਪਣੇ ਪੇਕੇ ਨਹੀਂ ਘੱਲਿਆ ਅਤੇ ਹੰਕਾਰੀ ਹੋਈ ਆਪਣੇ ਮਾਂ-ਬਾਪ ਦਾ ਸਿਰ ਪੂਰੀ ਰਿਸ਼ਤੇਦਾਰੀ ਵਿੱਚ ਝੁਕਾਉਣ ਦਈ ਹੈ, ਉਸਨੇ ਸਾਫ - ਸਾਫ ਕਹਿ ਦਿੱਤਾ ਕਿ ਸਾਡੇ ਲਈ ਤੂੰ ਹਮੇਸ਼ਾਂ ਲਈ ਮਰ ਗਈ ਅਤੇ ਅਸੀਂ ਤੇਰੇ ਲਈ । ਫਿਰ ਸਾਉਣ ਦਾ ਮਹੀਨਾ ਆ ਗਿਆਂ ਤਾਂ ਮਨਪ੍ਰੀਤ ਦੇ ਪੇਕਿਉਂ ਕੋਈ ਵੀ ਲੈਣ

ਨਹੀਂ ਆਇਆ । ਤਾਂ ਮਨਪ੍ਰੀਤ ਨੇ ਆਪਣੇ ਸੱਸ ਸਹੁਰੇ ਨਾਲ ਸਾਰੀ ਗੱਲ ਕੀਤੀ ਕਿ ਮੇਰੇ ਬਾਪ ਅਸਲ ਵਿੱਚ ਮੈਨੂੰ ਵਿਆਹ ਕੇ ਗਲੋਂ ਹੀ ਲਾਹੁਣਾ ਚਾਹੁੰਦਾ ਸੀ ਮੈਨੂੰ ਕਦੀ ਵੀ ਇਸਨੇ ਬਾਪ ਵਾਂਗ ਪਿਆਰ ਨਹੀਂ ਦਿੱਤਾ । ਪਰ ਜੋ ਪਿਆਰ ਮੈਨੂੰ ਇਸ ਘਰ ਵਿੱਚੋਂ ਮਿਲਿਆ ਹੈ ਇਸਨੂੰ ਮੈਂ ਭੁਲਾ ਨਾ ਸਕਾਂਗੀ ਹੁਣ ਤੁਸੀਂ ਹੀ ਮੇਰੇ ਮਾਂ-ਪਿਉ ਹੋ ਤੇ ਮੈਂ ਕਦੇ ਮੁੜ ਪੇਕੇ ਨਹੀਂ ਜਾਣਾ।'

ਇੱਕ ਦਿਨ ਤਰਲੋਕ ਦਾ ਫੋਨ ਆਇਆ ਅਤੇ ਉਸਨੇ ਉਸ ਦਿਨ ਦਾ ਵੱਧ ਘੱਟ ਬੋਲੇ ਜਾਣ ਕਰਕੇ ਆਪਣੀ ਧੀ ਕੋਲੋਂ ਮੁਆਫੀ ਮੰਗੀ ਤੇ ਕਿਹਾ ਕਿ, 'ਉਹ ਕਿਸੇ ਜ਼ਰੂਰੀ ਕੰਮ ਲਈ ਦਿੱਲੀ ਜਾ ਰਿਹਾ ਹੈ । ਚਾਰ-ਪੰਜ ਦਿਨ ਲੱਗ ਜਾਣਗੇ ਇਸ ਲਈ ਤੂੰ ਕੁੱਝ ਦਿਨ ਰਹਿਣ ਲਈ ਆਪਣੀ ਮਾਂ ਕੋਲ ਆ ਜਾ, ਕਿੰਨੀ ਹੀ ਦੇਰ ਹੋ ਗਈ ਤੈਨੂੰ ਆਈ ਨੂੰ ।'

ਮਨੀ ਨੇ ਸ਼ੁੱਭ ਨਾਲ ਗੱਲ ਕੀਤੀ ਤੇ ਕਿਹਾ ਕਿ 'ਮੇਰਾ ਦਿਲ ਤਾਂ ਨਹੀਂ ਕਰਦਾ ਜਾਣ ਨੂੰ ਤੁਸੀਂ ਦੱਸੋ ?'

..ਤਾਂ ਸ਼ੁੱਭ ਨੇ ਕਿਹਾ ਕਿ, 'ਜੋ ਵੀ ਹੈ ਤੇਰੀ ਮਾਂ ਤਾਂ ਆਪਣੀ ਹੀ ਹੈ, ਕੋਈ ਨਾ 4-5 ਦਿਨ ਦੀ ਗੱਲ ਹੈ ਮੁੜ ਤਾਂ ਆਉਣਾ ਹੀ ਹੈ ।'

ਅਗਲੇ ਦਿਨ ਉਸਦਾ ਬਾਪ ਉਸਨੂੰ ਆ ਕੇ ਲੈ ਗਿਆ । ਕੰਮ ਦੇ ਰੁਝੇਵੇਂ ਵਿੱਚ ਸ਼ੁੱਭਨੂਰ ਨੇ ਕੋਈ ਕਾਲ ਬੈਕ ਨਾ ਕੀਤੀ ਅਤੇ ਨਾ ਹੀ ਮਨੀ ਕੋਲ ਪਰਸਨਲ ਮੋਬਾਇਲ ਸੀ । ਇਸ ਤਰ੍ਹਾਂ ਸਮਾਂ ਬੀਤ ਗਿਆ ਅਤੇ ਚਾਰ-ਪੰਜ ਦਿਨ ਦੀ ਬਜਾਇ ਇੱਕ ਹਫਤਾ ਪੂਰਾ ਲੰਘ ਗਿਆ ।

ਸ਼ੁੱਭਨੂਰ ਨੇ ਸਹੁਰੇ ਘਰ ਟੈਲੀਫੋਨ ਕੀਤਾ ਤਾਂ ਅੱਗੋਂ ਉਸਦੀ ਮਾਂ ਨੇ ਚੁੱਕਿਆ ਅਤੇ ਕਿਹਾ ਕਿ 'ਮਨੀ ਆਪਣੀ ਕਿਸੇ ਸਹੇਲੀ ਵੱਲ ਗਈ ਹੈ, ਆਵੇਗੀ ਤਾਂ ਗੱਲ ਕਰਵਾ ਦੇਵਾਂਗੀ ਤੇ ਅਜੇ ਅਸੀਂ ਇਸਨੂੰ ਤਿੰਨ-ਚਾਰ ਦਿਨ ਹੋਰ ਰੱਖਣਾ ਹੈ ।'

ਇਸ ਤਰ੍ਹਾਂ ਦੋ ਦਿਨ ਹੋਰ ਲੰਘ ਗਏ ਸ਼ੁੱਭਨੂਰ ਨੇ ਫਿਰ ਫੋਨ ਕੀਤਾ ਤਾਂ ਇਸ ਵਾਰ ਮਨੀ ਦੇ ਬਾਪ ਨੇ ਚੁੱਕਿਆ ਉਸਨੇ ਕਿਹਾ ਕਿ, 'ਮਨੀ ਇਸ ਵਕਤ ਆਪਣੇ ਮਾਮਾ ਜੀ ਵੱਲ ਗਈ ਹੈ ਆਉਂਦੀ ਤਾਂ ਗੱਲ ਕਰਵਾ ਦੇਵਾਂਗੇ, ਨਾਲੇ ਉਹਨਾਂ ਦੇ ਕਿਸੇ ਖਾਸ ਰਿਸ਼ਤੇਦਾਰ ਨੇ ਬਾਹਰੋਂ ਆਉਣਾ ਹੈ ਇਸ ਲਈ ਅਸੀਂ ਮਨੀ ਨੂੰ ਅਗਲੇ ਹਫਤੇ ਆਪ ਹੀ ਲੁਧਿਆਣੇ ਛੱਡ ਜਾਵਾਂਗੇ ।'

ਸ਼ੁੱਭਨੂਰ ਬੜਾ ਪ੍ਰੇਸ਼ਾਨ ਜਿਹਾ ਹੋ ਗਿਆ, ਉਸਨੇ ਘਰ ਵੀ ਗੱਲ ਕੀਤੀ ਕਿ ਅੱਜ 15 ਦਿਨ ਹੋ ਗਏ ਪਰ ਮਨੀ ਨਾਲ ਗੱਲ ਨਹੀਂ ਹੋ ਪਾ ਰਹੀ ਤਾਂ ਉਸਨੇ ਘਰਦਿਆਂ

ਦੇ ਕਹਿਣ ਤੇ ਦੁਬਾਰਾ ਫੋਨ ਕੀਤਾ । ਇਸ ਵਾਰ ਫੋਨ ਮਨੀ ਨੇ ਚੁੱਕਿਆ ਤੇ ਇੰਨਾ ਹੀ ਕਿਹਾ ਕਿ, 'ਹੁਣ ਉਸਨੇ ਵਾਪਿਸ ਤੁਹਾਡੇ ਕੋਲ ਨਹੀਂ ਆਉਣਾ, ਤੁਸੀਂ ਉਸਨੂੰ ਕੁੱਟ ਕੇ ਘਰੋਂ ਕੱਢਿਆ ਹੈ, ਉਹ ਤੁਹਾਡੀ ਮਾਰ ਹੋਰ ਨਹੀਂ ਝੱਲ ਸਕੇਗੀ, ਅਤੇ ਨਾ ਹੀ ਤੁਹਾਡੀਆਂ ਦਾਜ ਦੀਆਂ ਹੋਰ ਡਿਮਾਂਡਾਂ ਪੂਰੀਆਂ ਕਰ ਸਕੇਗੀ ?' ਕਹਿੰਦਿਆਂ ਹੋਇਆਂ ਉਹ ਰੋ ਪਈ ।

ਸ਼ੁੱਭਨੂਰ ਦੇ ਪੈਰਾਂ ਥੱਲਿਉਂ ਜਿਵੇਂ ਜ਼ਮੀਨ ਹੀ ਨਿਕਲ ਗਈ, ਇਹ ਕੀ ਬੋਲ ਰਹੀ ਏਂ ਮਨੀ ? ਕਿਸਨੇ ਦਾਜ ਮੰਗਿਆ ? ਕਿਸ ਨੇ ਕੁਟਿਆ ਮਾਰਿਆ ? ਇਹ ਕੀ ਬੋਲ ਰਹੀ ਏ ? ਇਤਨੇ ਨੂੰ ਤਰਲੋਕ ਬੋਲਿਆ ! ਕਾਕਾ ਸ਼ੁੱਭ ! ਹੁਣ ਤਾਂ ਤੁਹਾਨੂੰ ਥਾਣੇ 'ਚ ਹੀ ਮਿਲਾਂਗੇ ।' ਕਹਿ ਕੇ ਤਰਲੋਕ ਨੇ ਫੋਨ ਕੱਟ ਦਿੱਤਾ ।

ਸ਼ੁੱਭਨੂਰ ਦੇ ਪਰਿਵਾਰਕ ਮੈਂਬਰ ਸੱਭ ਹੈਰਾਨ ਅਤੇ ਪ੍ਰੇਸ਼ਾਨ ਹੋ ਗਏ ਕਿ ਇਹ ਕੀ ਭਾਣਾ ਵਰਤ ਗਿਆ ? ਇਸ ਕੁੜੀ ਨੂੰ ਕੀ ਹੋ ਗਿਆ ? ਕੀ ਗਲਤ ਫਹਿਮੀ ਪੈ ਗਈ ? ਗੱਲ ਝੱਟ ਹੀ ਸੱਭ ਰਿਸ਼ਤੇਦਾਰਾਂ ਵਿੱਚ ਉੱਡ ਗਈ।

ਹਫ਼ਤੇ ਬਾਅਦ ਸੱਭ ਸਾਕ-ਸਬੰਧੀ, ਰਿਸ਼ਤੇਦਾਰ ਪੰਚਾਇਤ ਵਿੱਚ ਇਕੱਠੇ ਹੋਏ । ਸੱਭ ਨੇ ਪੁਛਿਆ ਕੀ ਗੱਲ ਹੋ ਗਈ ਹੈ ? ਤਾਂ ਤਰਲੋਕ ਨੇ ਕਿਹਾ, 'ਮੇਰੀ ਕੁੜੀ ਕੋਲੋਂ ਘਰ ਦੇ ਸਾਰੇ ਕੰਮ ਕਰਵਾਉਂਦੇ ਹਨ, ਵਿਚਾਰੀ ਨੇ ਕਦੇ ਇੰਨਾ ਕੰਮ ਘਰ ਵਿੱਚ ਨਹੀਂ ਕੀਤਾ ਸੀ, ਅਸੀਂ ਇਸਨੂੰ ਨਹੀਂ ਭੇਜਣਾ ਉੱਥੇ । ਅਸੀਂ ਇਹਨਾਂ ਦੀ ਦਾਜ ਦੀਆਂ ਮੰਗਾਂ ਪੂਰੀਆਂ ਨਹੀਂ ਕਰ ਸਕਦੇ ਜਦਕਿ ਅਸੀਂ ਪਹਿਲਾਂ ਹੀ ਮੁੰਡੇ ਨੂੰ ਦੋ ਲੱਖ ਕੈਸ਼, ਇੱਕ ਮੋਟਰਸਾਈਕਲ, ਕੰਪਿਊਟਰ, ਵਾਸ਼ਿੰਗ ਮਸ਼ੀਨ, ਅਲਮਾਰੀ, ਐੱਲ.ਸੀ.ਡੀ. ਟੀ.ਵੀ., ਫਰਿੱਜ਼ ਆਦਿ ਵਿਆਹ ਤੇ ਦੇ ਚੁੱਕੇ ਹਾਂ ।'

ਜਦ ਤਰਲੋਕ ਇਹ ਸੱਭ ਬੋਲ ਰਿਹਾ ਸੀ ਤਾਂ ਮੁੰਡੇ ਵਾਲੇ, ਸੱਭ ਰਿਸ਼ਤੇਦਾਰਾਂ ਅਤੇ ਨਾਲ ਗਏ ਸੱਜਣਾਂ ਦੇ ਪੈਰੋਂ ਜ਼ਮੀਨ ਹੀ ਖਿਸਕ ਗਈ, ਕਿ ਇਹ ਕੁੜੀ ਦਾ ਪਿਉ ਕਿਹੜੇ ਵਿਆਹ ਦੀ ਗੱਲ ਕਰ ਰਿਹਾ ਹੈ ਤੇ ਕਿਹੜੇ ਦਾਜ ਦੀ ਗੱਲ ਕਰ ਰਿਹਾ ਹੈ ? ਜਦਕਿ ਅਸੀਂ ਸੱਭ ਵਿਆਹ ਵਿੱਚ ਸ਼ਾਮਿਲ ਸੀ ਦਾਜ ਦੀ ਇੱਕ ਸੂਈ ਤੱਕ ਨਹੀਂ ਲਈ ਗਈ ਤਾਂ ਇਹ ਦਾਜ ਕਦੋਂ ਅਤੇ ਕਿਸ ਰਸਤਿਉਂ ਮੁੰਡੇ ਵਾਲੇ ਦੇ ਘਰ ਪੁੱਜ ਗਿਆ, ਜੇ ਪੁੱਜ ਵੀ ਗਿਆ ਤਾਂ ਕਿਸੇ ਨੂੰ ਨਜ਼ਰ ਕਿਉਂ ਨਹੀਂ ਆਉਂਦਾ ? ਸਾਫ - ਸਾਫ ਇਹ ਹੈ ਕਿ ਇਹ ਆਪਣੀ ਧੀ ਦਾ ਸੌਦਾ ਕਰ ਰਿਹਾ ਹੈ ਅਤੇ ਕੁਫਰ ਬੋਲ ਕੇ ਕੁੜੀ ਦੀ ਜਿੰਦਗੀ ਬਰਬਾਦ ਕਰੇਗਾ ।

ਆਖੀਰ ਤਰਲੋਕ ਸਿੰਘ ਬੋਲਿਆ ਕਿ ਮੈਂ 7 ਲੱਖ ਰੁਪਿਆ ਲਵਾਂਗਾ, ਪਰ ਧੀ ਨਹੀਂ ਤੋਰਾਂਗਾ, ਜੇ ਨਹੀਂ ਦੇਵੋਗੇ ਤਾਂ ਮੈਂ ਤੁਹਾਡੇ ਖਿਲਾਫ ਪਰਚਾ ਅਤੇ ਕੇਸ ਕਰਕੇ

ਅਦਾਲਤ ਦਾ ਬੂਹਾ ਖੜਕਾਵਾਂਗਾ । ਸੱਭ ਨੇ ਸਮਝਾਇਆ ਕਿ ਇੰਨਾ ਵਧੀਆ ਪਰਿਵਾਰ ਤੇਰੀ ਕੁੜੀ ਨੂੰ ਮਿਲਿਆ ਹੈ, ਪਰ ਉਹ ਨਹੀਂ ਮੰਨਿਆ । ਸੱਭ ਨੂੰ ਪਤਾ ਸੀ ਕਿ ਇਹ ਧੀ ਇਸਦੀ ਆਪਣੀ ਨਹੀਂ ਮਤਰੇਈ ਹੈ ਤਾਂ ਹੀ ਇਹ ਸੱਭ ਕੁੱਝ ਕਰ ਰਿਹਾ ਹੈ । ਸੱਭ ਨੇ ਬਹੁਤ ਸਮਝਾਇਆ, ਪਰ ਉਹ ਟੱਸ ਤੋਂ ਮੱਸ ਨਹੀਂ ਹੋਇਆ ।

ਕੁੱਝ ਸਮਾਂ ਲੰਘਿਆ ਤਾਂ ਉਸਨੇ ਅਦਾਲਤ ਰਾਹੀਂ ਨੋਟਿਸ ਭੇਜ ਦਿੱਤਾ ਤਾਂ ਕਿ ਲੜਕਾ ਪਰਿਵਾਰ ਨੂੰ ਮਾਨਸਿਕ ਤੌਰ ਤੇ ਸਖਤ ਪ੍ਰੇਸ਼ਾਨ ਕੀਤਾ ਜਾ ਸਕੇ, ਇਸ ਅਰਸੇ ਦੌਰਾਨ ਮਨੀ ਨੂੰ ਸ਼ੁੱਭ ਨਾਲ ਗੱਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਸੀ, ਭਾਵੇਂ ਉਹ ਪੰਚਾਇਤ ਹੋਵੇ ਜਾਂ ਪੁਲਿਸ ਸਟੇਸ਼ਨ ਸਾਰੀ ਗੱਲ ਤਰਲੋਕ ਆਪ ਹੀ ਕਰਦਾ ਸੀ ਜੇ ਕੋਈ ਮਨੀ ਨੂੰ ਕੋਈ ਸਵਾਲ ਪੁੱਛਦਾ ਤਾਂ ਉਹ ਇੰਨਾ ਹੀ ਕਹਿੰਦੀ, 'ਜੋ ਮੇਰੇ ਪਾਪਾ ਕਹਿੰਦੇ ਨੇ ਉਹੀ ਹੋਵੇਗਾ, ਪਾਪਾ ਦਾ ਫੈਸਲਾ ਹੀ ਮੇਰਾ ਫੈਸਲਾ ਹੈ'। ਤੇ ਬੱਸ ਚੁੱਪ ਕਰਕੇ ਸਹਿਮੀ ਹੋਈ ਆਲੇ ਦੁਆਲੇ ਦਾ ਮਾਹੌਲ ਦੇਖਣ ਲੱਗ ਜਾਂਦੀ।

ਆਖੀਰ ਇੱਕ ਦੋ ਸਾਲ ਦੀ ਖੱਜਲ ਖੁਆਰੀ ਤੋਂ ਬਾਅਦ ਉਹ ਸੱਤ ਲੱਖ ਤੋਂ ਤਿੰਨ ਲੱਖ ਤੇ ਆ ਗਿਆ । ਤਾਂ ਰਿਸ਼ਤੇਦਾਰਾਂ ਨੇ ਵਿੱਚ ਪੈ ਕੇ 3 ਲੱਖ ਰੁਪਏ (ਸ਼ੁੱਭਨੂਰ ਸਿੰਘ-ਮਨਪ੍ਰੀਤ ਕੌਰ) ਦਾ ਤਾਲਾਕ ਕਰਵਾਇਆ । ਅੱਜ ਤਰਲੋਕ ਦੇ ਚਿਹਰੇ ਤੇ ਇੱਕ ਨਵੀਂ ਖੁਸ਼ੀ, ਉਤਸ਼ਾਹ, ਚਾਅ, ਅਤੇ ਉਮੰਗ ਸਾਫ ਦਿਖ ਰਹੀ ਸੀ, ਜਦ ਉਹ ਪੰਜ-ਪੰਜ ਸੌ ਅਤੇ ਹਜ਼ਾਰ-ਹਜ਼ਾਰ ਦੇ ਨੋਟ ਬੜੀ ਤੇਜ਼ੀ ਨਾਲ ਗਿਣ ਰਿਹਾ ਸੀ । ਜਿਸਨੂੰ ਸ਼ੁੱਭਨੂਰ ਤੇ ਮਨਪ੍ਰੀਤ ਦੇਖ ਰਹੇ ਸਨ, ਇਸ ਵਕਤ ਸ਼ੁੱਭਨੂਰ ਦੀ ਅੱਖਾਂ ਮਨਪ੍ਰੀਤ ਨੂੰ ਕੁੱਝ ਇੰਝ ਕਹਿ ਰਹੀਆਂ ਲੱਗਦੀਆਂ ਸਨ, 'ਕਿ ਉੱਠ ਝੱਲੀਏ, ਅਜੇ ਵੀ ਤੁਰ ਚੱਲ ਘਰ ਆਪਣੇ, ਪੈਸਾ ਫਿਰ ਕਮਾ ਲਵਾਂਗੇ, ਇੱਜ਼ਤ ਨਹੀਂਉ ਕਮਾਈ ਜਾਂਦੀ..।' ਪਰ ਮਨੀ ਦੀਆਂ ਅੱਖਾਂ ਵਿੱਚ ਵੀ ਕੁੱਝ ਇੱਦਾਂ ਦਾ ਜੁਆਬ ਸੀ, 'ਇੰਨਾਂ ਨੋਟਾਂ ਥੱਲੇ ਦੱਬ ਗਈ ਹਾਂ, ਭਾਰ ਬੜਾ ਹੈ ਪੈਸੇ ਦਾ, ਹੁਣ ਚਾਹੁੰਦੇ ਵੀ ਨਹੀਂ ਉੱਠ ਸਕਦੀ..।'

ਇਸ ਤਰ੍ਹਾਂ ਮਤਲਬ ਪ੍ਰਸਤ ਮਾਇਆਵਾਦੀ ਬਾਪ ਨੇ ਆਪਣੀ ਧੀ ਦਾ ਤਲਾਕ ਕਰਵਾ ਕੇ, 'ਕੂੜ ਫਿਰੈ ਪ੍ਰਧਾਨ ਵੇ ਲਾਲੋ' ਉੱਤੇ ਮੋਹਰ ਲਗਾ ਦਿੱਤੀ ।



"ਬਾਪੂ ਮੇਰਾ ਭਾਰ ਤੈਥੋਂ ਝੱਲ ਨਹੀਂ ਨਾ ਹੁੰਦਾ....? ਮੈਂ ਤੇਰੇ ਤੇ ਭਾਰੂ ਹੋ ਗਈ, ਮੈਨੂੰ ਤਾਂ ਤੇਰੇ ਤੋਂ ਛੁੱਟ ਹੋਰ ਕਿਸੇ ਦਾ ਆਸਰਾ ਨਹੀਂ ਚਾਹੀਦਾ....।"

"ਨਹੀਂ ਨਹੀਂ ਮੇਰੀ ਕਮਲੀ ਧੀ ਨਾ ਹੋਵੇ ਤਾਂ, ਬੱਚੇ ਵੀ ਮਾਪਿਆਂ ਤੇ ਭਲਾ ਬੋਝ ਹੁੰਦੇ ਨੇ? ਤੂੰ ਤਾਂ ਮੈਨੂੰ ਜਾਨ ਤੋਂ ਵੀ ਵੱਧ ਪਿਆਰੀ ਹੈਂ। ਮੈਂ ਤਾਂ ਹਾਲੀ ਤੇਰੇ ਵਰਗੀਆਂ ਦੱਸ ਧੀਆਂ ਨੂੰ ਕਮਾ ਕੇ ਖਵਾ ਸਕਦਾਂ ਹਾਂ। ਪਰ ਪੁੱਤ ਧੀਆਂ ਤਾਂ ਆਪਣੇ ਘਰ ਹੀ ਚੰਗੀਆਂ ਲੱਗਦੀਆਂ ਨੇ।"

# ਗਰਦਿਸ਼

"ਤੂੰ ਆਪਣੇ-ਆਪ ਨੂੰ ਕੀ ਸਮਝ ਰੱਖਿਆ ਹੈ? ਪਤਾ ਨਹੀਂ ਕਿਹੜੇ-ਕਿਹੜੇ ਖਸਮ ਨਾਲ ਖੇਹ ਖਾਣ ਪਿੱਛੋਂ ਮੇਰੇ ਕੋਲ ਆਈ ਹੈਂ। ਮੈਨੂੰ ਦੱਸਦੀ ਹੈਂ ਕਿ ਮੈਂ ਤੀਵੀਂ ਬਾਜ ਹਾਂ, ਆਪਣੀ ਪੀੜ੍ਹੀ ਥੱਲੇ ਸੋਟਾ ਫੇਰ।"

"ਉਹ ਦਿਨ ਚੇਤੇ ਨਹੀਂ, ਜਦ ਮੇਰੇ ਪਿੱਛੇ-ਪਿੱਛੇ ਚੱਕਰ ਕੱਟਦਾ ਸੀ, ਉਦੋਂ ਮੈਂ ਸੋਹਣੀ ਲੱਗਦੀ ਸੀ ਤੇ ਹੁਣ ਮੈਂ ਚਵਲ ਹੋ ਗਈ। ਤੈਨੂੰ ਤਾਂ ਮੇਰੇ ਬਾਰੇ ਪਹਿਲਾਂ ਹੀ ਪਤਾ ਸੀ। ਮੇਰੇ ਪਿਉ ਨੇ ਕਿਹੜਾ ਤੇਰੇ ਨਾਲ ਧੋਖਾ ਕੀਤਾ? ਮੈਂ ਤਾਂ ਪਹਿਲਾਂ ਹੀ ਰੱਬ ਦੀ ਮਾਰੀ ਸਾਂ। ਤੂੰ ਤਾਂ ਆਪ ਹੀ ਮੇਰੇ ਨਾਲ ਖੇਹ ਖਾਧੀ.........।"

"ਤੂੰ ਕੀ ਕਰ ਲਵੇਂਗੀ ਮੇਰਾ......? ਮੈਂ ਇੱਕ ਨਹੀਂ ਦੱਸ-ਦੱਸ ਤੀਵੀਆਂ ਰੱਖਣੀਆਂ, ਤੇਰੀ ਕੀ ਹਿੰਮਤ ਹੈ..? ਜੇ ਤੂੰ ਰੋਕ ਸਕਦੀ ਹੈਂ ਤਾਂ ਰੋਕ ਲੈ। ਜੋ ਮੇਰੇ ਚਿੱਤ 'ਚ ਆਵੇਗਾ ਮੈਂ ਤਾਂ ਉਹੀ ਕਰਾਂਗਾ। ਜੇ ਕਿਸੇ 'ਚ ਹਿੰਮਤ ਹੈ ਤਾਂ ਮੈਨੂੰ ਰੋਕੇ। ਮੈਂ ਤਾਂ ਤੇਰੇ ਪਿਉ ਕੰਜਰ ਤੋਂ ਵੀ ਨਹੀਂ ਡਰਦਾ। ਤੇਰੇ ਤੋਂ ਤਾਂ ਪੇਸ਼ਾ ਕਰਨ ਵਾਲੀਆਂ ਤੀਵੀਆਂ ਵੀ ਚੰਗੀਆਂ, ਘੱਟੋ-ਘੱਟ ਸਿਰ ਤਾਂ ਨਹੀਂ ਖਾਂਦੀਆਂ। ਤੂੰ ਤਾਂ ਜੋ ਮੇਰੇ ਮਗਰੋਂ ਹੀ ਨਹੀਂ ਲੱਥਦੀ...।"

"ਜੇ ਤੂੰ ਆਹ ਖੇਹ ਖਾਣੀ ਸੀ ਤਾਂ ਮੇਰੇ ਨਾਲ ਵਿਆਹ ਕਿਉਂ ਕੀਤਾ.........? ਉਦੋਂ ਤਾਂ ਮੇਰੇ ਬਾਪੂ ਦੇ ਮਗਰ ਚੱਕਰ ਕੱਟਦਾ ਨਹੀਂ ਸੀ ਥੱਕਦਾ। ਅਖੇ ਮੈਨੂੰ ਤਾਰੋ ਤੋਂ ਛੁੱਟ ਹੋਰ ਕੁੱਝ ਨਹੀਂ ਚਾਹੀਦਾ। ਤੇ ਹੁਣ ਮੈਂ ਪੰਜ ਸਾਲਾਂ ਪਿੱਛੋਂ ਭੈੜੀ ਹੋ ਗਈ......? ਜੇ ਮੈਂ ਭੈੜੀ ਸੀ ਤਾਂ ਆਹ ਜਵਾਕ (ਬੱਚੇ) ਕਿੱਥੋਂ ਆ ਗਏ.....?"

"ਮੈਨੂੰ ਕੀ ਪਤਾ ਕਿੱਥੋਂ ਆ ਗਏ? ਇਹ ਵੀ ਤੇਰੇ ਵਰਗੇ ਹਰਾਮਦੇ ਹੀ ਹੋਣੇ, ਪਤਾ ਨਹੀਂ ਕਿਸ ਕਿਸ ਦਾ ਪਾਪ ਹੈ..? ਮੈਨੂੰ ਆਖਦੀ ਹੈ ਮੇਰੇ ਨਾਲ ਵਿਆਹ ਕਿਉਂ ਕੀਤਾ। ਸਾਲੀਏ ਤੂੰ ਕਿਹੜੀ ਕੁਆਰੀ ਬੈਠੀ ਸੀ। ਪਤਾ ਨਹੀਂ ਕਿਸ-ਕਿਸ ਖਸਮ ਨਾਲ ਖੇਹ ਖਾਣ ਪਿੱਛੋਂ ਮੇਰੇ ਕੋਲ ਆਈ। ਮੈਂ ਹੀ ਸੀ ਜਿਸਨੇ ਤੈਨੂੰ ਰੱਖ ਲਿਆ, ਕੋਈ ਹੋਰ ਹੁੰਦਾ ਤਾਂ ਕਦੋਂ ਦਾ ਜੁੱਤੀਆਂ ਮਾਰ ਕੇ ਕੱਢ

ਦਿੰਦਾ। ”

“ਇਹ ਲੜਾਈ ਨਿੱਤ ਦਾ ਹੀ ਕੰਮ ਹੋ ਗਿਆ ਸੀ । ਗਾਲ-ਮੰਦਾ, ਮਾਰ-ਕੁਟਾਈ, ਇਸ ਸੱਭ ਤੋਂ ਆਂਢ-ਗੁਆਂਢ ਸੱਭ ਤੰਗ ਆ ਚੁੱਕੇ ਸਨ। ਇਹਨਾਂ ਦੀ ਲੜਾਈ ਵਿੱਚ ਕੋਈ ਨਾ ਆਉਂਦਾ। ਇੱਕ ਦਿਨ ਦਾ ਕੰਮ ਹੋਵੇ ਤਾਂ ਕੋਈ ਆਵੇ। ਜੱਗੂ ਗਲਤ ਕਿਸਮ ਦਾ ਬੰਦਾ ਹੈ, ਪਿੰਡ ਵਿੱਚ ਕਈ ਤੀਵੀਆਂ ਨਾਲ ਉਸਦੇ ਨਜਾਇਜ਼ ਸਬੰਧ ਹਨ। ਤਾਰੋ ਵਿਚਾਰੀ ਰੋਕਦੀ ਤਾਂ ਜੱਗੂ ਉਸਦੀ ਛਿੱਤਰ-ਪਰੇਡ ਕਰਦਾ। ਅੱਜ ਵੀ ਕਿਸੇ ਗ਼ੈਰ-ਤੀਵੀ ਤੋਂ ਲੜਾਈ ਹੋ ਰਹੀ ਸੀ।

“ਦੇਖ ਕਾਕੇ ਦੇ ਬਾਪੂ ਮੈਥੋਂ ਤੇਰੀ ਆਹ ਗੱਲ ਭੋਰਾ ਨਹੀਂ ਜਰ ਹੁੰਦੀ। ਮੇਰੇ ਹੁੰਦੇ ਕੋਈ ਹੋਰ ਨਹੀਂ ਆ ਸਕਦੀ। ਆਈ ਤਾਂ ਟੰਗਾਂ ਭੰਨ ਦੇਵਾਂਗੀ, ਗੁੰਡੀ ਰੰਨ ਨਾ ਹੋਵੇ ਕਿਸੇ ਥਾਂ ਦੀ......?”

“ਠਹਿਰ...... ਤੈਨੂੰ ਮੈਂ ਕੁੱਝ ਕਹਿੰਦਾ ਨਹੀਂ, ਤੂੰ ਤਾਂ ਮੇਰੇ ਸਿਰ ਤੇ ਚੜ੍ਹਦੀ ਆਉਂਦੀ ਹੈਂ। ਮੈਂ ਤਾਂ ਤੈਨੂੰ ਤੀਰ ਵਾਂਗ ਸਿੱਧਾ ਕਰ ਦੇਵਾਂਗਾ। ਤੂੰ ਕਿਸ ਬਾਗ ਦੀ ਮੂਲੀ ਹੈਂ..?”

ਇਹ ਸੱਭ ਕਹਿ ਕੇ ਜਗੂ ਨੇ ਤਾਰੋ ਤੇ ਘਸੁੰਨਾਂ ਦੀ ਵਰਖਾ ਸ਼ੁਰੂ ਕਰ ਦਿੱਤੀ। ਬੱਚੇ ਡਰ ਨਾਲ ਚੀਕਾਂ ਮਾਰਨ ਲੱਗ ਪਏ। ਤਾਰੋ ਵੀ ਅੱਗੋਂ ਸਿੱਧੀ ਹੋ ਗਈ। ਆਖ਼ਰ ਕੱਦ ਤੱਕ ਮੁਕਾਬਲਾ ਕਰਦੀ, ਹਾਰ ਹੰਭ ਗਈ।

“ਮੇਰੇ ਤੇ ਹੱਥ ਚੁੱਕਿਆ, ਠਹਿਰ ਤੈਨੂੰ ਮੈਂ ਦੱਸਦਾਂ......? ਜੱਗੂ ਦੇ ਹੱਥ ਵਿੱਚ ਤਾਰੋ ਦੀ ਬਾਂਹ ਆ ਗਈ। ਤਾਰੋ ਦੀ ਬਾਂਹ ਮਰੋੜੀ ਤਾਰੋ ਦੀਆਂ ਚੀਕਾਂ ਨਿਕਲ ਗਈਆਂ। ਜੱਗੂ ਨੇ ਤਾਰੋ ਨੂੰ ਫੜ੍ਹ ਕੇ ਜ਼ਮੀਨ ਤੇ ਸੁੱਟ ਲਿਆ ।

“ਦੇ 'ਵਾਜ ਕਿਸੇ ਖਸਮ ਨੂੰ, ਤੇਰਾ ਮੈਂ ਅੱਜ ਸਿਆਪਾ ਹੀ ਮੁਕਾ ਦੇਣਾ ਹੈ.........।”

ਅੱਜ ਲੜਾਈ ਮਰਨ ਮਾਰਨ ਤੱਕ ਪਹੁੰਚ ਗਈ ਸੀ। ਜੱਗੂ ਦੇ ਸਿਰ ਤੇ ਜਿਵੇਂ ਖ਼ੂਨ ਸਵਾਰ ਸੀ। ਹੋਰ ਕੋਈ ਤਾਂ ਆਇਆ ਨਹੀਂ। ਹਾਂ, ਸਿਰਫ ਭੂਆ ਆਈ। ਤਾਰੋ ਦੇ ਗੁਆਂਢ ਸਾਂਝੀ ਕੰਧ ਸੀ ਉਸ ਦੀ। ਤਾਰੋ ਤੇ ਜੱਗੂ ਨੂੰ ਖ਼ੂਬ ਪਿਆਰ ਕਰਦੀ ਸੀ ਤੇ ਦੋਵੇਂ ਭੂਆ ਦੀ ਰੱਜ ਕੇ ਇੱਜ਼ਤ ਕਰਦੇ।

“ਵੇ ਕੰਜਰਾ! ਕਿਉਂ ਮਾਰਨ ਲੱਗਾ ਹੈ, ਕੁੱਝ ਤਾਂ ਸ਼ਰਮ ਕਰ, ਗਊ ਗਰੀਬ ਤੇ ਤਰਸ ਕਰ। ਇਹਨਾਂ ਜੁਆਕਾਂ ਵੱਲ ਦੇਖ! ਕਿਵੇਂ ਸੇਮੇ-ਸੇਮੇ ਬੈਠੇ ਹਨ? ਕਿਉਂ ਨਿੱਤ

ਕੰਜਰ ਖਾਨਾ ਕਰਦਾ ਹੈ..?"

ਭੂਆ ਨੇ ਦੋ-ਚਾਰ ਚਪੇੜਾਂ ਜੱਗੂ ਦੇ ਕੱਢ ਮਾਰੀਆਂ ਤੇ ਖਿੱਚ ਕੇ ਜੱਗੂ ਨੂੰ ਤਾਰੋ ਦੇ ਉੱਤੋਂ ਲਾਹ ਲਿਆ।

"ਬੇਬੇ ਇਹ ਲੁੱਚੀ ਰੰਨ ਆਪਣੇ ਆਪ ਨੂੰ ਪਤਾ ਨਹੀਂ ਕੀ ਸਮਝਦੀ ਹੈ? ਫੇਰ ਨਾ ਲੋਕੀ ਕਹਿਣ ਜੱਗੂ ਨੇ ਆਪਣੀ ਤੀਵੀਂ ਮਾਰ ਦਿੱਤੀ......।"

"ਭੂਆ ਤੂੰ ਕਿਉਂ ਆਈ? ਮਾਰ ਲੈਣ ਦੇਣਾ ਸੀ, ਮੇਰੀ ਤਾਂ ਕਿਸਮਤ ਹੀ ਮਾੜੀ। ਪਹਿਲੇ ਦੋ ਮਰ-ਮੁੱਕ ਗਏ। ਇਹ ਮੈਨੂੰ ਮਾਰਨ ਲਈ ਤਿਆਰ ਬੈਠਾ ਹੈ ਤੇ ਮੈਂ ਜੂ ਕੁੱਤੀ ਦੀ ਤਰ੍ਹਾਂ ਨਿਆਣੇ ਜੰਮੀ ਜਾਂਦੀ ਹਾਂ..।"

ਇਹ ਸੱਭ ਕਹਿ ਕੇ ਤਾਰੋ ਉੱਚੀ-ਉੱਚੀ ਰੋਣ ਲੱਗ ਪਈ, ਤੇ ਭੂਆ ਚੁੱਪ ਕਰਵਾਉਂਦੀ ਬੋਲੀ, "ਤੂੰ ਕਿਉਂ ਰੋਂਦੀ ਏਂ ਮੇਰੀਏ ਧੀਏ! ਵੇ ਕੰਜਰਾ ਤੀਵੀਂ ਦਾ ਕੀ ਹੈ? ਕੰਧ ਕੁੱਟ ਲਈ ਤੀਵੀਂ ਕੁੱਟ ਲਈ ਇੱਕ ਬਰਾਬਰ ਹੈ, ਤੂੰ ਕੁੱਟ ਕੇ ਕੋਈ ਸੂਰਮਾ ਨਹੀਂ ਬਣਦਾ......।"

"ਬੇਬੇ ਇੱਥੇ ਤੇਰੇ ਸਾਹਮਣੇ ਕਿਵੇਂ ਚਲਿੱਤਰ ਕਰਦੀ ਹੈ, ਭੂਆ ਅੱਜ ਤਾਂ ਤੇਰੇ ਕਹਿਣ ਤੇ ਛੱਡ ਦਿੱਤਾ, ਜੇ ਬੰਦੇ ਦਾ ਪੁੱਤ ਨਾ ਬਣੀ ਤਾਂ ਮੈਥੋਂ ਬੁਰਾ ਕੋਈ ਨਹੀਂ...?"

"ਦਫ਼ਾ ਹੋ ਜਾ! ਵੱਡਾ ਜੈਲਾ ਜੰਮਿਆ। ਮਾਰ-ਮਾਰ ਛਿੱਤਰ ਤਾਲੂ ਗੰਜਾ ਕਰ ਦੇਵਾਂਗੀ..।" ਭੂਆ ਦੇ ਬੋਲਾਂ ਵਿੱਚ ਗੁੱਸਾ ਸਾਫ਼ ਦਿਖਾਈ ਦੇ ਰਿਹਾ ਸੀ।

"ਤਾਰੋ ਦੀ ਬੇਬੇ ਅੱਜ ਫਿਰ ਦਿਆਲਪੁਰ ਵਾਲੇ ਆਈ ਸੀ....। ਆਖਦੇ ਸੀ ਸਾਨੂੰ ਵਿਆਹ ਛੇਤੀ ਚਾਹੀਦਾ ਹੈ। ਮੈਂ ਕਹਿ ਦਿੱਤਾ ਹਾਲੀ ਤਿਆਰੀ ਕਰਨੀ ਹੈ। ਫਿਰ ਮਾਮਲਾ ਜੂ ਧੀ ਦਾ ਹੋਇਆ, ਟਾਈਮ ਤਾਂ ਮਿਲਣਾ ਚਾਹੀਦਾ ਹੈ। ਨਾਲੇ ਫਿਰ ਤਾਰੋ ਦੀ ਬੇਬੇ ਰਿਸ਼ਤਾ ਹੋਏ ਨੂੰ ਕਿੰਨਾ ਟਾਈਮ ਹੋਇਆ, ਬੱਸ ਦੋ ਕੁ ਮਹੀਨੇ...।" ਆਟੇ ਵਾਲੇ ਪੀਪੇ ਵਿੱਚੋਂ ਹੱਥ ਕੱਢਦੀ ਤਾਰੋ ਦੀ ਮਾਂ ਬੋਲੀ।

"ਤਾਰੋ ਦੇ ਬਾਪੂ ਤੇਰੀ ਮੱਤ ਨੂੰ ਕੀ ਹੋ ਗਿਆ? ਜੇ ਉਹ ਵਿਆਹ ਮੰਗਦੇ ਸੀ ਤਾਂ ਉਹਨਾਂ ਦੀ ਮਰਜ਼ੀ। ਆਪਾਂ ਕਿਹੜਾ ਧੀ ਬੂਹੇ ਤੇ ਬਿਠਾ ਰੱਖਣੀ। ਧੀਆਂ ਤਾਂ ਰਾਜੇ ਮਾਹਰਾਜੇ ਵੀ ਨਹੀਂ ਰੱਖ ਸਕੇ ਤਾਂ ਆਪਾਂ ਕਿਸਦੇ ਪਾਣੀਹਾਰ.....? ਤੇਰੀ ਨਾਂਹ ਨੁੱਕਰ ਨਾਲ ਕੁੜਮ ਨਰਾਜ਼ ਹੀ ਨਾ ਹੋਣ ਜਾਣ........? ਮੇਰੀ ਗੱਲ ਮੰਨੋ ਤਾਂ ਕੁੜਮਾਂ ਨਾਲ

ਛੇਤੀ-ਛੇਤੀ ਗੱਲ ਕਰ ਲਉ, ਅਸੀਂ ਤਾਂ ਉਹਨਾਂ ਦੀ ਗੱਲ ਨਹੀਂ ਮੋੜਨੀ......।"

"ਚੰਗਾ ਜਿਵੇਂ ਤੇਰੀ ਮਰਜ਼ੀ ਤਾਰੋ ਦੀ ਬੇਬੇ, ਮੈਂ ਤਾਂ ਸੋਚਿਆ ਸੀ ਵਿਆਹ ਬੜੀ ਸ਼ਾਨ ਨਾਲ ਕਰਾਂਗੇ। ਸੁੱਖ ਨਾਲ ਸਾਡੀ ਇੱਕੋ-ਇੱਕ ਧੀ ਹੈ। ਸਾਡਾ ਕਿਹੜਾ ਪੁੱਤ ਹੈ? ਤਾਰੋ ਸਾਡੀ ਧੀ ਵੀ ਹੈ ਤੇ ਪੁੱਤ ਵੀ....।"

"ਨਈਂ-ਨਈਂ ਐਵੇਂ ਕਮਲੀਆਂ ਗੱਲਾਂ ਨਹੀਂ ਕਰੀਦੀਆਂ, ਤੁਸੀਂ ਤਰੀਕ ਪੱਕੀ ਕਰੋ, ਵਾਹਿਗੁਰੂ ਆਪੇ ਭਲੀ ਕਰੇਗਾ, ਉਹ ਸੱਭ ਦਾ ਮਾਲਕ ਹੈ..।"

ਤਾਰੋ ਤੇ ਸੁਰਜੀਤ ਦਾ ਵਿਆਹ ਬੜੇ ਖੁਸ਼ੀਆਂ ਅਤੇ ਚਾਵਾਂ ਨਾਲ ਹੋਇਆ। ਪਿਉ ਨੇ ਤਾਰੋ ਨੂੰ ਵਿਤੋਂ ਬਾਹਰ ਹੋ ਕੇ ਦਾਜ ਦਿੱਤਾ। ਡੋਲੀ ਤੁਰਨ ਲੱਗਿਆਂ ਮਾਂ-ਪਿਉ ਦੋਵੇਂ ਧੀ ਦੇ ਗਲ ਲੱਗ ਕੇ ਖੂਬ ਰੋਏ। ਬੰਦਾ ਕੁੱਝ ਨਹੀਂ ਕਰਦਾ, ਇਹ ਤਾਂ ਰੀਤ ਹੈ ਦੁਨੀਆ ਦੀ। ਸੁੱਖ ਨਾਲ ਸੁਰਜੀਤ ਵੀ ਮਾਂ-ਪਿਉ ਦਾ ਇੱਕੋ-ਇੱਕ ਪੁੱਤ, ਜ਼ਮੀਨ-ਜਾਇਦਾਦ ਰੱਬ ਦੀ ਕਿਰਪਾ ਨਾਲ ਬਹੁਤ। ਸੁਰਜੀਤ ਦੀ ਮਾਂ ਚੰਨ ਵਰਗੀ ਨੂੰਹ ਪਾ ਕੇ ਖੁਸ਼ੀ ਵਿੱਚ ਭੱਜੀ ਫਿਰ ਰਹੀ ਸੀ। ਸੁਰਜੀਤ ਨੇ ਤਾਂ ਆਪੇ ਖੁਸ਼ ਹੋਣਾ ਸੀ, ਰੰਨ ਜੁ ਪਟੋਲੇ ਵਰਗੀ ਮਿਲ ਗਈ। ਰੱਬ ਨੇ ਹੁਸਨ ਵੀ ਤਾਰੋ ਨੂੰ ਖੂਬ ਦਿੱਤਾ। ਆਂਢ-ਗੁਆਂਢ ਦੀਆਂ ਤੀਵੀਆਂ ਜਦ ਤਾਰੋ ਦਾ ਮੂੰਹ ਦੇਖਦੀਆਂ ਤਾਂ ਸੁਰਜੀਤ ਦੀ ਮਾਂ ਨੂੰ ਵਧਾਈਆਂ ਦਿੰਦੀਆਂ। ਲੋਕ ਆਖਦੇ ਸੁਰਜੀਤ ਭਾਗਾਂ ਵਾਲਾ ਹੈ, ਜੋ ਉਸਨੂੰ ਚੰਨ ਵਰਗੀ ਵਹੁਟੀ ਮਿਲੀ ਹੈ। ਤਾਰੋ ਜਦ ਆਪਣੀ ਸਿਫ਼ਤ ਸੁਣਦੀ ਤਾਂ ਖੁਸ਼ੀ ਨਾਲ ਉਸਦਾ ਚਿਹਰਾ ਲਾਲ ਹੋ ਜਾਂਦਾ। ਸੁਰਜੀਤ ਵੀ ਪਿੰਡ ਵਿੱਚ ਛਾਤੀ ਚੌੜੀ ਕਰ ਕੇ ਫਿਰਦਾ। ਜਦ ਸੁਰਜੀਤ ਦੀ ਸੁਹਾਗ ਰਾਤ ਸੀ ਤਾਂ ਉਸ ਸੁਰਜੀਤ ਨੇ ਖੂਬ ਟੌਹਰ ਕੱਢੀ। ਸੁਰਜੀਤ ਜਦ ਅੰਦਰ ਆਇਆ ਤਾਂ ਤਾਰੋ ਤ੍ਰਬਕ ਕੇ ਇੱਕ ਪਾਸੇ ਹੋ ਗਈ। ਤਾਰੋ ਤੇ ਸੁਰਜੀਤ ਦੋਵੇਂ ਅੰਦਰ ਹੀ ਸਨ। ਸੁਰਜੀਤ ਮਲਕੜੇ ਜਿਹੇ ਤਾਰੋ ਕੋਲ ਆ ਕੇ ਬੈਠਦਿਆਂ ਬੋਲਿਆ, "ਸੋਹਣਿਉ! ਸਾਨੂੰ ਵੀ ਸੇਵਾ ਦਾ ਮੌਕਾ ਦਿਉ, ਭੋਰਾ ਮੁੱਖ ਸਾਨੂੰ ਵੀ ਦਿਖਾਉ। ਤੁਹਾਡੀਆਂ ਤਾਰੀਫਾਂ ਕਰਦਾ ਜੱਗ ਥਕਦਾ ਨਹੀਂ, ਸਾਨੂੰ ਵੀ ਪਤਾ ਲੱਗੇ ਆਖਰ ਤੁਸੀਂ ਚੀਜ਼ ਕੀ ਹੋ..?"

ਇਹ ਲਫਜ਼ ਕਹਿ ਕੇ ਸੁਰਜੀਤ ਨੇ ਪੋਲੇ ਜਿਹੇ ਤਾਰੋ ਦੀ ਠੋਡੀ ਨੂੰ ਫੜਿਆ, ਜਦ ਤਾਰੋ ਨੇ ਮੂੰਹ ਉੱਪਰ ਨੂੰ ਚੁੱਕਿਆ ਤਾਂ ਬੱਸ ਕਿਆਮਤ ਹੀ ਕਿਆਮਤ ਸੀ। ਸੁਰਜੀਤ ਬੱਸ ਵੇਖਦਾ ਹੀ ਰਹਿ ਗਿਆ। ਤਾਰੋ ਦਾ ਹੁਸਨ ਇੰਨਾਂ ਤੇਜ਼ ਗੱਲਾਂ 'ਚ ਲਾਲੀ ਡੁੱਲ੍ਹ-ਡੁੱਲ੍ਹ ਪੈਂਦੀ ਸੀ, ਮੋਟੀਆਂ-ਮੋਟੀਆਂ ਅੱਖਾਂ, ਤਲਵਾਰ ਵਰਗਾ ਤਿੱਖਾ ਨੱਕ, ਠੋਡੀ ਥੱਲੇ ਤਿੱਲ, ਮੱਥਾ ਚੌੜਾ, ਗੋਲ-ਮਟੋਲ ਮੂੰਹ। ਸੁਰਜੀਤ ਦਾ ਮੂੰਹ ਖੁਲ੍ਹਿਆ ਦਾ ਖੁਲ੍ਹਿਆ

ਹੀ ਰਹਿ ਗਿਆ। ਪੋਲੇ ਜਿਹੇ ਪਿਆਰ ਨਾਲ ਸੁਰਜੀਤ ਨੇ ਤਾਰੋ ਦੇ ਚੂੰਢੀ ਵੱਡੀ ਤੇ ਆਸ਼ਕੀ ਮਜ਼ਾਜ਼ ਵਿੱਚ ਬੋਲਿਆ, "ਸੱਚ ਹੀ ਤੇਰਾ ਸਾਰਾ ਜੱਗ ਪਾਣੀ ਭਰਦਾ ਹੈ, ਕੀ ਨਾਂ ਹੈ ਤੁਹਾਡਾ.........?"

ਤਾਰੋ ਸ਼ਰਮ ਨਾਲ ਪਾਣੀ-ਪਾਣੀ ਹੋ ਗਈ, ਬੱਸ ਮੂੰਹ ਨੀਵਾਂ ਕਰਦੀ ਬੋਲੀ, ਜੀ ਕਰਤਾਰ ਕੌਰ।"

"ਹਾਏ ਨੀ ਮੈਂ ਮਰ ਜਾਵਾਂ ਗੁੜ ਖਾ ਕੇ.....।"

ਇਹ ਲਫਜ਼ ਕਹਿ ਕੇ ਸੁਰਜੀਤ ਨੇ ਤਾਰੋ ਨੂੰ ਆਪਣੀ ਹਿੱਕ ਨਾਲ ਲਾ ਲਿਆ। ਤਾਰੋ ਦੇ ਸਰੀਰ ਚੋਂ ਅੱਗ ਜਿਹੀ ਨਿਕਲਣ ਲੱਗ ਪਈ।

ਰਾਤ ਬਤੀਤ ਹੋਈ ਤਾਰੋ ਤੇ ਸੁਰਜੀਤ ਇੱਕ ਦੂਜੇ ਤੋਂ ਬਗੈਰ ਇੱਕ ਵੀ ਪਲ ਨਾ ਰਹਿੰਦੇ। ਸੁਰਜੀਤ ਤੇ ਤਾਰੋ ਦਾ ਸਾਹ 'ਚ ਸਾਹ ਸੀ। ਸਮਾਂ ਆਪਣੀ ਚਾਲੇ ਚੱਲਦਾ ਗਿਆ। ਸੁਰਜੀਤ ਤੇ ਤਾਰੋ ਦੇ ਦੋ ਨਿਆਣੇ ਹੋ ਗਏ। ਸੁਰਜੀਤ ਇੱਕੋ ਇੱਕ ਪੁੱਤ ਹੋਣ ਕਰਕੇ ਹੱਦ ਤੋਂ ਵੱਧ ਲਾਡ ਨਾਲ ਰੱਖਿਆ ਸੀ। ਹੱਦੋਂ ਵੱਧ ਪਿਆਰ ਮਿਲਣ ਕਾਰਣ ਸੁਰਜੀਤ ਵਿਗੜ ਗਿਆ ਸੀ। ਸੁਰਜੀਤ ਭੈੜੀ ਸੋਹਬਤ ਵਿੱਚ ਪੈ ਗਿਆ। ਸ਼ਰਾਬ, ਜੂਆ ਭੈੜੀਆਂ ਆਦਤਾਂ ਸੁਰਜੀਤ ਨੂੰ ਪੈ ਗਈਆਂ। ਪਹਿਲਾਂ ਪਹਿਲ ਤਾਂ ਇਹ ਸੱਭ ਚੋਰੀ ਛੁਪੇ ਕਰਦਾ ਤੇ ਫਿਰ ਖੁਲੇਆਮ ਕਰਨ ਲੱਗ ਪਿਆ। ਤਾਰੋ ਕੁੱਝ ਕਹਿੰਦੀ ਤਾਂ ਉਸ ਨੂੰ ਮਾਰਦਾ, ਫਿਰ ਪਿਆਰ ਨਾਲ ਮਾਫੀ ਮੰਗ ਲੈਂਦਾ, ਗੱਲ ਆਈ ਗਈ ਹੋ ਜਾਂਦੀ।

ਇੱਕ ਦਿਨ ਸੁਰਜੀਤ ਅਤੇ ਉਸਦੇ ਦੋਸਤ ਬੈਠੇ ਸ਼ਰਾਬ ਪੀ ਰਹੇ ਸਨ। ਕਿਸੇ ਗੱਲੋਂ ਲੜਾਈ ਹੋ ਗਈ, ਸ਼ਾਇਦ ਪਿੰਡ ਦੀ ਕੋਈ ਪੁਰਾਣੀ ਦੁਸ਼ਮਣੀ ਸੀ। ਉਸ ਸਮੇਂ ਤਾਂ ਗੱਲ ਆਈ ਗਈ ਹੋ ਗਈ। ਕੁੱਝ ਦਿਨਾਂ ਬਾਅਦ ਸੁਰਜੀਤ ਬੱਚਿਆਂ ਸਮੇਤ ਟਰੈਕਟਰ ਤੇ ਬੈਠ ਸ਼ਹਿਰ ਜਾਣ ਲੱਗਾ ਸੀ ਕਿ ਰਸਤੇ ਵਿੱਚ ਲੜੇ ਹੋਏ ਪੁਰਾਣੇ ਦੋਸਤ ਮਿਲ ਗਏ। ਤਾਰੋ ਅਤੇ ਸੁਰਜੀਤ ਨੂੰ ਘੇਰ ਲਿਆ। ਸੁਰਜੀਤ ਦੇ ਚਿੱਤ ਚੇਤੇ ਵੀ ਨਹੀਂ ਸੀ। ਬੱਚਿਆਂ ਅਤੇ ਸੁਰਜੀਤ ਦਾ ਕਤਲ ਕਰ ਦਿੱਤਾ। ਤਾਰੋ ਉੱਥੇ ਹੀ ਬੇਹੋਸ਼ ਪਈ ਰਹੀ। ਪਤਾ ਨਹੀਂ ਕਦ ਅਤੇ ਕਿਵੇਂ ਘਰ ਪੁੱਜ ਗਈ, ਪੁਲਿਸ ਕਾਰਵਾਈ ਹੋਈ। ਬੁੱਢੀ ਮਾਂ ਗਮ ਵਿੱਚ ਹੀ ਮਰ ਮੁੱਕ ਗਈ। ਕੁੱਝ ਦਿਨਾਂ ਬਾਅਦ ਤਾਰੋ ਨੂੰ ਪਿਉ ਦੇ ਦਰ ਤੇ ਬੈਠਣਾ ਪਿਆ। ਭਰਿਆ ਭਰਾਇਆ ਘਰ ਸ਼ਰੀਕਾਂ ਦੇ ਹਵਾਲੇ ਕਰ ਦਿੱਤਾ, ਸ਼ਰੀਕਾ ਵੀ ਤਾਂ ਇਹੀ ਚਾਹੁੰਦਾ ਸੀ।

ਪਿਉ ਦੇ ਘਰ ਤਾਰੋ ਤਿੰਨ ਕੁ ਸਾਲ ਰਹੀ। ਪਿਉ ਨੂੰ ਇਹ ਕਿਵੇਂ ਠੀਕ ਲੱਗਦਾ

ਜਵਾਨ ਜਹਾਨ ਧੀ ਵਿਧਵਾ ਹੋ ਕੇ ਘਰ ਬੈਠ ਜਾਵੇ। ਤਾਰੋ ਦੀ ਉਮਰ ਵੀ ਕੋਈ ਖਾਸ ਨਹੀਂ ਸੀ, ਬੱਸ 24 ਕੁ ਸਾਲ ਦੀ ਸੀ। 19 ਕੁ ਸਾਲ ਦੀ ਉਮਰ 'ਚ ਸੁਰਜੀਤ ਨਾਲ ਵਿਆਹ ਹੋ ਗਿਆ ਸੀ। ਫਿਰ ਦੋ ਬੱਚੇ ਜਿਹੜੇ ਸੁਰਜੀਤ ਨਾਲ ਹੀ ਮਰ ਮੁੱਕ ਗਏ ਸਨ। ਤਾਰੋ ਦੇ ਪਿਉ ਨੇ ਤਾਰੋ ਵਾਸਤੇ ਮੁੰਡਾ ਵੇਖ ਲਿਆ। ਦੋ ਭਰਾ ਸਨ ਇੱਕ ਕਰਨੈਲ ਸਿੰਘ ਤੇ ਦੂਜਾ ਜਰਨੈਲ ਸਿੰਘ। ਕਰਨੈਲ ਵੱਡਾ ਤੇ ਜਰਨੈਲ ਛੋਟਾ।

"ਤਾਰੋ ਪੁੱਤ ਤੇਰੇ ਨਾਲ ਇੱਕ ਗੱਲ ਕਰਨੀ ਹੈ, ਮੇਰੀ ਗੱਲ ਵੱਲ ਧਿਆਨ ਦੇਵੀਂ....।"

"ਦੱਸ ਬਾਪੂ ਕਿਹੜੀ ਗੱਲ......?"

"ਦੇਖ ਪੁੱਤ ਮੇਰੀ ਗੱਲ ਗੌਰ ਨਾਲ ਸੁਣੀਂ, ਧੀਆਂ ਤਾਂ ਆਪਣੇ ਘਰ ਹੀ ਚੰਗੀਆਂ ਲੱਗਦੀਆਂ ਹਨ। ਧੀਆਂ ਤਾਂ ਵੱਡੇ-ਵੱਡਿਆਂ ਨੇ ਵੀ ਨਹੀਂ ਰੱਖੀਆਂ ਤਾਂ ਫਿਰ ਅਸੀਂ ਕਿਸਦੇ ਪਾਣੀ ਹਾਰ ਹਾਂ। ਦੇਖ ਪੁੱਤ ਜਿਹੜੀ ਗੱਲ ਮੈਂ ਤੇਰੇ ਨਾਲ ਕਰਨ ਲੱਗਾ ਹਾਂ, ਤੈਨੂੰ ਦੁੱਖ ਤਾਂ ਬੜਾ ਲੱਗੇਗਾ, ਮੁੜ ਤੇਰੇ ਜ਼ਖਮ ਹਰੇ ਕਰਨ ਵਾਲੀ ਗੱਲ ਹੈ। ਇਸ ਤੋਂ ਛੁੱਟ ਹੋਰ ਕੋਈ ਚਾਰਾ ਵੀ ਨਹੀਂ......।"

"ਹਾਂ ਹਾਂ ਦੱਸ ਬਾਪੂ ਜੋ ਤੇਰੇ ਚਿੱਤ 'ਚ ਹੈ, ਜੋ ਹੋਵੇਗਾ ਦੇਖਿਆ ਜਾਵੇਗਾ.........?"

"ਮੈਨੂੰ ਆਪਣੇ ਸ਼ੇਰ ਪੁੱਤ ਤੋਂ ਇਹੀ ਆਸ ਸੀ। ਦੇਖ ਪੁੱਤ! ਮੇਰਾ ਕੋਈ ਭਰੋਸਾ ਨਹੀਂ, ਕੱਲੀ ਪਹਾੜ ਜਿੱਡੀ ਜਿੰਦਗੀ ਕਿਵੇਂ ਬਤੀਤ ਕਰੇਂਗੀ......? ਜਿਉਂਦੇ ਰਹਿਣ ਵਾਸਤੇ ਤੀਵੀਂ ਨੂੰ ਬੰਦੇ ਦੇ ਸਹਾਰੇ ਦੀ ਲੋੜ ਪੈਂਦੀ ਹੈ। ਕਿਸ਼ਨਪੁਰ ਮੁੰਡਾ ਵੇਖਿਆ ਹੈ, ਸੁੱਖ ਨਾਲ 28 ਕੁ ਸਾਲ ਦਾ ਹੈ। ਸ਼ਹਿਰ 'ਚ ਦੁੱਧ ਵੇਚਣ ਦਾ ਕੰਮ ਕਰਦਾ ਹੈ। ਉਸਦਾ ਇੱਕ ਵੱਡਾ ਭਰਾ ਵੀ ਹੈ। ਤੇਰਾ ਸਾਕ ਛੋਟੇ ਨਾਲ ਪੱਕਾ ਕਰਨ ਬਾਰੇ ਸੋਚਿਆ ਹੈ।

ਪਿਉ ਦੀ ਆਹ ਗੱਲ ਸੁਣ ਕੇ ਤਾਰੋ ਦਾ ਗੱਚ (ਗਲਾ) ਭਰ ਗਿਆ ਤੇ ਬੜੀ ਮੁਸ਼ਕਲ ਨਾਲ ਬੋਲੀ। ਸੁਰਜੀਤ ਦੀ ਮੌਤ ਅਤੇ ਬਾਪੂ ਦੇ ਪਿਆਰ ਨੇ ਤਾਰੋ ਨੂੰ ਕਾਫੀ ਬਦਲ ਦਿੱਤਾ ਸੀ।

"ਬਾਪੂ ਮੇਰਾ ਭਾਰ ਤੈਥੋਂ ਝੱਲ ਨਹੀਂ ਨਾ ਹੁੰਦਾ....? ਮੈਂ ਤੇਰੇ ਤੇ ਭਾਰੂ ਹੋ ਗਈ, ਮੈਨੂੰ ਤਾਂ ਤੇਰੇ ਤੋਂ ਛੁੱਟ ਹੋਰ ਕਿਸੇ ਦਾ ਆਸਰਾ ਨਹੀਂ ਚਾਹੀਦਾ....।"

"ਨਹੀਂ ਨਹੀਂ ਮੇਰੀ ਕਮਲੀ ਧੀ ਨਾ ਹੋਵੇ ਤਾਂ, ਬੱਚੇ ਵੀ ਮਾਪਿਆਂ ਤੇ ਭਲਾ ਬੋਝ

ਹੁੰਦੇ ਨੇ? ਤੂੰ ਤਾਂ ਮੈਨੂੰ ਜਾਨ ਤੋਂ ਵੀ ਵੱਧ ਪਿਆਰੀ ਹੈਂ। ਮੈਂ ਤਾਂ ਹਾਲੀ ਤੇਰੇ ਵਰਗੀਆਂ ਦੱਸ ਧੀਆਂ ਨੂੰ ਕਮਾ ਕੇ ਖਵਾ ਸਕਦਾਂ ਹਾਂ। ਪਰ ਪੁੱਤ ਧੀਆਂ ਤਾਂ ਆਪਣੇ ਘਰ ਹੀ ਚੰਗੀਆਂ ਲੱਗਦੀਆਂ ਨੇ।"

ਤਾਰੋ ਨੇ ਪਿਉ ਦੀ ਗੱਲ ਮੰਨ ਲਈ। ਜਰਨੈਲ ਸਿੰਘ ਨਾਲ ਤਾਰੋ ਦਾ ਵਿਆਹ ਹੋ ਗਿਆ। ਸੁੱਖ ਨਾਲ ਜਰਨੈਲ ਸਿੰਘ ਬੜਾ ਮਿਲਣਸਾਰ ਬੰਦਾ ਨਿਕਲਿਆ। ਤਾਰੋ ਜਰਨੈਲ ਸਿੰਘ ਦੇ ਘਰ ਵੱਸ ਗਈ। ਤਾਰੋ ਦਿਆਲਪੁਰ ਵਾਲਾ ਗਮ ਭੁੱਲ ਗਈ। ਪਿਉ ਵੀ ਬੜਾ ਖੁਸ਼ ਹੋਇਆ, ਚੱਲੋ ਧੀ ਤਾਂ ਸੁਖੀ ਹੋਈ।

ਜਰਨੈਲ ਸਿੰਘ ਨੂੰ ਬੱਸ ਇੱਕੋ ਝੋਰਾ (ਦੁੱਖ) ਸੀ ਕਿ ਉਸਦਾ ਵੱਡਾ ਭਰਾ ਕਰਨੈਲ ਸਿੰਘ ਐਸ਼ ਪ੍ਰਸਤ, ਉਸਨੂੰ ਆਪਣੇ ਮਤਲਬ ਤੋਂ ਛੁੱਟ ਹੋਰ ਕੁੱਝ ਵੀ ਦਿਖਾਈ ਨਹੀਂ ਦਿੰਦਾ ਸੀ। ਨਿੱਤ ਸ਼ਰਾਬ ਪੀਂਦਾ, ਪਿੰਡ ਦੀਆਂ ਬਦਕਾਰ ਤੀਵੀਆਂ ਨਾਲ ਐਸ਼ ਪ੍ਰਸਤੀ ਕਰਦਾ। ਆਪਣੀ ਤੀਵੀਂ ਉਸਨੇ ਛੱਡੀ ਹੋਈ ਸੀ। ਚਾਹੇ ਜੋ ਵੀ ਸੀ, ਜਰਨੈਲ ਸਿੰਘ ਭਰਾ ਦੇ ਗਮ ਵਿੱਚ ਕਮਜੋਰ ਹੁੰਦਾ ਜਾਂਦਾ ਪਿਆ ਸੀ। ਤਾਰੋ ਹੌਂਸਲਾ ਦਿੰਦੀ ਆਖਦੀ, "ਆਪੇ ਵਾਹਿਗੁਰੂ ਮਿਹਰ ਕਰੂਗਾ ਭਾਅ ਜੀ ਨੂੰ ਵਾਹਿਗੁਰੂ ਆਪੇ ਸੁਮੱਤ ਦੇਵੇਗਾ। ਰੱਬ ਸੱਭ ਦੀ ਸੁਣਦਾ ਹੈ ਤੁਹਾਡੀ ਵੀ ਰੱਬ ਜ਼ਰੂਰ ਸੁਣੇਗਾ।"

ਜਰਨੈਲ ਸਿੰਘ ਨੂੰ ਕਾਰੋਬਾਰ ਦੇ ਚੱਕਰ ਵਿੱਚ ਅਕਸਰ ਸ਼ਹਿਰ ਜਾਣਾ ਪੈਂਦਾ। ਕਰਨੈਲ ਸਿੰਘ ਅਕਸਰ ਪਿੰਡ ਵਿੱਚ ਹੀ ਰਹਿੰਦਾ। ਅੱਜ ਵੀ ਜਰਨੈਲ ਸਿੰਘ ਨੂੰ ਸ਼ਹਿਰ ਕੰਮ ਲਈ ਜਾਣਾ ਪਿਆ। ਘਰ ਵਿੱਚ ਤਾਰੋ ਅਤੇ ਕਰਨੈਲ ਸਿੰਘ ਇਕੱਲੇ ਹੀ ਸੀ। ਕਰਨੈਲ ਸਿੰਘ ਦੀ ਅੱਖ ਅਕਸਰ ਤਾਰੋ ਦੇ ਹੁਸਨ ਤੇ ਸੀ, ਚਾਹੇ ਜਰਨੈਲ ਸਿੰਘ ਕਰਨੈਲ ਸਿੰਘ ਨੂੰ ਪਿਉ ਦੀ ਤਰ੍ਹਾਂ ਇੱਜ਼ਤ ਦਿੰਦਾ ਸੀ। ਤਾਰੋ ਕਰਨੈਲ ਸਿੰਘ ਨੂੰ ਜੇਠ ਨਹੀਂ ਸਹੁਰੇ ਦੀ ਥਾਂ ਸਮਝਦੀ ਸੀ। ਆਨੇ ਬਹਾਨੇ ਤਾਰੋ ਵੱਲ ਝਾਕਦਾ, ਦਿਲ ਵਿੱਚ ਪੱਕਾ ਧਾਰੀ ਬੈਠਾ ਸੀ ਕਿ ਇੱਕ ਦਿਨ ਜ਼ਰੂਰ ਤਾਰੋ ਦਾ ਘੁੱਟ ਭਰਨਾ ਹੈ, ਚਾਹੇ ਜੋ ਮਰਜ਼ੀ ਹੋ ਜਾਵੇ। ਅੱਜ ਕਰਨੈਲ ਸਿੰਘ ਨੂੰ ਚੰਗਾ ਮੌਕਾ ਮਿਲ ਗਿਆ। ਬੈਠਕ 'ਚ ਬੈਠੇ ਕਰਨੈਲ ਸਿੰਘ ਨੇ ਸ਼ਰਾਬ ਦਾ ਘੁੱਟ ਲਾਇਆ। ਕਰਨੈਲ ਸਿੰਘ ਦੇ ਦਿਲੋ-ਦਿਮਾਗ ਵਿੱਚ ਕਾਮ ਦਾ ਕੀੜਾ ਜਾਗ ਪਿਆ, ਤਾਰੋ ਵਿਚਾਰੀ ਨੂੰ ਚਿੱਤ ਚੇਤਾ ਵੀ ਨਹੀਂ ਸੀ। ਕਰਨੈਲ ਪੂਰੀ ਤਰ੍ਹਾਂ ਵੈਸ਼ੀਅਤ ਦਾ ਸ਼ਿਕਾਰ ਹੋ ਚੁੱਕਾ ਸੀ। ਬੈਠਕ ਵਿੱਚੋਂ ਉੱਠ ਕੇ ਕਮਰੇ ਵਿੱਚ ਆ ਗਿਆ। ਤਾਰੋ ਅੰਦਰ ਇਕੱਲੀ ਲੇਟੀ ਪਈ ਸੀ। ਦਰਵਾਜ਼ਾ ਵੈਸੇ ਹੀ ਬੰਦ ਸੀ। ਬੱਤੀ ਜੱਗਦੀ ਪਈ ਸੀ। ਲੇਟੀ ਹੋਈ ਤਾਰੋ ਵੱਲ ਵੇਖ ਕੇ ਕਰਨੈਲ ਦੀ ਨੀਅਤ ਹੋਰ ਖਰਾਬ ਹੋ ਗਈ। ਵੈਸੇ ਵੀ ਅੱਜ ਤਾਰੋ ਬਹੁਤ ਖੂਬਸੂਰਤ ਲੱਗਦੀ ਪਈ ਸੀ। ਕਾਹਲੀ ਕਾਹਲੀ ਕਰਨੈਲ ਨੇ

ਤਾਰੋ ਨੂੰ ਦਬੋਚ ਲਿਆ।

"ਭਾਅ ਜੀ! ਆਹ ਕੀ? ਕੁੱਝ ਤਾਂ ਸ਼ਰਮ ਕਰੋ, ਸਰਦਾਰ ਜੀ ਅੱਜ ਘਰ ਨਹੀਂ.....।" "ਹੀਂ-ਹੀਂ-ਹੀਂ ਵੈਸ਼ੀ ਹਾਸਾ ਹੱਸਦਾ ਬੋਲਿਆ, ਜਰਨੈਲ ਤੇ ਮੇਰੇ 'ਚ ਕੀ ਫ਼ਰਕ......? ਤੂੰ ਸੋਹਣੀ ਜੁ ਬਹੁਤ ਹੈਂ। ਤੇਰੀ ਜਵਾਨੀ ਦੇ ਤਾਂ ਦਿਆਲਪੁਰ ਵਾਲੇ ਵੀ ਦੀਵਾਨੇ ਸੀ। ਤੇਰੀ ਜਵਾਨੀ ਦਾ ਘੁੱਟ ਭਰਨ ਲਈ ਸੋਚੀ ਬੈਠਾ ਸੀ। ਅੱਜ ਮੌਕਾ ਨਹੀਂ ਜਾਣ ਦੇਣਾ ਚਾਹੇ ਜੋ ਮਰਜ਼ੀ ਹੋ ਜਾਵੇ....।"

ਕਰਨੈਲ ਸਿੰਘ ਨੇ ਤਾਰੋ ਨਾਲ ਬਲਾਤਕਾਰ ਕਰਨ ਦੀ ਬੜੀ ਕੋਸ਼ਿਸ਼ ਕੀਤੀ। ਤਾਰੋ ਨੇ ਸ਼ਰਾਬੀ ਹੋਏ ਕਰਨੈਲ ਨੂੰ ਧੱਕਾ ਮਾਰਿਆ ਤੇ ਆਪ ਦੌੜ ਕੇ ਦਰਵਾਜੇ ਤੋਂ ਬਾਹਰ ਹੋ ਗਈ। ਕਰਨੈਲ ਡਿੱਗ ਪਿਆ ਤੇ ਤਾਰੋ ਨੇ ਸਾਰੀ ਰਾਤ ਗੁਆਂਢੀਆਂ ਦੇ ਘਰ ਕੱਟੀ। ਪਿੰਡ ਵਿੱਚ ਇਹ ਗੱਲ ਅੱਗ ਵਾਂਗ ਫੈਲ ਗਈ ਕਿ ਕਰਨੈਲ ਆਪਣੀ ਛੋਟੀ ਭਾਬੀ ਨਾਲ ਬਲਾਤਕਾਰ ਕਰਨ ਲੱਗਾ ਸੀ। ਜਰਨੈਲ ਸਿੰਘ ਨੇ ਸੱਭ ਰਿਸ਼ਤੇ ਨਾਤੇ ਭੁੱਲ ਕੇ ਸ਼ਰਾਬੀ ਹੋਏ ਕਰਨੈਲ ਸਿੰਘ ਦੇ ਸਿਰ 'ਚ ਕਹੀ ਮਾਰ ਕੇ ਉਸਨੂੰ ਥਾਏਂ ਹੀ ਮੁਕਾ ਦਿੱਤਾ। ਭਰਾ ਹੱਥੋਂ ਭਰਾ ਕਤਲ ਹੋ ਗਿਆ। ਭਰਾ ਦੇ ਕਤਲ ਦੇ ਦੋਸ਼ ਵਿੱਚ ਜਰਨੈਲ ਸਿੰਘ ਨੂੰ ਉਮਰ ਕੈਦ ਹੋ ਗਈ। ਤਾਰੋ ਇੱਕ ਵਾਰ ਫਿਰ ਰੰਡੀ ਹੋ ਗਈ। ਇੱਕ ਵਾਰ ਫਿਰ ਤਾਰੋ ਦਾ ਸੱਭ ਕੁੱਝ ਉੱਜੜ ਗਿਆ। ਪਿਉ ਤੋਂ ਛੁੱਟ ਤਾਰੋ ਨੂੰ ਕਿਸੇ ਹੋਰ ਦਾ ਆਸਰਾ ਨਹੀਂ ਸੀ। ਰੱਬ ਨੂੰ ਪਤਾ ਨਹੀਂ ਕੀ ਮਨਜੂਰ? ਪਿਉ ਨੇ ਪਤਾ ਨਹੀਂ ਹੋਰ ਕੀ-ਕੀ ਵੇਖਣਾ ਸੀ..?"

ਪਿਉ ਨੇ ਦਿਲ 'ਚ ਧਾਰ ਲਿਆ, ਹੁਣ ਆਪਣੀ ਤਾਰੋ ਦਾ ਵਿਆਹ ਨਹੀਂ ਕਰਨਾ। ਜੋ ਕਿਸਮਤ ਵਿੱਚ ਹੋਵੇਗਾ ਦੇਖਿਆ ਜਾਵੇਗਾ। ਪਿਉ ਘਰੋਂ ਸੌਖਾ ਸੀ, ਜ਼ਮੀਨ ਜਾਇਦਾਦ ਚੰਗੀ ਸੀ।

ਸਮਾਂ ਹਮੇਸ਼ਾਂ ਆਪਣੀ ਚਾਲੇ ਚੱਲਦਾ ਰਹਿੰਦਾ ਹੈ, ਸਮਾਂ ਹਰ ਦੁੱਖ ਦਾ ਇਲਾਜ ਹੁੰਦਾ ਹੈ। ਸਮੇਂ ਦੇ ਨਾਲ ਤਾਰੋ ਦੇ ਜ਼ਖਮ ਭਰਨ ਲੱਗ ਪਏ। ਤਿੰਨ ਕੁ ਸਾਲ ਲੰਘ ਗਏ।

ਜਗਤਾਰ ਸਿੰਘ ਜਿਸਨੂੰ ਸਾਰੇ ਜੱਗੂ ਜੱਗੂ ਕਹਿ ਕੇ ਸੱਦਦੇ ਸੀ, ਉਸਦਾ ਅਕਸਰ ਤਾਰੋ ਦੇ ਪਿਉ ਨਾਲ ਉੱਠਣਾ ਬੈਠਣਾ ਸੀ। ਦੋ ਸਾਲ ਪਹਿਲਾਂ ਜਨਾਨੀ ਮਰ ਗਈ ਸੀ। ਤਾਰੋ ਦੇ ਪਿਉ ਨਾਲ ਦੁੱਖ ਸੁਖ ਸਾਂਝਾ ਕਰ ਲੈਂਦਾ ਸੀ।

ਇਹ ਠੀਕ ਹੈ ਰੱਬ ਨੇ ਤਾਰੋ ਨੂੰ ਦੁੱਖ ਬੜੇ ਦਿੱਤੇ, ਪਰ ਹੁਸਨ 'ਚ ਕੋਈ ਘਾਟ ਨਹੀਂ ਸੀ। ਇਹਨਾਂ ਦੁੱਖਾਂ-ਤਕਲੀਫਾਂ ਹੋਣ ਦੇ ਬਾਵਜੂਦ ਵੀ ਤਾਰੋ ਦੇ ਹੁਸਨ 'ਚ ਨਿਖਾਰ

ਆਉਂਦਾ ਗਿਆ। ਹੈ ਤਾਂ ਹੈਰਾਨੀ ਵਾਲੀ ਗੱਲ ਪਰ ਗੱਲ ਬਿਲਕੁੱਲ ਸੱਚੀ ਸੀ। ਰੱਬ ਨੂੰ ਵੀ ਪਤਾ ਨਹੀਂ ਕੀ ਮਨਜ਼ੂਰ ਸੀ? ਇਹ ਹੁਸਨ ਹੀ ਉਸਦਾ ਦੁਸ਼ਮਣ ਬਣ ਗਿਆ ਸੀ। ਜੱਗੂ ਤਾਰੋ ਦੇ ਹੁਸਨ ਦਾ ਦੀਵਾਨਾ ਸੀ। ਆਨੇ-ਬਹਾਨੇ ਤਾਰੋ ਦੇ ਪਿਉ ਨੂੰ ਮਿਲਦਾ ਰਹਿੰਦਾ ਸੀ।

ਜੇਕਰ ਗੌਰ ਨਾਲ ਵੇਖਿਆ ਜਾਵੇ ਤਾਂ ਸਾਡੇ ਸਮਾਜ ਵਿੱਚ ਅਨੇਕਾਂ ਕਿਸਮਾਂ ਦੇ ਬੰਦੇ ਮਿਲ ਜਾਂਦੇ ਹਨ। ਦੁਨੀਆ ਵਿੱਚ ਮਤਲਬ ਪ੍ਰਸਤ ਬੰਦਿਆਂ ਦੀ ਕੋਈ ਘਾਟ ਨਹੀਂ। ਇੱਕ ਪਾਸੇ ਤਾਂ ਬੰਦਾ ਇੰਨ੍ਹਾਂ ਦੁਖੀ ਹੁੰਦਾ ਹੈ, ਦੂਜੇ ਪਾਸੇ ਇਹ ਲੋਕ ਹਮੇਸ਼ਾਂ ਮੌਕੇ ਦੀ ਤਾਕ ਵਿੱਚ ਰਹਿੰਦੇ ਹਨ। ਇਹੀ ਹਾਲ ਜੱਗੂ ਦਾ ਸੀ। ਇੱਕ ਪਾਸੇ ਤਾਂ ਤਾਰੋ ਪੋਟਾ ਪੋਟਾ ਦੁਖੀ ਸੀ, ਦੂਜੇ ਪਾਸੇ ਇਸ ਬੰਦੇ ਨੂੰ ਆਪਣੀ ਹਵਸ ਤੋਂ ਛੁੱਟ ਕੁੱਝ ਹੋਰ ਦਿਖਾਈ ਨਹੀਂ ਦੇ ਰਿਹਾ ਸੀ। ਜੱਗੂ ਇੱਕ ਤੀਰ ਨਾਲ ਦੋ ਸ਼ਿਕਾਰ ਕਰਨਾ ਚਾਹੁੰਦਾ ਸੀ। ਇੱਕ ਤਾਰੋ ਦੇ ਪਿਉ ਤੇ ਤਾਰੋ ਨਾਲ ਵਿਆਹ ਕਰਕੇ ਅਹਿਸਾਨ ਕਰਨਾ ਚਾਹੁੰਦਾ ਸੀ ਅਤੇ ਦੂਜਾ ਤਾਰੋ ਦੇ ਹੁਸਨ ਦਾ ਘੁੱਟ ਭਰਨ ਲਈ ਕਾਹਲਾ ਸੀ। ਜੱਗੂ ਵਰਗੇ ਬੰਦੇ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੁੰਦੇ ਹਨ। ਜਿੰਨ੍ਹਾਂ ਚਿਰ ਮਰਜ਼ੀ ਉਹਨਾਂ ਦੇ ਕੋਲ ਰਹੋ, ਪਰ ਉਹਨਾਂ ਦੀ ਕਮੀਨਗੀ ਦੀ ਕੋਈ ਭਿਣਕ ਨਹੀਂ ਪੈਂਦੀ। ਜੱਗੂ ਨੇ ਚੰਗਾ ਮੌਕਾ ਦੇਖ ਕੇ ਤਾਰੋ ਨਾਲ ਆਪਣੇ ਵਿਆਹ ਬਾਰੇ ਗੱਲ ਤੋਰੀ। ਤਾਰੋ ਦਾ ਪਿਉ ਕਹਿਣ ਲੱਗਾ, "ਦੇਖ ਕਾਕਾ, ਮੇਰਾ ਚਿੱਤ ਨਹੀਂ ਮੰਨਦਾ......।"

ਅੱਗੋਂ ਜੱਗੂ ਬੜਾ ਚਲਾਕ ਸੀ, ਉਸਨੇ ਸੋ ਚਲਾਕੀਆਂ ਵਰਤ ਕੇ ਤਾਰੋ ਦੇ ਪਿਉ ਨੂੰ ਰਾਜ਼ੀ ਕਰ ਲਿਆ।

ਜੱਗੂ ਤੇ ਤਾਰੋ ਦਾ ਵਿਆਹ ਹੋ ਗਿਆ। ਤਿੰਨ ਕੁ ਸਾਲ ਜੱਗੂ ਤਾਰੋ ਨੂੰ ਮੱਖੀ ਵਾਂਗ ਚਿੰਬੜਿਆ ਰਿਹਾ। ਜਦੋਂ ਤਾਰੋ ਦਾ ਹੁਸਨ ਢਲਣ ਲੱਗਾ ਤਾਂ ਤਾਰੋ ਜੱਗੂ ਨੂੰ ਬੁਰੀ ਲੱਗਣ ਪਈ। ਜਗੂ ਐਸ਼ ਪ੍ਰਸਤ ਬੰਦਾ ਸੀ, ਖੁਲ੍ਹੇ ਆਮ ਬਦਕਾਰ ਤੀਵੀਆਂ ਨੂੰ ਘਰ ਲੈ ਆਉਂਦਾ, ਤਾਰੋ ਦੇ ਸਾਹਮਣੇ ਖੇਹ ਖਾਂਦਾ। ਨਿੱਤ ਘਰ ਵਿੱਚ ਕਲੇਸ਼ ਹੁੰਦਾ। ਜੱਗੂ ਅੱਜ ਵੀ ਰੇਸ਼ਮਾ ਨਾਮ ਦੀ ਬਦਕਾਰ ਤੀਵੀਂ ਨੂੰ ਘਰ ਲੈ ਆਇਆ। ਜੱਗੂ ਦੀ ਭੂਆ ਨੇ ਬੜਾ ਮੱਥਾ ਮਾਰਿਆ। ਜੱਗੂ ਦੇ ਪੱਲੇ ਕੁੱਝ ਨਾ ਪਿਆ। ਇਹ ਸੱਭ ਤਾਰੋ ਦੇ ਪਿਉ ਨੂੰ ਪਤਾ ਲੱਗਾ ਤਾਂ ਆਹਮਣੇ ਸਾਹਮਣੇ ਗੱਲਾਂ ਹੋਣ ਲੱਗੀਆਂ। ਇਸ ਵਕਤ ਤਾਰੋ ਦਾ ਪਿਉ ਬਹੁੱਤ ਗੁੱਸੇ ਵਿੱਚ ਸੀ। ਗੁੱਸੇ ਨਾਲ ਅੱਖਾਂ ਲਾਲ ਹੋ ਚੁੱਕੀਆਂ ਸਨ। ਤਾਰੋ ਦੀ ਹਾਲਤ ਅਤੇ ਬਦਕਾਰ ਜਨਾਨੀ ਨੂੰ ਵੇਖ ਕੇ ਤਾਰੋ ਦੇ ਪਿਉ ਦਾ ਖ਼ੂਨ ਖੌਲ੍ਹ ਗਿਆ।

"ਦੇਖ ਕਾਕਾ! ਅਸੀਂ ਕੋਈ ਕੰਜਰ ਨਹੀਂ। ਅਸੀਂ ਸ਼ਰੀਫ ਬੰਦੇ ਹਾਂ।

ਵਿਆਹ ਵਾਸਤੇ ਤੂੰ ਹੀ ਜ਼ੋਰ ਪਾਇਆ ਸੀ। ਮੇਰੀ ਤਾਰੋ ਤਾਂ ਪਹਿਲਾਂ ਹੀ ਬੜੀ ਦੁਖੀ ਸੀ। ਆਹ ਕੰਜਰੀ ਜਨਾਨੀ ਨੂੰ ਕਿਵੇਂ ਬਰਦਾਸ਼ਤ ਕਰ ਸਕਦੀ ਹੈ। ਨਾਲੇ ਮੇਰੀ ਕੁੜੀ ਨੂੰ ਮਾਰ-ਮਾਰ ਕੇ ਹਾਲੋਂ-ਬੇ-ਹਾਲ ਕਰ ਦਿੱਤਾ ਹੈ। ਅਸੀਂ ਕੁੜੀ ਤੈਨੂੰ ਮਾਰਨ ਨੂੰ ਨਹੀਂ ਦਿੱਤੀ ਸੀ। ਆਪਣੇ ਆਪ ਨੂੰ ਸੁਧਾਰ ਲੈ ਤੇ ਇਸ ਕੰਜਰੀ ਦਾ ਪਿੱਛਾ ਛੱਡਦੇ, ਨਹੀਂ ਤਾਂ ਮੈਥੋਂ ਬੁਰਾ ਕੋਈ ਨਹੀਂ........।"

"ਕੀ ਕਰ ਲਵੇਂਗਾ.........? ਮੈਂ ਨਹੀਂ ਤੇਰੀ ਪਰਵਾਹ ਕਰਦਾ। ਕੰਜਰੀ ਹੋਵੇਗੀ ਤੇਰੀ ਕੁੜੀ। ਇਹ ਤਾਂ ਮੇਰੀ ਜਨਾਨੀ ਹੈ। ਪਤਾ ਨਹੀਂ ਕਿਸ-ਕਿਸ ਨਾਲ..........."

"ਠਹਿਰ ਤੇਰੀ ਉਏ ਕੰਜਰਾ! ਤੂੰ ਸਾਨੂੰ ਸਮਝ ਕੀ ਰੱਖਿਆ ਹੈ?" ਤਾਰੋ ਦੇ ਪਿਉ ਦੇ ਬੋਲਾਂ 'ਚ ਗੁੱਸਾ ਤੇ ਅੱਖਾਂ ਵਿੱਚ ਜਵਾਲਾ ਸਾਫ ਦਿਖ ਰਹੀ ਸੀ।"

"ਤਾਇਆ ਇਸ ਕੰਜਰ ਨੇ ਆਪਣੇ ਆਪ ਨੂੰ ਸਮਝ ਕੀ ਰੱਖਿਆ ਹੈ? ਇਹ ਲਫਜ਼ ਸ਼ਰੀਕੇ 'ਚ ਲੱਗਦੇ ਤਾਰੋ ਦੇ ਭਰਾ ਅਤੇ ਨਾਲ ਆਏ ਹੋਰ ਮੁੰਡਿਆਂ ਨੇ ਕਹੇ ਤੇ ਜੱਗੂ ਨੂੰ ਗਲੋਂ ਫੜ ਲਿਆ। ਗੁੱਸੇ 'ਚ ਆਏ ਤਾਰੋ ਦੇ ਪਿਉ ਨੇ ਜੱਗੂ ਨੂੰ ਕੇਸਾਂ ਤੋਂ ਫੜ ਕੇ ਥੱਲੇ ਜ਼ਮੀਨ ਤੇ ਸੁੱਟ ਲਿਆ। ਘਸੁੰਨ, ਮੁੱਕੇ, ਲੱਤਾਂ ਮੀਂਹ ਦੀ ਤਰ੍ਹਾਂ ਵਰਨ ਲੱਗੇ। ਘਰ 'ਚ ਜੰਗ ਦਾ ਅਖਾੜਾ ਬਣ ਗਿਆ। ਮਾਰ-ਕੁਟਾਈ ਦੀਆਂ ਅਵਾਜ਼ਾਂ ਸੁਣ ਕੇ ਨਾਲ ਦੇ ਗੁਆਂਢੀ ਆ ਗਏ। ਬੜੀ ਮੁਸ਼ਕਲ ਨਾਲ ਜੱਗੂ ਨੂੰ ਹੇਠੋਂ ਕੱਢਿਆ। ਮਸਾਂ ਜੱਗੂ ਦੇ ਸਾਹ 'ਚ ਸਾਹ ਆਇਆ। ਤਾਰੋ ਦਾ ਪਿਉ ਗੁੱਸੇ ਚ ਬੋਲਿਆ, "ਉੱਠ ਤਾਰੋ, ਇਸ ਕੰਜਰ ਕੋਲ ਰਹਿਣ ਨਾਲੋਂ ਤੂੰ ਮੇਰੇ ਕੋਲ ਰਹਿ......।"

"ਠੀਕ ਹੈ ਤਾਇਆ ਅਸੀਂ ਮਰ ਨਹੀਂ ਗਏ, ਤਾਰੋ ਸਾਡੀ ਭੈਣ। ਇਸ ਕੁੱਤੇ ਦੇ ਪੁੱਤ ਨੂੰ ਤਾਂ ਵੇਖ ਲਵਾਂਗੇ, ਨਾਲੇ ਇਸਦੇ ਹਿਮਾਇਤੀਆਂ ਨੂੰ ਵੀ......।"

"ਕੰਜਰ ਦੇ ਨੱਕ 'ਚ ਨਕੇਲ ਨਾ ਪਾਈ ਤਾਂ ਅਸੀਂ ਬੰਦੇ ਦੇ ਪੁੱਤ ਨਹੀਂ।"

"ਤਾਇਆ ਫਿਕਰ ਕਿਉਂ ਕਰਦਾ ਹੈਂ? ਇਸ ਕੰਜਰ ਦਾ ਤਾਂ ਮੂੰਹ ਕਾਲਾ ਕਰਕੇ ਜਲੂਸ ਨਾ ਕੱਢਿਆ ਤਾਂ ਆਪਣੇ ਪਿਉ ਦੇ ਪੁੱਤ ਨਹੀਂ........।"

"ਬਾਪੂ ਕੰਜਰ ਨੂੰ ਬੰਦਾ ਬਨਾਉਣਾ ਪੈਣਾ ਹੈ.......। ਤਾਰੋ ਵੀ ਗੁੱਸੇ ਵਿੱਚ ਬੋਲੀ। ਖੂਬ ਕਲੇਸ਼ ਕਰਨ ਮਗਰੋਂ ਤਾਰੋ ਆਪਣੇ ਬੱਚਿਆਂ ਸਮੇਤ ਆਪਣੇ ਪਿਉ ਨਾਲ ਚਲੀ ਗਈ।



ਨੂਰਾਂ ਜਵਾਨ ਹੋਣ ਤੇ ਦਿਨ-ਬ- ਦਿਨ ਨਿਖਰ ਰਹੀ ਸੀ ਤੇ ਚਾਚੀ ਅੰਦਰ ਫਿਕਰ ਨਾਲ ਮਰਨ ਲੱਗ ਪਈ। ਹੱਦੋ ਵੱਧ ਸੋਹਣਾ ਰੂਪ ਵੀ ਕਈ ਵਾਰ ਆਪਣੇ ਹੀ ਲੇਖ ਖੋਟੇ ਕਰ ਜਾਂਦਾ ਏ।

# ਨੂਰਾਂ

ਪਰਨਾਲੇ ਵਿਚੋ ਲਹੂ ਵਗਦਾ ਵੇਖ ਕੇ ਚਾਚੀ ਦੇ ਦਿਲ ਨੂੰ ਹੌਲ ਪੈ ਗਈ। ਉਸ ਨੇ ਪਹਿਲਾਂ ਅੱਡੀਆਂ ਅੱਖਾਂ ਨਾਲ ਚੁਬਾਰੇ ਨੂੰ ਵੇਖਿਆ ਤੇ ਫੇਰ ਪਰਨਾਲੇ ਵਿਚੋਂ ਵਗਦੇ ਲਹੂ ਨੂੰ ਦੇਖਿਆ। ਉਸ ਦਾ ਚੁਬਾਰੇ ਚੜ ਕੇ ਵੇਖਣ ਦਾ ਜਿਗਰਾ ਨਾ ਪਿਆ। ਪਿੰਡਾਂ ਵਿੱਚ ਇਹੋ ਜਿਹੀਆਂ ਗੱਲਾਂ ਪੁਲਿਸ ਤੱਕ ਝੱਟ ਹੀ ਪੁੱਜ ਜਾਂਦੀਆਂ ਸਨ। ਪੁਲਿਸ ਨੇ ਚੁਬਾਰੇ ਤੇ ਚੜ੍ਹ ਕੇ ਸੱਤੇ ਤੇ ਉਸ ਦੀ ਘਰਵਾਲੀ ਨੂੰ ਹੱਥਕੜੀ ਪਾਈ ਤੇ ਆਪਣੇ ਨਾਲ ਲੈ ਗਏ। ਪਿੰਡ ਦੇ ਲੋਕ ਚੁਬਾਰੇ ਉਤੇ ਇੱਕਠੇ ਹੋਏ ਪਏ ਸਨ। ਚਾਚੀ ਨੇ ਦਿਲ ਕਰੜਾ ਕੀਤਾ ਤੇ ਚੁਬਾਰੇ ਦੀਆਂ ਪੌੜੀਆਂ ਚੜਨੀਆਂ ਸ਼ੁਰੂ ਕੀਤੀਆਂ । ਹਰੇਕ ਪੌੜੀ ਚੜ੍ਹਦਿਆਂ ਉਸ ਦਾ ਦਿਲ ਬੈਠਦਾ ਜਾ ਰਿਹਾ ਸੀ। ਅਖੀਰੀਲੀ ਪੌੜੀ ਤੇ ਜਾ ਕੇ ਦਿਲ ਕੀਤਾ ਕਿ ਮੁੜ ਜਾਵਾਂ । ਉਸ ਨੂੰ ਪਤਾ ਸੀ ਕਿ ਜਿਸ ਦੀ ਲਾਸ਼ ਉਸ ਕੋਲੋਂ ਨਹੀਂ ਦੇਖੀ ਜਾਣੀ, ਵੇਖਣੀ ਪੈਣੀ ਏ। ਚੁਬਾਰੇ ਉੱਤੇ ਪਿੰਡ ਦੇ ਲੋਕਾਂ ਦੇ ਮੋਢੇ ਤੋਂ ਉਸ ਨੇ ਵੇਖਿਆ ਨੂਰਾਂ ਦਾ ਧੜ ਸਿਰ ਤੋਂ ਵੱਖ ਹੋਇਆ ਪਿਆ ਸੀ ਤੇ ਖ਼ੂਨ ਵਗ ਕੇ ਪਰਨਾਲੇ ਤੱਕ ਆਇਆ ਪਿਆ ਸੀ। ਪੁਲਿਸ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲੈ ਰਹੀ ਸੀ। ਇਸ ਤੋਂ ਅੱਗੇ ਚਾਚੀ ਤੋਂ ਕੁੱਝ ਵੀ ਵੇਖਿਆ ਨਾ ਗਿਆ, ਉਹ ਪੁੱਠੇ ਪੈਰੀ ਆਪਣੇ ਘਰ ਆ ਗਈ।

ਨੂਰਾਂ ਉਸ ਦੀ ਜਠਾਣੀ ਦੀ ਕੁੜੀ ਸੀ। ਜੇਠਾਣੀ ਮਰ ਗਈ ਤਾਂ ਨੂਰਾਂ ਨੂੰ ਉਸ ਨੇ ਧੀਆਂ ਤੋਂ ਵੱਧ ਪਿਆਰ ਦਿੱਤਾ ਸੀ। ਜਦੋਂ ਨੂਰਾਂ ਜੰਮੀ ਸੀ ਤਾਂ ਉਸ ਦੇ ਮੂੰਹ ਤੋਂ ਡੁੱਲਦਾ ਨੂਰ ਦੇਖ ਕੇ ਉਸ ਨੇ ਹੀ ਉਸ ਦਾ ਨਾਂ ਨੂਰਾਂ ਰੱਖਿਆ ਸੀ।

ਸਾਥੀ ਦੀ ਕਮੀ ਨੂੰ ਉਹੀ ਮਹਿਸੂਸ ਕਰਦਾ ਏ, ਜਿਸ ਕੋਲ ਸਾਥੀ ਦੀ ਕਮੀ ਹੋਵੇ। ਜੇਠਾਣੀ ਦੇ ਪੂਰੇ ਹੋਣ ਤੋਂ ਦੋ ਕੁ ਸਾਲ ਮਗਰੋਂ ਜੇਠ ਵੀ ਚੜਾਈ ਕਰ ਗਿਆ। ਮਗਰੋਂ ਨੂਰਾਂ ਤੇ ਸੱਤਾ ਇੱਕਲੇ ਰਹਿ ਗਏ।

ਚਾਚੀ ਨੂਰਾਂ ਦੀ ਮਾਂ ਬਣੀ ਤੇ ਨੂਰਾਂ ਸੱਤੇ ਦੀ ਮਾਂ ਬਣੀ। ਪਰ ਮਾਂ ਦੀ ਗੈਰ-ਮੌਜੂਦਗੀ ਵਿਚ ਜ਼ਿੰਦਗੀ ਵਿੱਚ ਬਹੁਤ ਕੁੱਝ ਗੈਰ-ਮੌਜੂਦ ਰਹਿੰਦਾ ਹੈ। ਜਾਇਦਾਦ ਤਾਂ ਬਹੁਤ ਸੀ ਪਰ ਚਾਚੀ

ਦੇ ਮਨ ਵਿੱਚ ਕਦੀ ਲਾਲਚ ਨਾ ਆਇਆ ਉਸ ਨੇ ਨੂਰਾਂ ਨੂੰ ਤੇ ਸੱਤੇ ਨੂੰ ਚੰਗੇ ਤੋਂ ਚੰਗੇ ਸੰਸਕਾਰ ਦੇਣ ਦੀ ਕੋਸ਼ਿਸ਼ ਕੀਤੀ।

ਨੂਰਾਂ ਜਵਾਨ ਹੋਣ ਤੇ ਦਿਨ-ਬ-ਦਿਨ ਨਿਖਰ ਰਹੀ ਸੀ ਤੇ ਚਾਚੀ ਅੰਦਰ ਫਿਕਰ ਨਾਲ ਮਰਨ ਲੱਗ ਪਈ। ਹੱਦੋ ਵੱਧ ਸੋਹਣਾ ਰੂਪ ਵੀ ਕਈ ਵਾਰ ਆਪਣੇ ਹੀ ਲੇਖ ਖੋਟੇ ਕਰ ਜਾਂਦਾ ਏ।

ਦਿਨ ਬੀਤਦੇ ਗਏ ਤੇ ਇਕ ਦਿਨ ਚਾਚੀ ਨੇ ਬਜ਼ਾਰੋ ਮੁੜਦਿਆ ਨੂਰਾਂ ਨੂੰ ਬਨੇਰੇ ਉੱਤੇ ਗੁਲਾਬੀ ਰੰਗ ਦੀ ਚਾਦਰ ਸੁੱਕਣੇ ਪਾਉਂਦਿਆਂ ਦੇਖਿਆਂ । ਉਸ ਨੂੰ ਉਹ ਪੂਰਾ ਗੁਲਾਬੀ ਰੰਗ ਦਾ ਬੋਟ ਜਾਪ ਰਹੀ ਸੀ। ਆਪਣੇ ਬੋਟ ਦਾ ਗੁਲਾਬੀ ਭਾਅ ਵੇਖ ਉਹਦਾ ਮਨ ਡੋਲ ਪਿਆ ਤੇ ਆਪੇ ਈ ਬੁੜਬੁੜਾਉਣ ਲੱਗ ਪਈ, "ਰੱਬਾ ਇਸ ਬੋਟ ਨੂੰ ਚੁੰਝਾਂ ਵੱਜ ਇਹ ਲਹੂ-ਲੁਹਾਨ ਨਾ ਹੋਵੇ, ਸੁੱਖ ਰੱਖੀਂ"।

ਚਾਚੀ ਦੀ ਸਿਆਣੀ ਅੱਖ ਨੂਰਾਂ ਤੇ ਸੱਤੇ ਦੀ ਸ਼ਖਸੀਅਤ ਨੂੰ ਪਛਾਣਦੀ ਸੀ ਤੇ ਨੂਰਾਂ ਨਾਲ ਏਸੇ ਘਰ ਵਿਚ ਕੁੱਝ ਬੁਰਾ ਨਾ ਹੋਵੇ ਇਸ ਲਈ ਉਹ ਚਾਹੁੰਦੀ ਸੀ ਕਿ ਪਹਿਲਾਂ ਨੂਰਾਂ ਦਾ ਵਿਆਹ ਹੋਵੇ ਫਿਰ ਸੱਤੇ ਦਾ। ਸੱਤਾ ਵੀ ਇਹੋ ਚਾਹੁੰਦਾ ਸੀ। ਪਰ ਨੂਰਾਂ ਦੀ ਰੀਝ ਭਾਬੀ ਵੇਖਣ ਦੀ ਸੀ। ਆਖਣ ਲੱਗੀ, "ਚਾਚੀ ਭਾਬੀ ਨੂੰ ਮਾਂ ਦੀ ਥਾਂ ਤੇ ਸੱਤੇ ਨੂੰ ਪਿਓ ਨੇ ਤੋਰੀ ਏ"। ਚਾਚੀ ਨੇ ਬਹੁਤ ਸਮਝਾਇਆ ਕਿ ਬਾਅਦ ਦਾ ਪਤਾ ਨਹੀ ਹੁੰਦਾ ਤੂੰ ਪਹਿਲਾਂ ਆਪਣੇ ਘਰ ਜਾ, ਪਰ ਨੂਰਾਂ ਦੀ ਜਿੱਦ ਅੱਗੇ ਚਾਚੀ ਨੂੰ ਝੁਕਣਾ ਪਿਆ।

ਸੱਤੇ ਲਈ ਕੁੜੀ ਪਸੰਦ ਕਰਨ ਤੋਂ ਬਾਅਦ ਵਿਆਹ ਦਾ ਦਿਨ ਮਿੱਥਿਆ ਗਿਆ। ਵਿਆਹ ਦੀਆਂ ਸਾਰੀਆਂ ਤਿਆਰੀਆਂ ਨੂਰਾਂ ਨੇ ਆਪਣੇ ਹੱਥੀਂ ਕੀਤੀਆਂ। ਭਾਬੀ ਦੀਆਂ ਚੁੰਨੀਆਂ ਨੂੰ ਗੋਟਾ ਲਾਇਆ । ਸੂਟਾਂ ਉੱਤੇ ਸਿਤਾਰਿਆਂ ਨਾਲ ਵੇਲ-ਬੂਟੇ ਬਣਾਏ। ਵੀਰ ਦਾ ਸਿਹਰਾ ਵੇਖ ਕੇ ਉਸਦੇ ਤਾਂ ਪੈਰ ਹੀ ਭੁੰਜੇ ਨਹੀਂ ਸਨ ਲੱਗ ਰਹੇ।

ਭਾਬੀ ਦੀ ਡੋਲੀ ਘਰ ਆਉਣ ਨਾਲ ਨੂਰਾਂ ਨੂੰ ਹੁਣ ਘਰ ਪੂਰਾ-ਪੂਰਾ ਜਾਪਣ ਲੱਗ ਪਿਆ। ਉਹਨੂੰ ਲੱਗਾ ਕਿ ਹੁਣ ਮੈਨੂੰ ਵੀ ਮਾਪਿਆਂ ਦੀ ਠੰਡੀਠੰਡੀ ਹਵਾ ਆਇਆ ਕਰੂ। ਚੁਬਾਰੇ ਦੇ ਇਕ ਕਮਰੇ ਵਿਚ ਭਰਾ-ਭਾਬੀ ਤੇ ਦੂਜੇ ਕਮਰੇ ਵਿਚ ਉਹ ਆਪ ਸੌਂ ਜਾਂਦੀ। ਹੇਠਾਂ ਡੰਗਰਵੱਛਾ ਰੱਖਿਆ ਹੋਇਆ ਸੀ।

ਦਿਨ ਚੜੇ 'ਤੇ ਨੂਰਾਂ ਨੇ ਵਾਹ ਲੈ ਕੇ ਬੂਹਾ ਖੜਕਾਇਆ । ਸੱਜ ਵਿਆਹੀ ਨੇ ਬੜੇ ਚਾਅ ਨਾਲ ਬੂਹਾ ਖੋਲਿਆ। ਸਾਹਮਣੇ ਨੂਰਾਂ ਚਾਹ ਲੈ ਕੇ ਖੜੀ ਸੀ ਤੇ ਨੂਰਾਂ ਦੇ ਪਿੱਛੇ ਚੜ੍ਹਦੇ ਸੂਰਜ ਦੀ ਲਾਲੀ। ਨੂਰਾਂ ਤੇ ਚੜਦੇ ਸੂਰਜ ਦੀ ਲਾਲੀ ਦੋਵੇਂ, ਸੱਜ ਵਿਆਹੀ

ਨੂੰ ਮਾਤ ਦੇ ਰਹੇ ਸਨ । ਭਾਬੀ ਨੂੰ ਅੰਦਰੋ ਅੰਦਰੀ ਧੱਕਾ ਜਿਹਾ ਵੱਜਾ । ਪਰ ਉਸ ਚਾਹ ਫੜ ਕੇ ਬੰਦ ਕਰ ਲਿਆ ਅਤੇ ਨੂਰਾਂ ਦੇਰ ਉੱਥੇ ਖੜੀ ਬੂਹੇ ਵੱਲ ਵੇਖਦੀ ਰਹੀ।

ਹੁਣ ਨੂਰਾਂ ਇਸ ਘਰ ਤੇ ਘਰ ਦੇ ਕੰਮਾਂ ਤੋਂ ਆਜ਼ਾਦੀ ਚਾਹੁੰਦੀ ਸੀ ਉਹ ਚਾਹੁੰਦੀ ਸੀ ਕਿ ਹੁਣ ਇਸ ਘਰ ਦੀ ਮਾਲਕਣ ਆ ਗਈ ਹੈ ਆਪੇ ਉਹ ਆਪਣਾ ਘਰ ਸਾਂਭੇ ਤੇ ਮੈਨੂੰ ਛੁੱਟੀ ਦੇਵੇ।

ਪਰ ਸਿਆਣੇ ਆਖਦੇ, 'ਨੋਟ ਭੰਨਾਇਆ ਤੇ ਗਿਐ, ਮੁੰਡਾ ਵਿਆਇਆ ਤੇ ਗਿਐ'। ਸੱਤਾ ਸਾਰਾ ਦਿਨ ਘਰੋਂ ਨਾ ਜਾਂਦਾ। ਘਰਵਾਲੀ ਦਾ ਨਸ਼ਾ ਉਸ ਦੇ ਸਿਰ ਤੋਂ ਉਤਰਨ ਦਾ ਨਾਮ ਨਹੀਂ ਸੀ ਲੈ ਰਿਹਾ ਤੇ ਭਾਬੀ ਸਾਰਾ ਦਿਨ ਕਮਰੇ 'ਚੋਂ ਨਾ ਨਿਕਲਦੀ। ਨੂਰਾਂ ਬਾਹਰ ਖੜੀ ਕਦੀ ਭਾਬੀ ਨੂੰ ਤੇ ਕਦੀ ਸੱਤੇ ਨੂੰ ਅਵਾਜਾਂ ਮਾਰਦੀ ਪਰ ਦੋਂਵੇ ਕੰਨ ਬੰਦ ਕਰਕੇ ਅੰਦਰੇ ਬੈਠੇ ਰਹਿੰਦੇ । ਨੂਰਾਂ ਪਹਿਲਾਂ ਦੀ ਤਰ੍ਹਾਂ ਹੀ ਘਰ ਦੇ ਕੰਮਾਂ ਵਿੱਚ ਲੱਗੀ ਰਹਿੰਦੀ। ਹੁਣ ਉਸ ਨੂੰ ਭਾਬੀ 'ਮਾਂ' ਨਹੀਂ ਸਿਰਫ ਸੱਤੇ ਦੀ ਘਰਵਾਲੀ ਹੀ ਜਾਪਦੀ ਸੀ।

ਜਿਹੜਾ ਸੱਤਾ ਕਹਿੰਦਾ ਸੀ ਮੈਂ ਨੂਰਾਂ ਦੇ ਵਿਆਹ ਤੋਂ ਪਹਿਲਾਂ ਆਪਣਾ ਵਿਆਹ ਨਹੀਂ ਕਰਵਾਉਣਾ ਅੱਜ ਉਹੀ ਸੱਤਾ ਨੂਰਾਂ ਦੇ ਵਿਆਹ ਨੂੰ ਭੁੱਲ ਚੁੱਕਾ ਸੀ। ਭਾਬੀ ਦਾ ਤਾਂ ਨੂਰਾਂ ਨੂੰ ਪਤਾ ਹੀ ਲੱਗਾ ਕਿ ਉਹ ਕਦੋਂ ਉਸ ਦੇ ਨੂਰ ਤੋਂ ਈਰਖਾ ਨਾਲ ਭਰ ਕੇ ਉਸ ਨੂੰ ਰੋਲਣ ਦੀਆਂ ਸਕੀਮਾਂ ਘੜਨ ਲੱਗ ਪਈ।

ਪਹਿਲਾਂ ਘਰ ਵਿਚ ਨੂਰਾਂ ਤੇ ਸੱਤਾ ਇੱਕ ਦੂਜੇ ਨਾਲ ਛੋਟੀਆਂ-ਛੋਟੀਆਂ ਗੱਲਾਂ ਕਰਦੇ ਰਹਿੰਦੇ ਸਨ ਪਰ ਵਿਆਹ ਤੋਂ ਬਾਅਦ ਤਾਂ ਸੱਤੇ ਦਾ ਮੂੰਹ ਵੇਖਿਆਂ ਹੀ ਪਤਾ ਨਹੀਂ ਕਿੰਨੇ-ਕਿੰਨੇ ਦਿਨ ਲੰਘ ਜਾਂਦੇ। ਉਹ ਬੂਹੇ ਵਿੱਚ ਹੀ ਰੋਟੀ ਫੜਾ ਦਿੰਦੀ ਤੇ ਭਾਬੀ ਫੜ ਲੈਂਦੀ, ਨਾ ਕਦੀ ਉਸਨੂੰ ਕਿਸੇ ਨੇ ਅੰਦਰ ਆਉਣ ਲਈ ਕਿਹਾ ਤੇ ਨਾ ਕਦੀ ਉਹ ਖੁਦ ਅੱਗੇ ਗਈ।

ਕਦੀਂ-ਕਦੀਂ ਨੂਰਾਂ ਚਾਚੀ ਕੋਲ ਬੈਠ ਆਉਂਦੀ ਤੇ ਦੋ-ਚਾਰ ਗੱਲਾਂ ਕਰਕੇ ਮੁੜ ਆਉਂਦੀ । ਭਾਵੇਂ ਕਿ ਚਾਚੀ ਤੋਂ ਕੁਝ ਵੀ ਲੁਕਿਆ ਨਹੀਂ ਸੀ ਪਰ ਉਹ ਨੂਰਾਂ ਨੂੰ ਜਤਾਉਣਾ ਵੀ ਨਹੀਂ ਸੀ ਚਾਹੁੰਦੀ ਕਿ ਮੈਂ ਤੈਨੂੰ ਪਹਿਲਾਂ ਹੀ ਕਿਹਾ ਸੀ ਕਿ ਪਹਿਲਾਂ ਆਪਣਾ ਘਰ ਵਸਾ ਲੈ।

ਨੂਰਾਂ ਦੇ ਮੂੰਹ ਤੋਂ ਢਲੱਦਾ ਨੂਰ ਚਾਚੀ ਦੀਆਂ ਅੱਖਾਂ ਤੋਂ ਲੁਕਿਆ ਨਾ ਰਿਹਾ। ਚਾਚੀ ਬੜੇ ਹੱਥ ਪੈਰ ਮਾਰ ਰਹੀ ਸੀ ਕਿ ਨੂਰਾਂ ਛੇਤੀ ਤੋਂ ਛੇਤੀ ਆਪਣੇ ਘਰ ਚਲੀ ਜਾਵੇ। ਉਸ ਨੇ ਉਸਦੀ ਭਾਬੀ ਦੇ ਢਿੱਡ ਦਾ ਖੋਟ ਆਪਣੇ ਮਨ ਦੀਆਂ ਅੱਖਾਂ ਨਾਲ ਵੇਖ

ਲਿਆ ਸੀ। ਜਿਸ ਨੂਰਾਂ ਵੱਲ ਪਿੰਡ ਦੇ ਕਿਸੇ ਵੀ ਘਰ ਨੇ ਖੋਟੀ ਨੀਅਤ ਨਾਲ ਨਹੀਂ ਤੱਕਿਆ ਸੀ, ਹੁਣ ਉਹ ਖੋਟੀ ਨੀਅਤ ਵਾਲੀ ਉਸਦੇ ਆਪਣੇ ਹੀ ਘਰ ਵਿੱਚ ਅ ਗਈ ਸੀ।

ਨੂਰਾਂ ਦਾ ਅੱਜ ਸਵੇਰ ਦਾ ਚਿੱਤ ਥੋੜਾ ਖ਼ਰਾਬ ਰਿਹਾ ਸੀ। ਉੱਠ ਕੇ ਚਾਚੀ ਵੱਲ ਤੁਰ ਗਈ। ਦੁਪਹਿਰ ਦਾ ਰੋਟੀ ਪਾਣੀ ਵੀ ਉੱਥੇ ਹੀ ਖਾਧਾ ਤੇ ਰਾਤ ਦਾ ਵੀ। ਚਾਚੀ ਨੇ ਬਥੇਰਾ ਜੋਰ ਲਾਇਆ ਕਿ ਇੱਥੇ ਹੀ ਸੌਂ ਜਾ ਪਰ ਮਨ ਨਾ ਮੰਨਿਆ। ਉਹ ਉੱਠ ਪਈ ਤੇ ਤਾਰਿਆਂ ਦੀ ਛਾਵੇਂ ਚਾਚਾ ਵੀ ਉਸ ਦੇ ਪਿੱਛੇ-ਪਿੱਛੇ ਉਸ ਨੂੰ ਘਰ ਤੱਕ ਛੱਡਣ ਲਈ ਤੁਰ ਪਿਆ। ਘਰ ਤਾਂ ਭਾਵੇਂ ਲਾਗੇ ਹੀ ਸੀ ਫਿਰ ਵੀ ਚਾਚਾ ਨੂਰਾਂ ਨੂੰ ਪੌੜੀਆਂ ਚੜ੍ਹਦੇ ਪੈਰਾਂ ਦੀ ਆਵਾਜ਼ ਸੁਣ ਕੇ ਭਾਬੀ ਨੇ ਝੱਟ ਆਪਣੇ ਕਮਰੇ ਦਾ ਬੂਹਾ ਖੋਲ੍ਹਿਆ ਤੇ ਸੱਤੇ ਵੱਲ ਮੂੰਹ ਕਰਕੇ ਆਖਣ ਲੱਗੀ, 'ਅੱਧੀ ਰਾਤ ਨੂੰ ਕਿਹੜੇ ਯਾਰ ਨੂੰ ਮਿਲ ਕੇ ਆਈ ਏ?' ਸੱਤਾ ਆਪਣਾ ਲਾਚਾ ਫੜ੍ਹਦਾ ਉੱਠਿਆ ਤੇ ਉਹਨੇ ਭਾਬੀ ਦੇ ਕੰਨਾਂ ਉੱਤੇ ਤੜਾਕ ਕਰਦੀ ਚਪੇੜ ਮਾਰੀ ਤੇ ਕਹਿੰਦਾ, 'ਅੱਜ ਇਹ ਗੱਲ ਆਖੀ ਊ, ਮੁੜ ਕਦੇ ਨਾਂ ਆਖੀ, ਡੱਕਰੇ ਕਰ ਦਊ'।

ਭਾਬੀ ਨੇ ਅੱਗ ਤਾਂ ਨੂਰਾਂ ਦੇ ਪੱਲੇ ਬਨੰਣੀ ਸੀ ਪਰ ਉਸ ਦਾ ਤਾਂ ਆਪਣਾ ਹੀ ਘੱਗਰਾ ਸੜ ਗਿਆ ਸੀ। ਉਸ ਸੜੀ ਬਲੀ ਨੇ ਆਪਣੀ ਚੁੰਨੀ ਦੇ ਪੱਲ੍ਹੇ ਨੂੰ ਗੰਢ ਮਾਰੀ ਤੇ ਕਿਹਾ, "ਇਹ ਗੰਢ ਹੁਣ ਉਦਣ ਹੀ ਖੁੱਲ੍ਹੂ ਜਿੱਦਣ ਨੂਰਾਂ ਦੇ ਡੱਕਰੇ ਹੋ ਗਏ"।

ਨੂਰਾਂ ਦਾ ਹੁਣ ਘਰ ਵੜਨ ਨੂੰ ਜੀਅ ਨਾ ਕਰਦਾ। ਉਹ ਜ਼ਿਆਦਾ ਕਰਕੇ ਚਾਚੀ ਵੱਲ ਹੀ ਰਹਿੰਦੀ ਸੀ। ਸੱਤਾ ਨੂਰਾਂ ਦੇ ਵਿਆਹ ਦੀ ਜ਼ਿੰਮੇਵਾਰੀ ਤੋਂ ਬੇਮੁੱਖ ਹੋਇਆ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਸੀ।

ਨੂਰਾਂ ਨੇ ਚਾਚੀ ਘਰ ਰਹਿਣਾ ਸ਼ੁਰੂ ਕਰ ਦਿੱਤਾ। ਜਨਾਨੀ ਲਈ ਬੰਦੇ ਨੂੰ ਵੱਸ ਵਿਚ ਕਰਨਾ ਔਖਾ ਕੰਮ ਨਹੀਂ ਹੁੰਦਾ ਤੇ ਉਹ ਵੀ ਚਲਿੱਤਰਾਂ ਵਾਲੀ ਜਨਾਨੀ ਲਈ। ਨੂਰਾਂ ਤਾਂ ਸਾਰਾ ਦਿਨ ਆਪਣੀ ਚਾਚੀ ਘਰ ਰਹਿੰਦੀ ਪਰ ਉਸ ਦੀ ਭਾਬੀ ਪਿੰਡ ਦਾ ਇੱਕ-ਇੱਕ ਘਰ ਗਾਹ ਆਉਂਦੀ ਸੀ। ਸੱਤਾ ਵੀ ਹੁਣ ਆਪਣੀ ਜਨਾਨੀ ਦੀ ਚੁੱਕਣਾ ਵਿੱਚ ਆਉਣਾ ਸ਼ੁਰੂ ਹੋ ਗਿਆ ਸੀ। ਉਸ ਦੇ ਦਿਮਾਗ ਉੱਤੇ ਰੋਜ਼ ਨੂਰਾਂ ਦੇ ਘਰ ਨਾ ਆਉਣ ਦੀਆਂ ਕਹਾਣੀਆਂ ਦਾ ਜ਼ੋਰ ਪੈਣ ਲੱਗ ਪਿਆ ਸੀ । ਜਨਾਨੀ ਦੀ ਚੁੱਕਣਾ ਤਾਂ ਪੱਥਰ ਪਾੜ ਦਿੰਦੀ ਏ ਫਿਰ ਏਹ ਤਾਂ ਹੱਡ-ਮਾਸ ਦਾ ਬੰਦਾ ਸੀ।

ਉਪਰੋਂ ਨੂਰਾਂ ਚਾਚੀ ਘਰ ਜ਼ਿਆਦਾ ਤੋਂ ਜ਼ਿਆਦਾ ਸਮਾਂ ਬਿਤਾਉਂਦੀ ਤੇ ਇੱਧਰ ਭਾਬੀ ਸੱਤੇ ਦੇ ਜ਼ਿਆਦਾ ਤੋਂ ਜ਼ਿਆਦਾ ਕੰਨ ਭਰਦੀ।

ਭਾਣਾ ਵਰਤਣ ਵਾਲਾ ਹੋਵੇ ਤਾਂ ਮਨ ਦੀਆਂ ਆਂਦਰਾਂ ਨੂੰ ਪਹਿਲਾਂ ਹੀ ਖੋਹ ਲੈਣ ਪੈਂਦੀ ਏ। ਚਾਚੀ ਨੂਰਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਆਪਣੀਆਂ ਅੱਖਾਂ ਦੇ ਸਾਮ੍ਹਣੇ ਰੱਖਣਾ ਚਾਹੁੰਦੀ ਸੀ । ਉਹਦੇ ਲਈ ਤਾਂ ਉਹ ਇਕ ਗੁਲਾਬੀ ਰੰਗ ਦਾ ਬੋਟ ਸੀ। ਜਿੰਨੀ ਦੇਰ ਤੱਕ ਚਾਚੀ ਨੂਰਾਂ ਨੂੰ ਵੇਖ ਨਾ ਲੈਂਦੀ, ਉਨੀ ਦੇਰ ਤੱਕ ਉਸ ਨੂੰ ਝੋਰਾ ਜਿਹਾ ਲੱਗਾ ਰਹਿੰਦਾ, ਕਾਲਜਾ ਮੂੰਹ ਤੱਕ ਆਉਣ ਨੂੰ ਪੈਂਦਾ ਸੀ। ਚਾਚੀ ਨੂੰ ਨੂਰਾਂ ਨੂੰ ਵੇਖ ਕੇ ਡਰ ਜਿਹਾ ਲੱਗਣ ਲੱਗ ਪਿਆ ਸੀ। ਉਸ ਨੂਰਾਂ ਨੂੰ ਆਪ ਹੀ ਕਹਿ ਦਿੱਤਾ ਉਦੋਂ ਤੱਕ ਤੂੰ ਮੇਰੇ ਕੋਲ ਹੀ ਰਹਿ, ਜੇ ਸੱਤਾ ਕੁੱਝ ਆਖੂ ਤਾਂ ਮੈਂ ਆਪੇ ਗੱਲ ਕਰ ਲਊ"। ਨੂਰਾਂ ਅੱਛਾ ਚਾਚੀ ਕਹਿ ਕੇ ਅੰਦਰ ਚੱਲੀ ਗਈ।

ਚਾਚੀ ਦੇ ਘਰ ਨੂਰਾਂ ਪਹਿਲਾਂ ਵਾਂਗ ਹੀ ਨਿਖਰਣ ਲੱਗ ਪਈ ਸੀ ਤੇ ਉੱਧਰ ਉਸਦੀ ਭਾਬੀ ਸੜ ਕੇ ਕੋਲਾ ਬਣਨ ਲੱਗ ਗਈ। ਉਹ ਮੁੜ-ਮੁੜ ਆਪਣੇ ਪੱਲੇ ਦੀ ਗੰਢ ਵੇਖਦੀ ਤੇ ਖੱਬੀ ਗੱਲ ਤੇ ਹੱਥ ਰੱਖਦੀ ਤੇ ਕਹਿੰਦੀ "ਰੱਬਾਂ" ਕਿਹੜਾ ਵੇਲਾ ਆਵੇ ਤਾਂ ਮੈ ਉਸਨੂੰ ਦਾਅ ਤੇ ਲਾਵਾਂ।

ਨੂਰਾਂ ਹੁਣ ਪਹਿਲਾਂ ਦੀ ਤਰਾਂ ਖੁਸ਼ ਰਹਿਣ ਲੱਗ ਪਈ ਸੀ। ਦੋ ਕੁ ਹਫਤਿਆਂ ਮਗਰੋਂ ਨੂਰਾਂ ਕਹਿੰਦੀ, "ਚਾਚੀ ਮੈਂ ਘਰੇ ਆਪਣਾ ਕਮਰਾ ਵੇਖ ਆਵਾਂ ਤੇ ਦੋ-ਚਾਰ ਸੂਟ ਹੋਰ ਲੈ ਆਵਾਂ"। ਚਾਚੀ ਰੱਤਾ ਕੁ ਚੁੱਪ ਕਰਕੇ ਬੋਲੀ, ਨੂਰਾਂ ਮੈਂ ਸੂਟ ਲਿਆ ਦੇਵਾਂ। ਨੂਰਾਂ ਕਹਿੰਦੀ, 'ਚਾਚੀ ਮੈਂ ਕਿਹੜਾ ਦੂਰ ਜਾਣਾ ਹੈ ਆਹ ਦੋ ਘਰ ਛੱਡ ਕੇ ਤੇ ਘਰ ਏ, ਬੱਸ ਹੁਣੇ ਗਈ ਤੇ ਹੁਣੇ ਆਈ"।

ਚਾਚੀ ਨੇ ਅਣਚਾਹੇ ਮਨ ਨਾਲ ਹਾਂ ਤਾਂ ਘਰ ਦਿੱਤੀ ਪਰ ਉਹਦਾ ਜੀਅ ਨਾਲੇ ਹੀ ਘਬਰਾਉਣ ਲੱਗ ਪਿਆ। ਉਹ ਆਪ ਨੂਰਾਂ ਨੂੰ ਬੂਹੇ ਤੱਕ ਛੱਡਣ ਆਈ। ਨੂਰਾਂ ਤਾਂ ਚੱਲੀ ਗਈ ਪਰ ਆਪ ਉਹ ਮਣ-ਮਣ ਦੇ ਪੈਰਾਂ ਨਾਲ ਪਿੱਛੇ ਨੂੰ ਪਰਤ ਰਹੀ ਸੀ।

ਨੂਰਾਂ ਨੂੰ ਪੰਦਰਾਂ ਦਿਨਾਂ ਤੋਂ ਬੰਦ ਪਏ ਕਮਰੇ ਵਿਚ ਖਿਲਾਰਾ ਤੇ ਗੰਦਗੀ ਨਜ਼ਰ ਆਈ । ਸੋਚਿਆ ਸਫਾਈ ਕਰ ਲਵਾਂ ਫਿਰ ਕੱਪੜੇ ਲੈ ਕੇ ਚਲੀ ਜਾਊਂ । ਸਫਾਈ ਕਰਦਿਆ ਦੋ ਕੁ ਘੰਟੇ ਲੰਘ ਗਏ। ਸ਼ਾਮ ਪੈਣ ਤੇ ਸੱਤਾ ਵੀ ਘਰ ਆ ਗਿਆ। ਸੱਤਾ ਪਹਿਲਾਂ ਹੀ ਆਪਣੀ ਜਨਾਨੀ ਦੀ ਚੁੱਕਣਾ ਵਿਚ ਆ ਚੁੱਕਿਆ ਸੀ ਤੇ ਹੁਣ ਤਾਂ ਉਹ ਪੂਰੀ ਆਪਣੀ ਜਨਾਨੀ ਦੀ ਬੋਲੀ ਹੀ ਬੋਲਦਾ ਸੀ।

ਨੂਰਾਂ ਨੇ ਹਿੰਮਤ ਕੀਤੀ ਤੇ ਸੱਤੇ ਕਮਰੇ ਦਾ ਬੂਹਾ ਖੜਕਾਇਆ ਤੇ ਥੋੜਾ ਝਿਜਕਦਿਆਂ ਅੰਦਰ ਵੜ ਕੇ ਕਮਰੇ ਵਿੱਚ ਬੈਠੇ ਸੱਤੇ ਤੋਂ ਏਦਾਂ ਦੇ ਜਵਾਬ ਦੀ ਬਿੱਲਕੁੱਲ ਵੀ ਉਮੀਦ ਨਹੀਂ ਸੀ। ਉਹ ਅੱਡੀਆਂ ਅੱਖਾਂ ਨਾਲ ਸੱਤੇ ਵੱਲ ਵੇਖਣ ਲੱਗ ਪਈ ਤੇ ਇਹ

ਸਭ ਕੁੱਝ ਭਾਬੀ ਬੂਹੇ ਵਿੱਚ ਖੜੀ ਵੇਖ ਰਹੀ ਸੀ। ਨੂਰਾਂ ਨੇ ਆਪਣੇ ਮਨ ਨੂੰ ਸੰਭਾਲਦਿਆਂ ਜਵਾਬ ਦਿੱਤਾ, "ਸੱਤਿਆ ਇਹ ਘਰ ਜੇ ਮੇਰਾ ਵੀ ਏ, ਜਿੰਨੀ ਦੇਰ ਤੱਕ ਮੇਰਾ ਵਿਆਹ ਨਹੀਂ ਹੋ ਜਾਂਦਾ ਮੇਰਾ ਇਸ ਘਰ ਤੇ ਜਾਇਦਾਦ ਉੱਪਰ ਉਨਾਂ ਹੀ ਹੱਕ ਏ ਜਿੰਨਾ ਤੇਰਾ"।

ਏਨੀ ਗੱਲ ਸੁਣਦਿਆਂ ਸੱਤਾ ਤੇ ਭਾਬੀ ਉਸ ਦੇ ਦੁਆਲੇ ਹੋ ਗਏ, "ਕਿਹੜਾ ਘਰ ? ਕਿਹੜੀ ਜਾਇਦਾਦ? ਘਰ ਛੱਡ ਕੇ ਤੂੰ ਪਤਾ ਨਹੀਂ ਕਿਹੜੇ ਯਾਰਾਂ ਕੋਲ ਰਹਿੰਦੀ ਹੈ ਤੇ ਜਾਇਦਾਦ ਤੇ ਹਮੇਸ਼ਾਂ ਪੁੱਤਾਂ ਦੀ ਹੁੰਦੀਆਂ, ਧੀਆਂ ਦਾ ਕੋਈ ਹੱਕ ਨਹੀਂ ਹੁੰਦਾ ਏਸ 'ਤੇ।'

ਨੂਰਾਂ ਨੂੰ ਆਪਣੇ ਮੂੰਹ ਉੱਤੇ ਮਾਪਿਆਂ ਦੀ ਠੰਡੀ ਹਵਾ ਦੀ ਬਜਾਏ ਭਰਾ ਤੇ ਭਾਬੀ ਦੀ ਸੜਿਆਦ ਤੇ ਬਦਬੋ ਦਾ ਬੁੱਲਾ ਵੱਜਦਾ ਜਾਪਿਆ। ਉਹ ਉੱਥੋਂ ਉੱਠੀ ਤੇ ਆਖਣ ਲੱਗੀ, 'ਸੱਤਿਆ ਠੀਕ ਏ, ਜੇ ਤੂੰ ਵੀਰ ਨਹੀਂ ਰਿਹਾ ਤਾਂ ਮੈਂ ਵੀ ਹੁਣ ਤੇਰੀ ਭੈਣ ਨਹੀਂ, ਜੇ ਤੂੰ ਘਰੋਂ ਕੱਢਣ ਤੇ ਆ ਗਿਐ ਤਾਂ ਮੈਂ ਵੀ ਹੁਣ ਆਪਣਾ ਹੱਕ ਲੈ ਕੇ ਰਹੂੰ'।

ਇਹ ਸੁਣਦਿਆ ਹੀ ਭਾਬੀ ਨੇ ਉਸ ਦੀ ਬਾਂਹ ਮਰੋੜ ਕੇ ਉਸ ਨੂੰ ਥਾਂਈ ਸੁੱਟ ਲਿਆ ਅਤੇ ਸੱਤੇ ਨੇ ਲਾਗੇ ਪਈ ਕਹੀ ਦੇ ਨਾਲ ਨੂਰਾਂ ਦੀ ਧੌਣ ਉੱਤੇ ਇੱਕੋ ਹੀ ਵਾਰ ਕੀਤਾ । ਹੁਣ ਭਾਬੀ ਨੂੰ ਆਪਣੇ ਮੂੰਹ ਉੱਤੇ ਵੱਜੀ ਚਪੇੜ ਦਾ ਸੇਕ ਠੰਡਾ ਹੁੰਦਾ ਜਾਪ ਰਿਹਾ ਸੀ।



'ਅਸੀਂ ਕਿਹੜਾ ਉਥੇ ਛਾਊਣੀ ਪੌਣੀ ਆ, ਲੈ ਬੱਸ ਗਏ ਤੇ ਆਏ'...। ਇਹ ਜਵਾਬ ਦੇ ਕੇ ਬਿੰਦਰ ਟਰੈਕਟਰ ਟਰਾਲੀ ਲੈ ਕੇ ਭੱਠੇ ਨੂੰ ਨਿਕਲ ਗਿਆ ਤੇ ਜਾਂਦਾ ਜਾਂਦਾ ਅਵਾਜ ਦੇ ਗਿਆ, 'ਤੂੰ ਰੋਟੀ ਤਿਆਰ ਰੱਖੀਂ, ਆ ਕੇ ਦੋਵੇਂ ਇਕੱਠੇ ਹੀ ਖਾਵਾਂਗੇ' ਅੱਜ।

# ਹੋਣੀ

ਬਲਵਿੰਦਰ ਸਿੰਘ ਹਮੇਸ਼ਾਂ ਦੀ ਤਰ੍ਹਾਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੰਮ ਵਿੱਚ ਲੱਗਾ ਰਹਿੰਦਾ। ਕਦੀਂ ਖੇਤਾਂ ਨੂੰ, ਕਦੀਂ ਡੀਜਲ ਲੈਣ ਜਾਂ ਕਦੀ ਗੰਨਾਂ ਮਿੱਲ, ਅਤੇ ਇਸੇ ਤਰ੍ਹਾਂ ਦੇ ਖੇਤੀ ਦੇ ਨਿੱਕੇ ਮੋਟੇ ਕੰਮ ਸਾਰੇ ਹੀ ਬਿੰਦਰ (ਬਲਵਿੰਦਰ ਦਾ ਛੋਟਾ ਨਾਮ) ਦੇ ਉਪਰ ਈ ਤਾਂ ਸਨ। ਕੰਮ ਕਾਰ ਵਿੱਚ ਰੁੱਝਿਆਂ ਕਦੀ ਹੀ ਦੋ ਘੜੀਆਂ ਬੈਠਣ ਦਾ ਮੌਕਾ ਮਿਲਦਾ ਸੀ, ਜਦ ਉਹ ਆਪਣੀ ਪਤਨੀ ਮਨਜੀਤ ਅਤੇ ਬੱਚੀ ਰਾਜੀ ਨਾਲ ਪਿਆਰ ਦੀਆਂ ਦੋ ਗੱਲਾਂ ਕਰ ਸਕੇ। ਅਜੇ ਸ਼ਾਦੀ ਨੂੰ ਵੀ ਤਾਂ ਚਾਰ ਸਾਲ ਹੀ ਹੋਏ ਸਨ।

ਘਰ ਵਿੱਚ ਸਭ ਤੋਂ ਵੱਡਾ ਅਤੇ ਪੜ੍ਹਿਆਂ ਲਿਖਿਆ ਹੋਣ ਕਰਕੇ ਘਰ ਬਾਹਰ ਦਾ ਕੰਮ ਉਸੇ ਦੇ ਜਿੰਮੇ ਸੀ। ਬਿੰਦਰ ਕੱਦ ਕਾਠ ਵਿੱਚ ਉੱਚਾ ਲੰਬਾ ਗੱਭਰੂ ਅਤੇ ਖੂਬਸੂਰਤ ਨੌਜੁਆਨ ਸੀ। ਪੜ੍ਹਿਆ ਅਤੇ ਸਮਝਦਾਰ ਹੋਣ ਕਰਕੇ ਪਿੰਡ ਦੇ ਸਾਰੇ ਲੋਕ ਉਸਦਾ ਸਤਿਕਾਰ ਕਰਦੇ ਸਨ। ਉਸਦਾ ਸੁਭਾਅ ਵੀ ਬਹੁਤ ਚੰਗਾ ਅਤੇ ਜ਼ੁਬਾਨ ਦਾ ਇੰਨਾ ਰਸੀਲਾ ਸੀ ਕਿ ਹਰ ਇਕ ਦੇ ਮਨ ਨੂੰ ਮੋਹ ਲੈਂਦਾ ਸੀ। ਉਹ ਪਿੰਡ ਦੇ ਲੋਕਾਂ ਦੇ ਵੇਲੇ ਕੁਵੇਲੇ ਕੰਮ ਆਉਂਦਾ ਅਤੇ ਹਰ ਤਰ੍ਹਾਂ ਦੇ ਸਰਕਾਰੀ ਮਹਿਕਮੇ ਦੇ ਅਫਸਰਾਂ ਕੋਲੋਂ ਪਿੰਡ ਵਾਲਿਆਂ ਦਾ ਕੰਮ ਕਰਵਾ ਦਿੰਦਾ ਸੀ।

ਸਮਾਂ ਆਪਣੀ ਚਾਲੇ ਚਲਦਾ ਰਿਹਾ, ਇਸੇ ਤਰ੍ਹਾਂ ਦਿਨ ਬੀਤਦੇ ਗਏ। ਇੱਕ ਦਿਨ ਸਵੇਰੇ ਚਾਹ ਪਾਣੀ ਪੀਣ ਤੋਂ ਬਾਅਦ ਉਹ ਘਰ ਬੈਠਾ ਆਪਣੀ ਛੋਟੀ ਬੱਚੀ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰ ਰਿਹਾ ਸੀ, ਉਸਦਾ ਛੋਟਾ ਭਰਾ ਖੇਤੀਂ ਕਮਾਦ ਛਿਲਾਉਣ ਗਿਆ ਹੋਇਆ ਸੀ ਤਦ ਘਰੇਲੂ ਕੰਮਾਂ ਵਿੱਚ ਲੱਗੀ ਹੋਈ ਜੀਤਾਂ (ਮਨਜੀਤ ਦਾ ਛੋਟਾ ਨਾਮ) ਨੇ ਅਵਾਜ ਦੇ ਕੇ ਕਿਹਾ, ''ਉਠੋ ਨਹਾ ਧੋ ਲਵੋ ਅਤੇ ਫਿਰ ਰੋਟੀ ਖਾ ਲਵੋ।''

'ਅੱਜ ਤਾਂ ਵਿਹਲੇ ਹੀ ਹਾਂ ਅਤੇ ਘਰ ਹੀ ਰਹਿਣਾ, ਤੂੰ ਵੀ ਕੰਮ ਮੁਕਾ ਲਾ, ਤੇ ਫਿਰ ਇਕੱਠੇ ਹੀ ਰੋਟੀ ਖਾਵਾਂਗੇ' ਬਿੰਦਰ ਨੇ ਜਵਾਬ ਦਿੱਤਾ....।

'ਇਹ ਸੁਣ ਕੇ ਜੀਤਾਂ ਆਪਣੇ ਕੰਮ ਵਿੱਚ ਜਾ ਲੱਗੀ।'

ਇੰਨੇ ਨੂੰ ਬਾਹਰੋਂ ਬਿੰਦਰ ਦੀ ਮਾਤਾ ਆ ਗਈ ਅਤੇ ਕਹਿਣ ਲੱਗੀ, ''ਉੱਠਦਾ ਨਹੀਂ ਕਿੱਡਾ ਦਿਨ ਚੜ ਆਇਆ ਤੇ ਤੂੰ ਘਰੇ ਹੀ ਬੈਠਾ ਏਂ, ਵਿਹਲਿਆਂ ਵਾਂਗ। ਛੋਟਾ ਤੜਕੇ ਦਾ ਖੇਤਾਂ ਨੂੰ ਕਮਾਦ ਛਿਲਾਉਣ ਗਿਆ ਤੇ ਤੂੰ ਜਾ ਕੇ ਭੱਠੇ ਤੋਂ ਇੱਟਾਂ ਹੀ ਲੈ ਆ ਸਰਪੰਚ ਦੀਆਂ। ਕੱਲ ਫਿਰ ਉਹ ਕਹਿਣ ਆਇਆ ਸੀ।'

'ਕੋਈ ਨੀਂ, ਲਿਆ ਦਿਆਂਗੇ ਇੱਟਾਂ ਵੀ, ਬਥੇਰਾ ਦਿਨ ਪਿਆ ਅਜੇ, ਨਾਲੇ, ਜਸਪਾਲ ਆਉਂਦਾ ਹੀ ਹੋਊ ਆਪੇ ਲੈ ਆਊਗਾ ਜਾਕੇ' ਬਿੰਦਰ ਨੇ ਕਿਹਾ।

'ਉਹ ਕੋਈ ਲੋਹੇ ਦਾ ਬਣਿਆ ਆ, ਬਈ, ਸਾਰੇ ਕੰਮ ਉਹੋ ਕਰੇ ਤੇ ਤੂੰ ਬੈਠਾ ਰਹਿ ਵਹੁਟੀ ਦੇ ਕੋਲ..' ਮਾਤਾ ਨੇ ਜ਼ਰਾ ਗੁੱਸੇ ਨਾਲ ਕਿਹਾ।

ਅਜੇ ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਸਰਪੰਚ ਵੀ ਆ ਗਿਆ ਅਤੇ ਸਤਿ ਸ੍ਰੀ ਅਕਾਲ ਸਰਦਾਰ ਜੀ, ਕਹਿਕੇ ਮੰਜੇ ਤੇ ਬੈਠ ਗਿਆ ਤੇ ਕਹਿਣ ਲੱਗਾ, 'ਚੱਲ ਉੱਠ ਅੱਜ ਗੇੜਾ ਲਾ ਲਈਏ ਇੱਟਾਂ ਦਾ ਠੰਢੇ ਠੰਢੇ, ਬਿੰਦਰ ਸਿਆਂ।'

'ਅੱਛਾ ਬਈ ਚੱਲਦੇ ਆਂ, ਹੁਣ ਤਾਂ ਜਾਣਾ ਈ ਪੈਣਾ ਏ, ਇਹ ਕਹਿਕੇ ਬਿੰਦਰ ਨੇ ਅੰਦਰ ਜਾ ਕੇ ਕੱਪੜੇ ਪਾਏ ਅਤੇ ਟਰੈਕਟਰ ਵੱਲ ਨੂੰ ਹੋ ਗਿਆ, ਉੱਧਰੋਂ ਅੰਦਰੋ ਬਾਹਰ ਆਉਂਦਿਆਂ ਹੋਇਆਂ ਜੀਤਾਂ ਨੇ ਕਿਹਾ, 'ਬੁਰਕੀ ਰੋਟੀ ਖਾਂਦੇ ਜਾਓ, ਭੁੱਖ ਲੱਗ ਜਾਊਗੀ।'

'ਅਸੀਂ ਕਿਹੜਾ ਉਥੇ ਛਾਉਣੀ ਪੌਣੀ ਆ, ਲੈ ਬੱਸ ਗਏ ਤੇ ਆਏ'...। ਇਹ ਜਵਾਬ ਦੇ ਕੇ ਬਿੰਦਰ ਟਰੈਕਟਰ ਟਰਾਲੀ ਲੈ ਕੇ ਭੱਠੇ ਨੂੰ ਨਿਕਲ ਗਿਆ ਤੇ ਜਾਂਦਾ ਜਾਂਦਾ ਅਵਾਜ ਦੇ ਗਿਆ, 'ਤੂੰ ਰੋਟੀ ਤਿਆਰ ਰੱਖੀਂ, ਆ ਕੇ ਦੋਵੇਂ ਇਕੱਠੇ ਹੀ ਖਾਵਾਂਗੇ' ਅੱਜ।

ਭੱਠੇ ਤੇ ਪਹੁੰਚ ਕੇ ਬੰਦੇ ਇੱਟਾਂ ਲੱਦਣ ਲੱਗ ਪਏ ਤਾਂ ਬਿੰਦਰ ਨੇ ਬਰਫੀ ਦੇ ਨਾਲ ਦੁੱਧ ਗਰਮ ਕਰਵਾ ਲਿਆ ਜੋ ਉਸਨੇ ਅਤੇ ਸਰਪੰਚ ਨੇ ਛੱਕ ਲਿਆ। ਇੰਨ੍ਹੇ ਚਿਰ ਨੂੰ ਟਰਾਲੀ ਭਰ ਗਈ ਬਿੰਦਰ ਜਾ ਕੇ ਟਰੈਕਟਰ ਦੀ ਸੀਟ ਤੇ ਬੈਠ ਗਿਆ ਅਤੇ ਸਭ ਪਿੰਡ ਨੂੰ ਤੁਰ ਪਏ। ਭੱਠੇ ਤੋਂ ਸੜਕ ਤੇ ਪਹੁੰਚ ਕੇ ਉਹ ਉੱਥੇ ਆ ਖੜੇ ਜਿਥੋਂ ਪਿੰਡ ਨੂੰ ਦੋ ਰਸਤੇ ਜਾਂਦੇ ਸਨ। ਇਕ ਰਾਹ ਕੱਚਾ ਸੀ ਜੋ ਨੇੜੇ ਪੈਂਦਾ ਸੀ ਅਤੇ ਦੂਸਰਾ ਪੱਕੀ ਸੜਕ ਸੀ ਜੋ ਪੈਂਡਾ ਜ਼ਰਾ ਜਿਆਦਾ ਸੀ।

ਸੋ ਬਿੰਦਰ ਕਹਿਣ ਲੱਗਾ, 'ਕੱਚੇ ਕੱਚੇ ਜਾਨੇ ਆਂ, ਛੇਤੀ ਪਹੁੰਚ ਜਾਵਾਂਗੇ।'

ਸਰਪੰਚ ਅਤੇ ਮੌਜੂਦ ਸਿਆਣੇ ਲੋਕਾਂ ਨੇ ਕਿਹਾ, 'ਭਾਰ ਜਿਆਦਾ ਹੈ ਇਸ

ਲਈ ਕੱਚੇ ਕੱਚੇ ਨਾ ਜਾਓ, ਪਹੇ ਦੀ ਚੜਾਈ ਨਹੀਂ ਚੜਨੀ ਐਵੇਂ ਮੁਸ਼ਕਲ ਹੋਊਗੀ, ਪੱਕੇ ਪਾ ਲਓ ਸਰਦਾਰ ਜੀ।

'ਕੁਝ ਨਹੀਂ ਹੁੰਦਾ ਰੋਜ ਤਾਂ ਜਾਨੇ ਆਂ, ਅੱਜ ਕੋਈ ਨਵੇਂ ਜਾਣਾ,' ਐਵੇਂ ਟਾਈਮ ਈ ਖਰਾਬ ਕਰਨਾ, ਪੱਕੇ ਪਾ ਕੇ' ਇਹ ਕਹਿ ਬਿੰਦਰ ਨੇ ਟਰੈਕਟਰ ਕੱਚੇ ਕੱਚੇ ਪਾ ਲਿਆ।

ਗੱਲਾਂ ਬਾਤਾਂ ਕਰਦੇ ਉਹ ਉਸ ਮੋੜ ਤੇ ਪਹੁੰਚ ਗਏ ਜੋ ਕੱਚੇ ਰਾਹ ਤੋਂ ਪੱਕੀ ਸੜਕ ਨੂੰ ਮਿਲਦਾ ਸੀ ਅਤੇ ਕੱਚੇ ਰਾਹ ਤੋਂ ਕੁੱਝ ਉੱਚਾ ਸੀ। ਇਸ ਪੱਕੇ ਰਾਹ ਤੇ ਚੜਨ ਲਈ ਟਰੈਕਟਰ ਸਿੱਧਾ ਲਿਜਾ ਕੇ ਸੱਜੇ ਹੱਥ ਮੋੜਨਾ ਪੈਂਦਾ ਸੀ ਕਿਉਂਕਿ ਉੱਚੀ ਸੜਕ ਦੇ ਖੱਬੇ ਪਾਸੇ ਨੀਵੀਂ ਜਗ੍ਹਾ ਸੀ। ਮੋੜ ਬਹੁਤ ਮੁਸ਼ਕਲ ਸੀ, ਪ੍ਰੰਤੂ ਬਿੰਦਰ ਇਥੋਂ ਕਈ ਵਾਰ ਜਾ ਚੁੱਕਾ ਸੀ ਅਤੇ ਉਸ ਨੂੰ ਪੂਰਾ ਅਭਿਆਸ ਸੀ।

ਪਹਿਲਾਂ ਦੀ ਤਰ੍ਹਾਂ ਬਿੰਦਰ ਨੇ ਟਰੈਕਟਰ ਨੂੰ ਰੇਸ ਦਿੱਤੀ ਅਤੇ ਜੋਰ ਲਗਾ ਕੇ ਟਰੈਕਟਰ ਪੱਕੇ ਰਸਤੇ ਨੂੰ ਚੜਾਇਆ, ਪ੍ਰੰਤੂ ਕਾਮਯਾਬ ਨਾ ਹੋਇਆ ਤੇ ਟਰੈਕਟਰ ਪਿੱਛੇ ਨੂੰ ਆ ਗਿਆ। ਇਹ ਵੇਖਕੇ ਉਥੇ ਮੌਜੂਦ ਨੇੜਲੇ ਪਿੰਡ ਦੇ ਲੋਕ, ਜੋ ਜਿਆਦਤਰ ਮੁਸਲਮਾਨ ਸਨ ਆ ਇਕੱਠੇ ਹੋਏ ਅਤੇ ਕਈ ਤਰ੍ਹਾਂ ਦੀਆਂ ਨਸੀਹਤਾਂ ਦੇਣ ਲੱਗੇ। ਸਰਦਾਰ ਜੀ, ਯਹ ਮੋੜ ਬਹੁਤ ਖਤਰਨਾਕ ਹੈ ਔਰ ਪੀਛੇ ਵਜਨ ਭੀ ਬਹੁਤ ਹੈ, ਦੋ ਦਿਨ ਪਹਿਲੇ ਯਹਾਂ ਪਰ ਏਕ ਟਰੱਕ ਪਲਟ ਗਿਆ ਥਾ, ਜਿਸ ਸੇ ਡਰਾਇਵਰ ਕੀ ਹਾਨੀ ਹੋ ਗਈ ਥੀ। ਹਮੇ ਡਰ ਲਗਤਾ ਹੈ ਕਹੀਂ.....................ਆਪ ਭੀ................ਇਸ ਤਰ੍ਹਾਂ ਸਭ, ਵੱਖ ਵੱਖ ਹੋਈਆਂ ਬੀਤੀਆਂ ਗੱਲਾਂ ਸੁਣਾਉਂਦੇ ਰਹੇ।

ਪਰ ਹੋਣੀ ਸਿਰ ਤੇ ਸਵਾਰ ਸੀ ਇਸ ਕਰਕੇ ਬਿੰਦਰ ਨੇ ਇਨ੍ਹਾਂ ਗੱਲਾਂ ਵੱਲ ਗੌਰ ਨਾ ਕੀਤਾ ਤੇ ਕਹਿਣ ਲੱਗਾ, 'ਮੈਂ ਤੋ ਇਧਰ ਸੇ ਹੀ ਜਾਊਂਗਾ, ਆਪ ਕੁਛ ਭੀ ਕਹੇਂ, ਅਭੀ ਹਫਤਾ ਪਹਿਲੇ ਹੀ ਇਧਰ ਸੇ ਗਏ ਥੇ ਹਮ। ਆਪ ਜਾਏਂ ਔਰ ਅਪਨਾ ਕਾਮ ਕਰੇਂ, ਅਗਰ ਕੁਛ ਹੋ ਜਾਏ ਤੋਂ ਆਪ ਹਮੇ ਮਤ ਬਚਾਨਾ' ਇਹ ਕਹਿਕੇ ਬਿੰਦਰ ਨੇ ਟਰੈਕਟਰ ਦਾ ਜੋਰ ਲਵਾਇਆ ਜਿਸ ਨਾਲ ਟਰੈਕਟਰ ਉਪਰ ਉੱਛਲ ਗਿਆ। ਇਹ ਵੇਖਕੇ ਸਰਪੰਚ ਟਰੈਕਟਰ ਦੇ ਅਗਲੇ ਹਿੱਸੇ ਤੇ ਬੈਠ ਗਿਆ ਪ੍ਰੰਤੂ ਦੁਬਾਰਾ ਜੋਰ ਲਵਾਣ ਤੇ ਟਰੈਕਟਰ ਫਿਰ ਉਸੇ ਤਰ੍ਹਾਂ ਹੀ ਉੱਛਲਿਆ, (ਆਦਮੀ ਦੇ ਭਾਰ ਨਾਲ ਪਿਛਲੇ ਇੱਟਾਂ ਦੇ ਭਾਰ ਨੂੰ ਕੀ ਫਰਕ ਪੈਣਾ ਸੀ।)

ਇਹ ਦੇਖ ਬਿੰਦਰ ਨੇ ਅਵਾਜ ਦਿੱਤੀ, 'ਥੱਲੇ ਉਤਰ ਆਓ ਸਰਪੰਚ ਜੀ, ਐਵੇਂ ਸੱਟ ਨਾ ਲਵਾ ਲਿਆ ਜੇ। ਤੁਸੀਂ ਟਰਾਲੀ ਦੇ ਟੈਰਾਂ ਪਿੱਛੇ ਇੱਟਾਂ ਦਿੰਦੇ ਜਾਓ ਤੇ ਮੈਂ ਜੋਰ ਲਵਾ ਕੇ ਵੇਖਦਾਂ'

ਸਰਪੰਚ ਨੇ ਇੱਟਾਂ ਫੜੀਆਂ ਅਤੇ ਬਿੰਦਰ ਨੇ ਜੋਰ ਲਵਾ ਕੇ ਟਰੈਕਟਰ ਜਦ ਥੋੜਾ ਉਪਰ ਚੜਾ ਦਿੱਤਾ ਤਾਂ ਸਰਪੰਚ ਨੇ ਇੱਟਾਂ ਟਾਇਰਾਂ ਪਿੱਛੇ ਦੇ ਦਿੱਤੀਆਂ ਤਾਂ ਕਿ ਟਰਾਲੀ ਪਿੱਛੇ ਨਾ ਆ ਜਾਵੇ। ਇਸ ਤਰ੍ਹਾਂ ਬਿੰਦਰ ਦਾ ਹੌਂਸਲਾ ਵਧਿਆ ਅਤੇ ਉਸਨੇ ਫਿਰ ਹੋਰ ਰੇਸ ਦੇ ਕੇ ਜੋਰ ਲਵਾਇਆ ਅਤੇ ਟਰੈਕਟਰ ਪੱਕੀ ਸੜਕ ਤੇ ਚੜਾ ਦਿੱਤਾ, ਪ੍ਰੰਤੂ ਇੱਟਾਂ ਦਾ ਭਾਰ ਜਿਆਦਾ ਹੋਣ ਕਰਕੇ ਟਰਾਲੀ ਟਰੈਕਟਰ ਦੇ ਨਾਲ ਇਕ ਦਮ ਮੁੜ ਨਾ ਸਕੀ ਅਤੇ ਟਾਇਰਾਂ ਪਿੱਛੇ ਇੱਟਾਂ ਹੋਣ ਕਰਕੇ ਕੁੰਡੇ ਨੂੰ ਟਰੈਕਟਰ ਦਾ ਐਸਾ ਹਜੋਕਾ ਵੱਜਾ ਕਿ ਟਰੈਕਟਰ ਪਲਟ ਕੇ ਕੱਚੇ ਰਾਹ ਦੇ ਨਾਲ ਖੱਬੇ ਖਾਸੇ ਪਾਣੀ ਵਿੱਚ ਡਿੱਗ ਪਿਆ ਅਤੇ ਨਾਲ ਹੀ ਬਿੰਦਰ ਨੂੰ ਆਪਣੇ ਵਜਨ ਹੇਠ ਦੱਬ ਲਿਆ। ਡਿੱਗਦਿਆਂ ਸਾਰ ਹੀ ਬਿੰਦਰ ਦੀ ਚੀਕ ਨਿਕਲੀ, ਸ਼ਾਇਦ ਉਸਨੇ ਜਾਨ ਬਚਾਉਣ ਲਈ ਛਾਲ ਮਾਰਨ ਦੀ ਕੋਸ਼ਿਸ਼ ਕੀਤੀ ਹੋਵੇ, ਪ੍ਰੰਤੂ ਮੀਂਹ ਅਤੇ ਧੁੱਪ ਤੋਂ ਬਚਾਅ ਕਰਨ ਵਾਲੀ ਟਰੈਕਟਰ ਦੀ ਛੱਤ ਹੀ ਉਸਦੇ ਰਾਹ ਦੀ ਰੁਕਾਵਟ ਬਣ ਗਈ ਅਤੇ ਬਿੰਦਰ ਸਦਾ ਦੀ ਨੀਂਦ ਸੌਂ ਗਿਆ।

ਇਹ ਵੇਖਕੇ ਨਾਲ ਆਏ ਸਰਪੰਚ ਨੂੰ ਕੋਈ ਹੋਸ਼ ਨਾ ਰਹੀ ਅਤੇ ਉਹ ਵੀ ਉੱਥੇ ਜਮੀਨ ਤੇ ਬੇਹੋਸ਼ ਹੋ ਕੇ ਡਿੱਗ ਪਿਆ। ਪਿੰਡ ਦੇ ਲੋਕਾਂ ਨੇ ਵੀ ਮਦਦ ਨਾ ਕੀਤੀ ਅਤੇ ਕੋਲ ਝੋਨਾ ਲਗਾ ਰਹੇ ਆਦਮੀ ਵੀ ਕੰਮ ਵਿੱਚੇ ਛੱਡ ਕੇ ਭੱਜ ਗਏ। ਹੋਣੀ ਦਾ ਵਾਰ ਚੱਲ ਚੁੱਕਾ ਸੀ ਅਤੇ ਇਕ ਨੌਜੁਆਨ ਗੱਭਰੂ ਦਾ ਸਰੀਰ ਮਿੱਟੀ ਹੋ ਚੁਕਾ ਸੀ, ਜਿਸਦੀ ਪਤਨੀ ਅਤੇ ਛੋਟੀ ਜਿਹੀ ਮਾਸੂਮ ਬੱਚੀ ਦੋਵੇਂ ਹੋਣੀ ਦੇ ਇਸ ਵਾਰ ਤੋਂ ਬੇਖਬਰ ਘਰ ਵਿੱਚ ਉਸਦੀ ਉਡੀਕ ਕਰ ਰਹੀਆਂ ਸਨ।



ਓਸ ਉਦਾਸ ਵਿਅਕਤੀ ਨੇ ਤਰਕ ਨਾਲ ਗੱਲ ਦਾ ਮੁੱਢ ਬੰਨ੍ਹਿਆ ਕਿ ਇਸ ਮੁਲਕ ਵਿੱਚ ਮਾਂ-ਪਿਓ ਦੀ ਕੋਈ ਕਦਰ ਨਹੀਂ । ਨੂੰਹਾਂ-ਪੁੱਤਰ ਕੰਮਾਂ ਤੇ ਚਲੇ ਜਾਂਦੇ ਹਨ। ਅਖੜ੍ਹ-ਸੁਭਾਅ ਦਾ ਜੁਆਕ-ਜਲ੍ਹਾ ਸਾਡੇ ਪੇਟੇ । ਸਵੇਰ ਦੀਆਂ ਪੱਕੀਆਂ ਧੌੜੀ ਦੇ ਛਿੱਤਰਾਂ ਵਰਗੀਆਂ ਆਕੜੀਆਂ ਹੋਈਆਂ ਸੁੱਕੀਆਂ ਰੋਟੀਆਂ ਰਾਤ ਨੂੰ ਚਿੱਥੀਆਂ ਨਹੀਂ ਜਾਂਦੀਆਂ ।

# ਪਿਓ ਸਿਖ਼ਰ ਦੁਪਹਿਰ

ਮੁਆਫ਼ ਕਰਨਾ ਪਾਠਕੋ ! ਤਿੰਨ ਵਾਰ ਚਰਖਾ ਡਾਹਿਆ । ਕਦੇ ਬੈੜ ਢਿੱਲੀ ਤੇ ਕਦੇ ਚਰਮਖ਼ ਟੁੱਟੀ । ਕਦੇ ਤੱਕਲਾ ਵਿੰਗਾ ਤੇ ਕਦੇ ਪੂਣੀਆਂ ਸਿੱਲੀਆਂ । ਜੀ ਕਰੇ ਚਰਖੇ ਨੂੰ ਭੰਨ ਸੁੱਟਾਂ ਤੇ ਕਵ੍ਹਾਂ ਕਿ 'ਭਲਾ ਹੋਇਆ ਮੇਰਾ ਚਰਖਾਂ ਟੁੱਟਾ ਤੇ ਜਿੰਦ ਅਜਾਬੋਂ ਛੁੱਟੀ'। ਅਫ਼ਸੋਸ ! ਕਿ ਅਜੇਹਾ ਹੋ ਨਾ ਸਕਿਆ । ਤੇਜ ਅੱਗ ਤੇ ਧਰੇ ਕੜਾਹੇ ਵਾਂਗੂੰ ਕੰਢਿਆਂ ਉਪਰੋਂ ਦੀ ਉਬਲਦਾ ਪਿਆ ਸਾਂ ਕੋਈ ਝੁਲਕੇ ਤੇ ਝੁਲਕਾ ਪਾਈ ਜਾ ਰਿਹਾ ਸੀ, ਕਿਉਂਜੁ ਇਹ ਕੁਦਰਤ ਦੇ ਨਿਯਮ ਦੀ ਅਟੱਲ ਸੱਚਾਈ ਹੈ ਕਿ ਹਰ ਇਕ ਦੇ ਮਾਂ-ਪਿਓ ਨੇ ਮਰਨਾ ਹੈ ? ਵਕਤ ਆਉਣ ਉਤੇ ਮਰਨਾ ਉਨ੍ਹਾਂ ਨੇ ਵੀ ਹੈ ਜਿਸ ਤੋਂ ਆਸ ਰੱਖੀ ਜਾਂਦੀ ਹੈ ਕਿ ਪਿਛਲੀ ਉਮਰੇ ਸਾਡੀ ਡੰਗੋਰੀ ਪਕੜਨਗੇ ਅਤੇ ਉਹ ਪੁੱਤਰ, ਜਿਨ੍ਹਾਂ ਨੂੰ ਖਾਲਸ ਜਿਗਰ ਦੇ ਖ਼ੂਨ ਨਾਲ ਪਾਲਿਆ ਹੋਵੇ, ਬੁਢਾਪੇ ਦੀ ਸਰਦਲ ਉੱਤੇ ਪਹੁੰਚਦਿਆਂ ਹੀ ਏਨੇ ਨਿਰਮੋਹੇ ਕਿਉਂ ਹੋ ਜਾਂਦੇ ਹਨ ਜੇਠ-ਹਾੜ੍ਹ ਦੀ ਦੁਪਹਿਰੇ ?

ਤੁਹਾਡੇ ਨਾਲ ਇੱਕ ਪੁਰਾਣੀ ਯਾਦ ਸਾਂਝੀ ਕਰਦਾ ਜਾਵਾਂ ਕਿ ਸਾਡੇ ਪਿੰਡ ਇੱਕ ਨੱਬਿਆਂ ਕੁ ਵਰ੍ਹਿਆਂ ਨੂੰ ਢੁੱਕਾ ਬਜੁਰਗ ਕੇਹਰ ਸਿੰਘ ਹੁੰਦਾ ਸੀ । ਅੱਜ-ਕੱਲ ਦੀ ਮਾਰੋ-ਮਾਰ ਵਿਚੋਂ ਜੇ ਕਿਧਰੇ ਭੋਰਾ ਕੁ ਫ਼ੁਰਸਤ ਮਿਲੇ, ਪਿੰਡ ਜਾਈਏ ਤਾਂ ਮਾਂ ਵਾਂਗੂੰ ਸਖਣੀਆਂ ਉਡੀਕਦੀਆਂ ਗਲੀਆਂ ਦੀ ਫ਼ਿਜ਼ਾ 'ਚੋ ਖੂੰਡੇ ਦੀ ਟੱਕ-ਟੱਕ ਨਾਲ ਉਸ ਦੇ ਖੰਘੂਰਿਆਂ ਦੀ ਅਵਾਜ਼ ਸਾਫ਼ ਸੁਣਾਈ ਦੇਂਦੀ ਹੈ । ਨੂੰਹਾਂ-ਧੀਆਂ ਵਾਲਾ ਵੱਡੇ ਟੱਬਰ ਦਾ ਮਾਲਕ ਸੀ। ਉਮਰ ਦੇ ਤਕਾਜ਼ੇ ਨੇ ਜਦੋਂ ਬਿਲਕੁਲ ਹੀ ਤੁਰਨੋਂ ਆਰੀ ਕਰ ਦਿਤਾ ਤਾਂ ਵਿਹੜੇ ਵਿੱਚ ਮੰਜੀ ਉੱਤੇ ਲਹਿਰੀਏ ਵਾਲੀ ਦਰੀ ਅਤੇ ਦਸੂਤੀ ਦੀ ਕਢਾਈ ਵਾਲੀ ਦੁੱਧ-ਚਿੱਟੀ ਚਾਦਰ ਦੀ ਵਿਛਾਈ ਨਾਲ ਬੂਟੀਆਂ ਵਾਲਾ ਸਿਰ੍ਹਾਣਾ , ਪੈਂਦ ਵਲੇ ਤਹਿ-ਲੱਗਾ ਕਾਲੀਆਂ-ਚਿੱਟੀਆਂ ਡਬੀਆਂ ਵਾਲਾ ਖੇਸ-ਬਸ ਜੀ ਐਂਉ ਜਾਪਣਾ ਕਿ ਕਲੀ ਕੀਤੇ ਘਰ ਦੇ ਬਨੇਰੇ ਉਤੇ 'ਚੀਨਾਂ-ਕਬੂਤਰ' ਬੈਠਾ ਹੋਵੇ । ਮੋਟੇ ਸ਼ੀਸ਼ਿਆਂ ਵਾਲੀਆਂ ਧਾਗੇ ਨਾਲ ਪੱਗ ਦੇ ਪਿਛਲੇ ਪਾਸੇ ਬੱਧੀਆਂ ਐਨਕਾਂ ਉਸ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾ ਦੇਂਦੀਆਂ ਸਨ । ਕਿਧਰੇ ਦਬਕਾ ਕਾਰੇ ਤਾਂ ਅਜੇ ਵੀ ਅੱਧੇ ਪਿੰਡ 'ਚ ਸਾਫ਼ ਸੁਣਾਈ ਦੇਂਦਾ ਸੀ, ਏਨਾਂ ਗੜਕਾ ਸੀ ਕੇਹਰ

ਸਿੰਹ ਦਾ ।

ਬੇਬੇ ਹਰਨਾਮੋ ਨੂੰ ਗੁਜ਼ਰਿਆਂ ਭਾਵੇ ਅਠਾਰਾਂ ਸਾਲ ਹੋ ਬੀਤ ਗਏ ਸਨ । ਪੁੱਤਰਾਂ ਨਾਲੋਂ ਨੂੰਹਾਂ ਨੇ ਬਾਪੂ ਕੇਹਰ ਸਿੰਹ ਨੂੰ 'ਧਰਮ ਦੀਆਂ ਪੁੱਤਰੀਆਂ' ਬਣ ਕੇ ਪੂਰਾ-ਸੂਰਾ ਸਤਿਕਾਰ ਦਿਤਾ ਹੋਇਆ ਸੀ । ਇਹ ਵੀ ਯਾਦ ਹੈ ਕਿ ਬਾਪੂ ਕੇਹਰ ਸਿੰਘ ਦੀ ਰਿਸ਼ਤੇਦਾਰੀ 'ਚ ਵਿਆਹ ਸੀ । ਨੂੰਹਾਂ ਪੁੱਛਣ ਆਈਆਂ । ਬਾਪੂ ਜੀ ! ਵਿਆਹ ਦੇ ਕਪੜੇ ਕਿਹੋ ਜਹੇ ਬਣਾਈਏ ? ਫਿਰ ਫਿਲੌਰ ਸੋਹਨ ਦੀ ਹੱਟੀ ਤੋਂ ਮੌੜਵਾਂ ਕਰਕੇ ਮਹਿੰਗੇ ਮੁੱਲ ਦਾ ਵਧੀਆ ਜੋੜਾ-ਜਾਮਾਂ ਖਰੀਦ ਕੇ ਬਾਪੂ ਅੱਗੇ ਲਿਆ ਧਰਿਆ । 'ਬਾਪੂ ਜੀ ! ਵੇਖ ਲਵੋਂ , ਜੇ ਪਸੰਦ ਨਹੀਂ ਤਾਂ ਵਟਾ ਲਿਆਈਏ'? ਨਿੱਕੀ ਨੂੰਹ ਦੇ ਬੋਲ ਸਨ।

'ਭਾਬੀ ! ਬਾਬੇ ਨੂੰ ਕਿਹੜਾ ਦੀਹਦਾ, ਐਵੇਂ ਇਹਦੇ ਅੱਗੇ ਸੂਟ ਰੱਖਿਆ ਹੋਇਆ'। ਖੁੱਤੀ ਪਾਉਣ ਖੇਡਦਿਆਂ ਹੋਇਆ ਮੁੰਡ-ਪੁਣੇ ਜਦੋਂ ਅਸਾਂ ਇਹ ਸ਼ਬਦ ਕਹੇ ਤਾਂ ਉਸ ਨੂੰ ਵਿਹੁ ਵਰਗੇ ਲਗੇ । ਕਹਿਣ ਲੱਗੀ, 'ਭੈੜਿਆ, ਸਾਡਾ ਤਾਂ ਇਹੋ ਹੀ ਮਾਪਾ ਏ ! ਇਨ੍ਹਾਂ ਦੀਆਂ ਅਸੀਸਾਂ ਨਾਲ ਹੀ ਅਸੀਂ ਜੀਉਂਦੇ ਹਾਂ ।ਵੇਖ ! ਭਾਈ ਕਾਨ੍ਹ ਸਿੰਘ ਜੀ 'ਨਾਭਾ' ਨੇ ਸਿੱਖਾਂ ਨੂੰ ਗੁਰਮਤਿ ਅਨੁਸਾਰ ਸਮਝਾਇਆ ਹੈ ਕਿ ਸੰਤਾਨ ਦਾ ਧਰਮ ਹੈ ਕਿ ਮਾਤਾ-ਪਿਤਾ ਨੂੰ ਦੇਵਤਾ ਰੂਪ ਜਾਣ ਕੇ ਸੇਵਾ ਕਰੇ ਅਤੇ ਆਗਯਾ ਪਾਲਨ ਕਰਕੇ ਆਤਮਾ ਪ੍ਰਸੰਨ ਕਰੇ । ਹੋਰ ਸੁਣ ! ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ "ਉਰਿਣਤ ਹੋਇ ਭਾਰੁ ਉਤਾਰੇ" । ਐਵੇਂ ਸਾਰਾ ਸਾਰਾ ਦਿਨ ਬਾਂਟੇ ਖੇਡਦਾ ਰਹਿੰਦਾ ਐਂ, ਕੁੱਝ ਗੁਰਮਤਿ ਗਿਆਨ ਵੀ ਪੜ੍ਹਿਆ ਕਰ ਅਤੇ ਸਰਵਣ ਪੁੱਤਰ ਬਣ ਕੇ ਇੰਝ ਤੂੰ ਵੀ ਕਿਧਰੇ ਥੋੜੀ-ਬਹੁਤੀ ਮਾਂ-ਪਿਓ ਦੀ ਸੇਵਾ ਕਰਨੀ ਸਿੱਖ ਲਏਂ ? ਛੋਟੇ ਸਾਂ , ਨਦਾਨ ਸਾਂ, ਅੱਥਰੇ ਵੀ ਸਾਂ ਤਾਹੀਉਂ ਤੇ ਉਸ ਦੇ ਕਹਿਣ ਦਾ ਅੰਤਰੀਵ-ਭਾਵ ਸਮਝਣ ਤੋਂ ਵੀ ਅਸੱਮਰਥ ਸਾਂ ।

ਸੱਚ ਜਾਣਿਉ ! ਇਕ ਅਵਾਜ ਮਾਰਨੀ ਤਾਂ ਨੂੰਹਾਂ ਨੇ ਤਵੇ ਤੇ ਪਈ ਰੋਟੀ ਛੱਡ ਕੇ ਬਾਪੂ ਕੋਲ ਆ ਖਲੋਣਾ । ਧੀਆਂ-ਪੁੱਤਰ ਆਗਿਆਕਾਰੀ ਹੋਵਣ ਤਾਂ ਸੁਵਰਗ ਵੀ ਏਥੇ ਹੀ ਹੈ ਅਤੇ ਅੰਤਲੇ ਦਿਨ ਵੀ ਸੁਖੈਣ ਲੰਘ ਜਾਂਦੇ ਹਨ । ਮੋਇਆਂ ਪਿੱਛੋਂ ਸਰਾਧ ਕਰਵਾਉਣ ਦਾ ਕੀ ਫਾਇਦਾ ? ਬਾਬੇ ਨਾਨਕ ਜੀ ਦੀ ਇਲਾਹੀ ਬਾਣੀ ਵੀ ਇਹੋ ਹੀ ਉਪਦੇਸ਼ ਦੇਂਦੀ ਹੈ:

"ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥ 1 ॥

(ਗਉੜੀ ਕਬੀਰ ਜੀ-ਅੰਗ 332)

ਪੜ੍ਹਨ ਲਗੇ ਤਾਂ ਅਸਾਂ ਇਹ ਵੀ ਪੜ੍ਹਿਆ:

'ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ।
ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।
ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ।
ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣ ਵਾਣੀ।
ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।
ਮਾਂ ਪਿਉ ਪਰਹਰਿ ਵਰਤ ਕਰ ਮਰਿ ਮਰਿ ਜੰਮੈ ਭਰਮਿ ਭੁਲਾਣੀ।
ਗੁਰੁ ਪਰਮੇਸਰ ਸਾਰੁ ਨ ਜਾਣੀ।13।

(ਭਾਈ ਗੁਰਦਾਸ ਜੀ)

ਪਚੂੰਗੜੇ ਜਹੇ ਅੱਥਰੇ ਜੁਆਕ ਮਾਵਾਂ ਦੀ ਕਦੋਂ ਸੁਣਦੇ ਹਨ । ਬਹੁੱਤੇ ਤਾਂ ਮਾਵਾਂ ਨੂੰ ਟਿੱਚ ਹੀ ਜਾਣਦੇ ਹਨ । ਸਿਰੇ ਦੀਆਂ ਇੱਲਤਾਂ ਕਰਦਿਆਂ ਨੂੰ, ਕਦੇ-ਕਦਾਈਂ ਭਾਂਡੇ ਭੰਨਦਿਆਂ ਨੂੰ ਵਰਜਦੀ ਹੋਈ ਦੁੱਖੀ ਮਾਵਾਂ ਭਾਏਂ ਕਿਧਰੇ ਕੋਈ ਪੋਲੀ ਜਹੀ ਇੱਕ-ਅੱਧ ਲਾ ਦੇਣ ਤਾਂ ਲਾ ਦੇਣ, ਵਰਨਾ ਜਿਆਦਾਤਰ ਝਿੜਕਾਂ ਦੇ ਕੇ ਹੀ ਬੁੱਤਾ ਸਾਰ ਲੈਦੀਆਂ ਹਨ । ਆਖਰ ! 'ਮਾਵਾਂ ਗੂੜੀਆਂ, ਠੰਡੀਆਂ ਛਾਵਾਂ' ਜੁ ਹੋਈਆ । ਮੁੜ-ਮੁੜ ਸ਼ਰਾਰਤਾਂ ਕਰਦੇ ਰਹੀਏ ਤਾਂ ਡਰਾਵੇ ਦੇਣ ਲੱਗ ਪੈਂਦੀਆਂ ਹਨ , ਅਖੇ ! ਆ ਲੈਣ ਦੇ ਤੇਰੇ ਪਿਓ ਪਤੰਦਰ ਨੂੰ । ਵੇਖੀਂ ਕਿਵੇਂ ਤੇਰੀ ਭੁਗਤ ਸੁਵਾਰੂਗਾ ?

ਪਿਓ ਦਾ ਨਾਮ ਸੁਣਦਿਆਂ ਹੀ ਠਠੰਬਰਿਆ 'ਕਾਕਾ' ਬਾਹਰ ਬੂਹੇ ਕੰਨੀ ਝਾਕਣ ਲਗ ਪੈਂਦਾ ਹੈ । 'ਮਾਏ ਮੇਰੀਏ ! ਜੇ ਤੂੰ ਮੇਰੀ ਮਾਂ ਐ ਨਾ-ਕੁੱਝ ਨਾ ਦੱਸੀਂ, ਮੈਂ ਫਿਰ ਏਦਾਂ ਨਹੀਂ ਕਰਦਾ । ਇੰਝ ਬਹੁਤ ਵਾਰੀ ਮਾਂ-ਪੁੱਤਰ ਦਾ ਸਮਝੌਤਾ ਹੋ ਨਿਬੜਦਾ ਹੈ, ਪਰ ਜੇ ਕਿਧਰੇ ਪਾਣੀ ਪੁਲੋਂ ਲੰਘ ਹੀ ਜਾਏ, ਗੁੱਸੇ ਵਿੱਚ ਪਿਓ ਇੱਕ-ਦੋ ਜੜ ਹੀ ਦਏ ਤਾਂ ਮਾਂ ਅੱਗੇ ਹੋ ਕੇ ਖਲੋ ਜਾਂਦੀ ਹੈ । 'ਹੈਂ ! ਮਾਰ ਈ ਸੁਟਣਾ ਜੇ'। ਇਹੋ ਜਹੇ ਇਕ ਦਿਹਾੜੇ ਬਾਪ ਨੇ ਚੁਪੇੜ ਮਾਰੀ, ਵੱਜ ਜੋਰ ਦੀ ਗਈ, ਪਟਾਕ ਕਰਕੇ ਸਾਡਾ ਸਿਰ ਸਬਾਤ ਨਾਲ ਜਾ ਵੱਜਾ । ਖੂਨ ਤਾਂ ਨਾ ਨਿਕਲਿਆ ਪਰ ਮੱਥੇ ਉਤੇ ਅਖਰੋਟ ਜਿੱਡਾ ਰੋੜ ਪੈ ਗਿਆ । ਸਾਡੀ ਮਾਤਾ ਪੂਰੇ ਪੰਦਰ੍ਹਾਂ ਦਿਨ ਚੁਲੇ 'ਚ ਇੱਟਾ ਤੱਤਾ ਕਰਕੇ ਨਾਲੇ ਸੇਕ ਦਿਆ ਕਰੇ ਨਾਲੇ ਬੁੜ-ਬੁੜ ਕਰਿਆ ਕਰੇ । ਮਾਂ, ਮਾਂ ਹੀ ਹੁੰਦੀ ਹੈ ਅਤੇ ਪਿਓ ਨਿਰਾ ਸਿਖਰ ਦੁਪੈਹਿਰ । ਕਿਸੇ ਮਾਂ ਯਾਂ ਪਿਓ ਨੂੰ ਆਪਣੀ ਅਸਲੀ ਕੀਮਤ-ਓ-ਕਦਰ ਦਾ ਉਸ ਵੇਲੇ ਪਤਾ ਚਲਦਾ ਹੈ ਜਦੋਂ ਉਨ੍ਹਾਂ ਦੇ ਬੱਚੇ ਪੜ੍ਹ-ਲਿਖ ਕੇ ਕੰਮੀ-ਕਾਰੀ ਲਗ ਜਾਣ,

ਵਿਆਹ ਹੋਣ ਉਪਰੰਤ ਆਪੋ-ਆਪਣਿਆਂ ਕੰਮ ਧੰਦਿਆਂ ਅਤੇ ਆਰਾਂ-ਪ੍ਰਵਾਰਾਂ'ਚ ਰੁੱਝ ਜਾਣ ।

ਬਸੰਤ ਰੁੱਤੇ ਕਨੇਡਾ ਦੀਆਂ ਪਾਰਕਾਂ 'ਚ ਮੋਲੇ ਹਰੇ-ਕਚੂਰ ਘਾਹ ਦੀਆਂ ਪਰਤਾਂ ਤੇ ਬੈਠਿਆਂ, ਵੱਡੇ ਵੱਡੇ ਮਹਿਲ-ਨੁਮਾ ਘਰਾਂ ਅੰਦਰ ਵਿਛੇ ਕਸ਼ਮੀਰੀ ਗਲੀਚਿਆਂ ਦੀਆਂ ਨਰਮਾਈ ਭੁੱਲ ਜਾਂਦੀ ਹੈ । ਭਰ ਜੋਬਨ ਵਿੱਚ ਖਿੜੇ ਰੰਗ-ਬਰੰਗੇ ਫੁੱਲ ਅਤੇ ਉਨ੍ਹਾਂ ਉੱਪਰ ਡਬ-ਖੜਬੀਆਂ ਭੌਂਦੀਆਂ ਤਿੱਤਲੀਆਂ ਦੀ ਸ਼ਾਨ ਵਖਰੀ ਹੀ ਹੁੰਦੀ ਹੈ । ਢੱਲਦੀ ਦੁਪੈਹਰ ਹੋਵੇ, ਚਾਰੇ-ਪਾਸੇ ਚਹਿਲ-ਪਹਿਲ ਹੋਵੇ, ਜੇ ਕਿਧਰੇ ਸਿਲ੍ਹੀ-ਸਿਲ੍ਹੀ ਹਵਾ ਦਾ ਝੋਕਾ ਆ ਜਾਏ ਤਾਂ ਮਾਨੋ ! ਕਿ ਬਹਿਸ਼ਤ ਦਾ ਹੁਲਾਰਾ ਹੈ ।

ਨਵੇਂ ਨਵੇਂ ਟੋਰਾਂਟੋ ਆਏ । ਬੱਸ ਅਜੇਹੇ ਹੀ ਇੱਕ ਦਿਨ ਅਸੀਂ ਵੀ ਹਸਦੀ-ਵਸਦੀ ਕਿਸੇ ਪਾਰਕ ਵਿੱਚ ਬੈਠੇ ਸਾਂ ਕਿ ਖੇੜੇ ਦੇ ਮੌਸਮ ਅੰਦਰ ਪੰਜਾਬੀ ਭਾਈਚਾਰੇ ਨਾਲ ਸਬੰਧਤ ਝੂਰਦਾ ਹੋਇਆ ਤੁਰਿਆ ਆਉਂਦਾ ਇਕ ਉਦਾਸ ਜਿਹਾ ਮਨੁਖ ਸਾਡੇ ਕੋਲ ਆ ਗਿਆ । 'ਗੁਰ ਫ਼ਤਹਿ' ਸਾਂਝੀ ਹੋਈ ਹੀ ਸੀ ਕਿ ਵੱਖੋ-ਵਖਰੀਆਂ ਦਿਸ਼ਾਵਾਂ 'ਚੋਂ ਕਈ ਹੋਰ ਵੀ ਆ ਟਪਕੇ । ਇਹ ਗੱਲ ਵਾਅਜਾ ਕਰਦਾ ਜਾਵਾਂ ਕਿ ਬਹੁ-ਤਦਾਦ ਉਨ੍ਹਾਂ ਵਿਅਕਤੀਆਂ ਦੀ ਸੀ ਜੋ ਪ੍ਰਵਾਰਾਂ ਸਮੇਤ ਸਪਾਂਸਰ ਹੋ ਕੇ ਆਏ ਸਨ । ਕਈਆਂ ਵਿਚਾਰਿਆਂ ਦੇ ਜੀਵਨ-ਸਾਥੀ ਨਹੀਂ ਸਨ । ਇਨ੍ਹਾਂ ਸਾਰਿਆਂ ਵਿਚੋਂ ਕੋਈ ਜਾਣ-ਪਹਿਚਾਣ ਵਾਲਾ ਵੀ ਨਹੀਂ ਸੀ । ਖੈਰ !

ਓਸ ਉਦਾਸ ਵਿਅਕਤੀ ਨੇ ਤਰਕ ਨਾਲ ਗੱਲ ਦਾ ਮੁੱਢ ਬੰਨਿਆ ਕਿ ਇਸ ਮੁਲਕ ਵਿੱਚ ਮਾਂ-ਪਿਓ ਦੀ ਕੋਈ ਕਦਰ ਨਹੀਂ । ਨੂੰਹਾਂ-ਪੁੱਤਰ ਕੰਮਾਂ ਤੇ ਚਲੇ ਜਾਂਦੇ ਹਨ। ਅਖੜ੍ਹ-ਸੁਭਾਅ ਦਾ ਜੁਆਕ-ਜਲ੍ਹਾ ਸਾਡੇ ਪੇਟੇ । ਸਵੇਰ ਦੀਆਂ ਪੱਕੀਆਂ ਧੌੜੀ ਦੇ ਛਿੱਤਰਾਂ ਵਰਗੀਆਂ ਆਕੜੀਆਂ ਹੋਈਆਂ ਸੁੱਕੀਆਂ ਰੋਟੀਆਂ ਰਾਤ ਨੂੰ ਚਿੱਥੀਆਂ ਨਹੀਂ ਜਾਂਦੀਆਂ । ਕਈ ਵਾਰ ਚਾਹ ਦੇ ਘੁੱਟ ਨੂੰ ਤਰਸਦੇ ਰਹੀਦਾ ਹੈ । ਇੱਕਲੇ-ਦੁੱਕਲੇ ਦਾ ਕੋਈ ਹੱਜ ਨਹੀਂ । ਆਹ ਵੇਖੋ ! ਜਿਧਰੋਂ ਆਉਨਾਂ, ਰਸਤੇ ਵਿੱਚ ਬਾਜ਼ ਸਿੰਹ ਦਾ ਘਰ ਐ । ਕਈ ਦਿਨ ਦਿੱਸਿਆ ਨਹੀਂ । ਅੱਜ ਉਸ ਦੀ ਨੂੰਹ ਟਕਰੀ । ਬਾਜ਼ ਸਿੰਹ ਦਾ ਹਾਲ-ਚਾਲ ਪੁੱਛਿਆ ਤਾਂ ਕਹਿਣ ਲਗੀ 'ਚਾਚਾ ਜੀ ! ਓਹ ਸਿਆਣੇ ਹੋ ਗਏ ਸਨ ਨਾ । ਪਿਛਲੇ ਹਫਤੇ ਸਰਕਾਰੀ ਬੁੱਢਾ ਸੰਭਾਲ ਘਰ ਵਿੱਚ ਦਾਖਲ ਕਰਵਾ ਆਏ ਹਾਂ । ਬੜੀਆਂ ਵਧੀਆ ਸਹੂਲਤਾਂ ਹਨ ਓਥੇ....'। ਇਸ ਤੋਂ ਅਗਾਂਹ ਉਹ ਬਾਜ ਸਿੰਹ ਦੇ ਦਰਦ ਦਾ ਪਸੀਚਿਆ ਹੋਇਆ ਕੁੱਝ ਨਾ ਬੋਲ ਸਕਿਆ । ਜੇ ਸਨ ਤਾਂ ਉਸ ਦੀਆਂ ਅੱਖੀਆਂ ਡਾਢੀਆਂ ਤਰ ਸਨ ।

ਏਨੇ ਬੈਠਿਆਂ ਵਿਚੋਂ ਕੁੱਝ ਤਾਂ ਨੀਵੀਆਂ ਪਾ ਸੋਚੀ ਪੈ ਗਏ ਅਤੇ ਕੁੱਝ ਓਸ ਬੁੱਢੇ ਦਾ ਕਸੂਰ ਕੱਢਣ ਲੱਗ ਪਏ । ਗੱਲ ਕਿਧਰੋਂ ਤੁਰੀ ਤੇ ਕਿੱਥੇ ਜਾ ਪਹੁੰਚੀ, ਇਹ ਅਨੁਮਾਨ ਤਾਂ ਨਹੀਂ, ਪਰ ਹਾਂ ! ਉਸ ਮਹਿਫਲ ਵਿੱਚ ਦਿਲ ਦੀਆਂ ਗਹਿਰਾਈਆਂ 'ਚੋਂ ਕਹੇ ਪ੍ਰਭਾਵਸ਼ਾਲੀ ਦਿੱਖ ਵਾਲੇ ਛੇ-ਫੁਟੇ ਜਨਰਲ ਸਾਹਿਬ ਦੇ ਬੋਲ ਬਹੁਤ ਅਨਮੋਲ ਜਾਪੇ। ਉਸ ਦਾ ਕਹਿਣ ਸੀ ਕਿ ਬੱਚਿਆਂ ਨੂੰ ਮੁੱਢ ਤੋਂ ਚੰਗੀ ਸਿਖਸ਼ਾ ਦਿੱਤੀ ਜਾਏ, ਪਾਲਣ-ਪੋਸਣ ਵੀ ਸੋਹਣਾ ਹੋਵੇ ਤਾਂ ਇਹ ਸਥਿਤੀ ਪੈਦਾ ਹੀ ਨਹੀਂ ਹੋ ਸਕਦੀ । ਤੁਸੀਂ ਲੋਕ ਟੀ.ਵੀ ਵੇਖੋ ਤਾਂ ਬੱਚਿਆਂ ਦੇ ਨਾਲ, ਫਿਲਮ ਵੇਖਣ ਜਾਉ ਤਾਂ ਬੱਚੇ ਕੰਧੇੜੇ ਚੁੱਕ ਲੈਂਦੇ ਹੋ। ਖਾਣਾ ਖਾਣਾ ਹੋਵੇ ਤਾਂ ਮੇਜ-ਕੁਰਸੀਆਂ ਉੱਤੇ ਬੱਚਿਆਂ ਦੇ ਨਾਲ । ਜੇ ਵਾਹਿਗੁਰੂ ਦਾ ਸਿਮਰਨ ਕਰਨਾ ਹੋਵੇ ਤਾਂ ਇਕਲੇ ਦਰਵਾਜਾ ਬੰਦ ਕਰਕੇ । ਉਦੋਂ ਤੁਹਾਨੂੰ ਕੀ ਮੌਤ ਪੈ ਜਾਂਦੀ ਹੈ ? ਜੇ ਬੱਚਿਆਂ ਨੂੰ ਨਾਲ ਲੈ ਕੇ ਪਾਠ-ਪੂਜਾ ਕਰੋ ਆਪੇ ਇਹ ਜਹਿਮਤਾਂ ਨਾ ਪੈਣ ..।

'ਵਿਚਾਰ ਅਤੀ ਸੁੰਦਰ ਹੈ,' ਇਕ ਮਿਲਟਰੀ ਅਫ਼ਸਰ ਬੋਲਿਆ, 'ਮੇਰਾ ਇੱਕ ਪੁੱਤਰ ਹੈ, ਅਠਾਰਾਂ-ਅਠਾਰਾਂ ਘੰਟੇ ਮਿਹਨਤ ਕਰਕੇ ਉਸ ਨੂੰ ਪੜ੍ਹਾਇਆ, ਲਿਖਾਇਆ, ਵਧੀਆ ਕਾਰੋਬਾਰ ਸਥਾਪਤ ਕਰਕੇ ਦਿੱਤਾ । ਅਜ ਲੱਖਾਂ 'ਚ ਖੇਡਦਾ ਹੈ ਅਤੇ ਅਸੀਂ ਦੋਵੇਂ ਜੀਅ ਬੇਸਮੈਂਟ ਵਿੱਚ ਕੈਦ ਹਾਂ । ਪੌੜੀਆਂ ਚੜ੍ਹਦੇ ਨੂੰਹ-ਪੁੱਤਰ ਨੂੰ ਦਰਵਾਜੇ ਦੀਆਂ ਝੀਤਾਂ ਥਾਣੀ ਤਕਦੇ ਹਾਂ-ਰੱਬ-ਸਬੱਬੀਂ ਕਿਧਰੇ ਸਾਹਮਣਾ ਹੋ ਜਾਏ ਤਾਂ ਸਾਡੀ ਸ਼ਾਮਤ ਆ ਜਾਂਦੀ ਹੈ । ਯਾਰੋ ! ਕੋਈ ਮੇਰਾ ਕਸੂਰ ਤਾਂ ਦਸੋ ? 'ਉਸ ਦੀਆਂ ਅੱਖੀਆਂ ਦਾ ਪਾਪੀ ਪਾਣੀ ਤਿਪ-ਤਿਪ ਕਰਦਾ ਧਰਤੀ ਮਾਤਾ ਦੇ ਢਿੱਡ 'ਚ ਜਾ ਵੜਿਆ।

ਕੁੱਲ ਮਿਲਾ ਕੇ ਕਿਸੇ ਸਿਰੇ ਬੰਨੇ ਤਾਂ ਨਾ ਲੱਗੇ ਪਰ ਹਨੇਰਾ ਹੋਣ ਕਰਕੇ 'ਅੱਛਾ ਭਈ' ਕਹਿ ਸਾਰੇ ਆਪੋ-ਆਪਣੇ ਘਰਾਂ ਨੂੰ ਤੁਰ ਗਏ । ਦਿਲ ਵਿੱਚ ਤਰਸਭਰੀ ਹਮਦਰਦੀ ਸਮੋ ਕੇ ਤੁਰੇ ਤਾਂ ਅਸੀਂ ਵੀ ਇਸ ਖ਼ੁਆਹਸ਼ ਦੇ ਨਾਲ ਕਿ ਜਨਰਲ ਸਾਹਿਬ ਤੋਂ ਜ਼ਰੂਰ ਸਿੱਖਿਆ ਲੈਣੀ ਚਾਹੀਦੀ ਹੈ । ਬੱਸ ਇਸ ਆਸ਼ੇ ਨਾਲ ਮੇਲ-ਮਿਲਾਪ ਵਧਾ ਲਿਆ ।

ਕਨੇਡਾ ਆਏ ਭਾਰਤੀ ਫੌਜ ਦੇ ਜਨਰਲ ਲੱਠ ਵਰਗੇ ਚਾਰ ਸ਼ੁਧ-ਸਿੱਖੀ ਸਰੂਪ ਪੁੱਤਰਾਂ ਦੇ ਬਾਪ ਹਨ । ਨੂੰਹਾਂ ਸਮੇਤ ਸਿੱਖੀ ਪਹਿਰਾਵੇ ਵਿੱਚ ਪੋਤੇ-ਪੋਤਰੀਆਂ ਦੀ ਆਪਣੀ ਨਿਵੇਕਲੀ ਦਿੱਖ ਹੈ । ਸਿੱਖ ਧਾਰਮਿਕ ਸਮਾਗਮਾਂ ਅੰਦਰ ਵੀ ਉਸਾਰੂ ਭੂਮਿਕਾ ਨਿਭਾਉਣ ਲਈ ਸਦਾ ਗਤੀਸ਼ੀਲ ਰਹਿੰਦੇ ਹਨ । ਇੰਝ ਜਾਪਦਾ ਹੈ ਕਿ ਜਨਰਲ

ਸਾਹਿਬ ਨੇ ਆਪਣੇ ਪ੍ਰੀਵਾਰ ਨੂੰ ਸਿੱਖੀ ਦੀ ਗੁੜਤੀ ਦੇਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ । ਗੁਰ ਨਾਨਕ ਦੇ ਅਨਿੰਨ ਸਿੱਖ ਦਾ ਮੁਢਲਾ ਫ਼ਰਜ਼ ਵੀ ਇਹੋ ਹੀ ਹੈ। ਗੁਰ-ਵਾਕ ਹੈ:

'ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ॥
ਅਨਦਿਨੁ ਸੇਵਨਿ ਗੁਰੁ ਅਪਣਾ ਅਨਦਿਨੁ ਅਨਦਿ ਰਹੰਨਿ॥
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ'॥

(ਸਲੋਕ ਵਾਰਾਂ ਤੇ ਵਧੀਕ ਮ:3-ਅੰਗ 1419)

ਜਿਸ ਨਾ-ਮੁਰਾਦ ਸਥਿਤੀ ਦਾ ਚਿਤ ਨਾ ਚੇਤਾ, ਉਸ ਨੇ ਮਗਰੂਰੀ ਜਨਰਲ 'ਸਿੰਘ' ਨੂੰ ਕਦੋਂ ਤੇ ਕਿਵੇਂ ਆ ਦਬੋਚਿਆ, ਇਹ ਖੋਜ ਤਾਂ ਅਜੇ ਬਾਕੀ ਹੈ ਪਰ ਮਨਹੂਸ ਖ਼ਬਰ ਸੁਣਦਿਆਂ ਸਾਰ ਹੀ ਅਸੀਂ ਓਸ 'ਬੁਢਾ-ਹਾਉਸ' ਜਾ ਪਹੁੰਚੇ ਜਿਥੇ ਨਿਢਾਲ ਹੋਇਆ "ਬੱਬਰ ਸਿੰਘ" ਛੱਤ ਵਲ ਬਿਨਾਂ ਪਲਕ ਝਮਕਿਆ ਟਿੱਕ-ਟਿਕੀ ਲਗਾ ਕੇ ਵੇਖੀ ਜਾ ਰਿਹਾ ਸੀ ।

ਕਮਰੇ ਵਿੱਚ ਬੰਦ ਕੱਲ ਮੁਕੱਲਾ, ਪੁੱਛਣ-ਦੱਸਣ ਵਾਲੀ ਕੋਈ ਗੱਲ ਰਹਿ ਨਹੀਂ ਸੀ ਗਈ । ਕਾਫੀ ਦੇਰ ਤਕ ਪਹਿਲਾਂ ਬਿੱਟਰ ਬਿਟਰ ਤੱਕਦਾ ਰਿਹਾ ਫਿਰ ਨੀਰ ਭਰੀਆਂ ਅਖੀਆਂ ਪੂੰਝਦਾ ਹੋਇਆ ਪਛਾਨਣ ਲੱਗ ਪਿਆ ਅਤੇ ਘੜੀ ਕੁ ਪਿਛੋਂ ਉੱਚੀ ਸਾਰੀ ਬੋਲਿਆ:

'....?..... 'ਹੁੰਦਲ...... ਐ'..... ਕਿ ਕੋਈ ਹੋਰ'।

ਹੰਝੂ ਸਾਡੇ ਵੀ ਵਹਿ ਤੁਰੇ । ਚੁਪ-ਚਾਪ ਉਸ ਵੱਲ ਤੱਕਦੇ ਰਹੇ, ਤੱਕਦੇ ਹੀ ਰਹੇ ਅਤੇ ਉਹ ਸਾਡੀ ਵੱਲ ।ਿ ਫਰ ਉਸ ਨੇ ਕੰਬਦੇ ਹੱਥਾਂ ਨਾਲ ਬੈਡ ਥੱਲਿਉਂ ਇੱਕ ਕਾਗਜ਼ ਦਾ ਟੁਕੜਾ ਕੱਢਿਆ ਅਤੇ ਸਾਡੇ ਵੱਲ ਵਧਾਇਆ । ਉਰਦੂ ਭਾਸ਼ਾ ਵਿੱਚ ਲਿਖਿਆ ਹੋਇਆ ਸੀ:

'.......ਪੁਤਰੀਂ ਕੌਲ ਨ ਪਾਲਿਓ......'॥

ਦੂਸਰੀ ਸਤਰ ਕੁਝ ਇਸ ਤਰ੍ਹਾਂ ਸੀ:

'ਮੈਂ ਹੂੰ ਬੇ-ਵਤਨ ਮੁਸਾਫਰ , ਮੇਰਾ ਨਾਮ ਬੇ-ਕਸੀ ਹੈ'
ਮੇਰਾ ਕੋਈ ਭੀ ਨਹੀਂ ਹੈ , ਜੋ ਗਲੇ ਲਗਾ ਕੇ ਰੋਏ'।

ਇੱਕ ਹੱਥ ਵਿੱਚ ਉਹ ਕਾਗਜ ਦਾ ਟੁੱਕੜਾ ਹੈ ਅਤੇ ਦੂਸਰੇ ਹੱਥ ਵਿੱਚ

ਅਖਬਾਰ, ਜਿਸ ਵਿੱਚ ਪੂਰੇ ਸਫੇ ਦਾ ਸ਼ੋਕ ਸਮਾਚਾਰ ਛਪਿਆ ਹੈ ਕਿ 'ਸਾਡੇ ਪੂਜਯ ਪਿਤਾ ਜੀ...ਜਨਰਲ ਸਾਹਿਬ ਅਕਾਲ ਚਲਾਣਾ ਕਰ ਗਏ ਹਨ । ਵਿਛੜੀ ਰੂਹ ਦੀ ਆਤਮਿਕ ਸ਼ਾਤੀ ਲਈ ਗੁਰਦੁਆਰਾ ਸਾਹਿਬ ਰੈਣ-ਸੁਵਾਈ ਕੀਰਤਨ ਹੋਵੇਗਾ...ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਵੱਖਰੇ ਕਾਰਡ ਨਹੀਂ ਭੇਜੇ ਜਾ ਰਹੇ'।



ਲਗਾਤਾਰ ਫੋਨ ਤੇ ਹੁੰਦੀ ਇਸ ਗਿਟੱਮਿੱਟ ਨੇ ਦੋਹਾਂ ਵਿੱਚ ਕਾਫੀ ਅਪਣੱਤ ਪੈਦਾ ਕਰ ਦਿੱਤੀ ਸੀ। ਦਿਸ਼ਾ ਦੀ ਮਾਸੂਮੀਅਤ, ਸਿਆਣਪ ਤੇ ਹੋਰ ਕਈ ਗੱਲਾਂ ਨਾਲ ਲਬਰੇਜ ਸ਼ਕਸੀਅਤ, ਦੇਵ ਨੂੰ ਪੂਰੀ ਤਰ੍ਹਾਂ ਆਪਣੇ ਰੰਗ ਵਿੱਚ ਰੰਗ ਚੁੱਕੀ ਸੀ ਅਤੇ ਦੇਵ ਦਾ ਗੱਲ ਕਰਨ ਦਾ ਲਹਿਜਾ, ਸ਼ਾਇਰਾਨਾ ਅੰਦਾਜ਼, ਸੂਹਜ ਸਿਆਣਪ, ਹੁਸ਼ਿਆਰ ਦਿਸ਼ਾ ਦੀ ਨਜ਼ਰ ਵਿੱਚ ਦੇਵ ਨੂੰ 'ਦਾ ਪਰਫੈਕਟ ਪਰਸਨ' ਬਣਾ ਚੁੱਕਾ ਸੀ ਅਤੇ ਦੋਵੇਂ ਹੁਣ ਪਿਆਰ ਦੀਆਂ ਬਰੂਹਾਂ ਤੇ ਪਹਿਲਾ ਕਦਮ ਰੱਖਣ ਲਈ ਤਿਆਰ ਬਰ ਤਿਆਰ ਸਨ।

# ਅਜੀਬ ਰਿਸ਼ਤਾ

ਪਹਿਲੀ ਵਾਰ ਮੋਬਾਇਲ ਕਾਲ ਤੇ ਗੱਲ ਕਰ ਰਹੇ ਦੇਵ ਅਤੇ ਦਿਸ਼ਾ ਨੇ ਕਦੇ ਇਸਦਾ ਅੰਦਾਜਾ ਵੀ ਨਹੀ ਲਗਾਇਆ ਹੋਣਾ ਕਿ ਉਹਨਾਂ ਦੋਹਾਂ ਦੇ ਦਿਲਾਂ ਦੀਆਂ ਕਿਆਰੀਆਂ ਅੰਦਰ ਨਾ ਸਿਰਫ ਪਿਆਰ ਦਾ ਬੀਜ ਪੁੰਗਰੂ ਸਗੋ ਉਸ ਬੂਟੇ ਤੇ ਆਪਣੇਪਨ, ਮੋਹ ਅਤੇ ਸਾਂਝ ਦੇ ਫ਼ਲ ਵੀ ਖਿੜ ਜਾਣਗੇ।

ਗੂੜੀ ਨੀਂਦ ਵਿੱਚ ਵੇਖੇ ਕਿਸੇ ਹਸੀਨ ਖੁਆਬ ਵਾਂਗ ਜਾਪਦੀ ਇਸ ਹਕੀਕਤ ਦੀ ਪੈਦਾਇਸ਼ ਉਦੋਂ ਹੋਈ ਜਦੋ ਇੱਕ ਦਿਨ ਦੇਵ ਵੱਲੋਂ ਗਲਤੀ ਨਾਲ ਮਿਲੇ ਨੰਬਰ ਤੇ ਇੱਕ ਮਿੱਠੀ ਜਿਹੀ ਅਵਾਜ਼ ਨੇ ਹੈਲੋ ਕਿਹਾ, ਸੰਬੰਧਿਤ ਗੱਲ ਕਰਨ ਤੋਂ ਬਾਅਦ ' ਸੋਰੀ ਰੋਂਗ ਨੰਬਰ ਜੀ' ਕਹਿ ਕੇ ਕਾਲ ਕੱਟ ਦਿੱਤੀ। ਪਰ ਕਿਸੇ ਤੇਜ਼ ਨਸ਼ੇ ਦੇ ਸਰੂਰ ਵਰਗੀ ਇਹ ਮਿੱਠੀ ਅਤੇ ਨਿਮਰਤਾ ਭਰੀ ਆਵਾਜ਼ ਦੇਵ ਦੇ ਦਿਲੋ ਦਿਮਾਗ ਨੂੰ ਏਨਾਂ ਮਦਹੋਸ਼ ਕਰ ਚੁੱਕੀ ਸੀ ਕਿ ਪਤਾ ਈ ਨਹੀਂ ਕਦੋਂ ਉਸਨੇ ਜਵਾਨੀ ਅਤੇ ਮਦਹੋਸ਼ੀ 'ਚ ਚੂਰ ਹੋਏ ਨੇ ਉਸ ਲੜਕੀ ਨੂੰ 'ਵਿੱਲ ਯੂ ਫਰੈਂਡਸ਼ਿਪ ਵਿਦ ਮੀ' ਦਾ ਮੈਸੇਜ ਭੇਜ ਦਿੱਤਾ ਉਸਨੂੰ ਵੀ ਨਾ ਪਤਾ ਲੱਗਾ।

ਇਹ ਮਦਹੋਸ਼ੀ ਉਦੋਂ ਟੁੱਟੀ, ਜਦੋਂ ਉਸੇ ਨੰਬਰ ਤੋਂ ਬੈਕ ਕਾਲ ਆਈ ਤੇ ਥੋੜੇ ਤਲਖ ਲਹਿਜੇ ਵਿੱਚ "ਵੱਟ ਇਜ਼ ਦਿਸ?' ਕਿਹਾ। ਭਾਵੇਂ ਇਸ ਵਾਰ ਥੋੜਾ ਗੁੱਸਾ ਅਤੇ ਨਰਾਜ਼ਗੀ ਸੀ ਪਰ ਮਿਠਾਸ, ਅੰਦਾਜ ਤੇ ਨਿਮਰਤਾ ਉਸੇ ਤਰ੍ਹਾਂ ਬਰਕਰਾਰ ਸੀ। ਦੇਵ ਇੱਕੋ ਸਾਹੇ ਆਪਣੇ ਦਿਲ ਦੇ ਚਾਅ ਉਸ ਮੂਹਰੇ ਬਿਆਨ ਕਰ ਚੁੱਕਾ ਸੀ। ਭਾਵੇਂ ਉਸ ਸਮੇਂ ਦਿਸ਼ਾ ਨੇ ਕਾਲ ਕੱਟ ਕਰ ਦਿੱਤੀ ਸੀ, ਪਰ ਇਸ ਜਵਾਨੀ ਦੀ ਅਥੱਰੀ ਜਿਹੀ ਰੁੱਤੇ, ਸੱਜਰੇ ਖਿੜੇ ਚਾਅਵਾਂ ਨਾਲ ਮਹਿਕਦੇ ਦਿਲ ਤੇ ਜਦੋਂ ਕੋਈ ਪਿਆਰ ਦੀ ਦਸਤਕ ਦੇਵੇ ਤਾਂ ਜਿਆਦਾ ਦੇਰ ਬੂਹੇ ਟੁਪੇ ਨਹੀ ਰਹਿੰਦੇ। ਇਕ ਦੋ ਵਾਰ ਅਣਚਾਹੀ ਨਾ ਕਰਨ ਤੋਂ ਬਾਅਦ ਦਿਸ਼ਾ ਵੀ ਆਪਣੇ ਕੋਰੇ ਕਾਗਜ ਵਰਗੇ ਦਿਲ ਤੇ ਦੋਸਤੀ ਦਾ ਸ਼ਬਦ ਲਿਖਣੋਂ ਬਹੁਤੀ ਦੇਰ ਨਾ ਰਹਿ ਸਕੀ ਤੇ ਆਖਰ ਦੇਵ ਦੇ ਪ੍ਰਪੋਜ਼ਲ ਨੂੰ ਸਵੀਕਾਰ ਲਿਆ।

ਲਗਾਤਾਰ ਫੋਨ ਤੇ ਹੁੰਦੀ ਇਸ ਗਿਟੱਮਿੱਟ ਨੇ ਦੋਹਾਂ ਵਿੱਚ

ਕਾਫੀ ਅਪਣੱਤ ਪੈਦਾ ਕਰ ਦਿੱਤੀ ਸੀ। ਦਿਸ਼ਾ ਦੀ ਮਾਸੂਮੀਅਤ, ਸਿਆਣਪ ਤੇ ਹੋਰ ਕਈ ਗੱਲਾਂ ਨਾਲ ਲਬਰੇਜ ਸ਼ਕਸੀਅਤ, ਦੇਵ ਨੂੰ ਪੂਰੀ ਤਰ੍ਹਾਂ ਆਪਣੇ ਰੰਗ ਵਿੱਚ ਰੰਗ ਚੁੱਕੀ ਸੀ ਅਤੇ ਦੇਵ ਦਾ ਗੱਲ ਕਰਨ ਦਾ ਲਹਿਜਾ, ਸ਼ਾਇਰਾਨਾ ਅੰਦਾਜ਼, ਸੁਹਜ ਸਿਆਣਪ, ਹੁਸ਼ਿਆਰ ਦਿਸ਼ਾ ਦੀ ਨਜ਼ਰ ਵਿੱਚ ਦੇਵ ਨੂੰ 'ਦਾ ਪਰਫੈਕਟ ਪਰਸਨ' ਬਣਾ ਚੁੱਕਾ ਸੀ ਅਤੇ ਦੋਵੇਂ ਹੁਣ ਪਿਆਰ ਦੀਆਂ ਬਰੂਹਾਂ ਤੇ ਪਹਿਲਾ ਕਦਮ ਰੱਖਣ ਲਈ ਤਿਆਰ ਬਰ ਤਿਆਰ ਸਨ।

ਇਕ ਰਾਤ ਗੱਲਾਂ ਕਰਨ ਤੋਂ ਬਾਅਦ ਦਿਸ਼ਾ ਦੇ ਖਿਆਲ 'ਚ ਗੁਆਚੇ, ਪਿਆਰ ਦੇ ਅੰਬਰਾਂ ਤੇ ਉਡਾਰੀ ਮਾਰਨ ਲਈ, ਫੜਫੜਾਉਦੇਂ ਦੇਵ ਦੇ ਦਿਲ ਨੂੰ ਦੇਵ ਦੀ ਆਤਮਾਂ ਨੇ ਝੰਜੋੜਿਆ ਤੇ ਕਿਹਾ, 'ਦੇਵ ਇਹ ਤੂੰ ਕੀ ਕਰ ਰਿਹੈਂ? ਇਕ ਮਾਸੂਮ ਲੜਕੀ ਦੀਆ ਭਾਵਨਾਵਾਂ ਨਾਲ ਖਿਲਵਾੜ ਕਰ ਰਿਹਾ ਏਂ, ਤੂੰ ਕਿਸੇ ਵੀ ਪੱਖੋਂ ਉਸਦੇ ਕਾਬਿਲ ਨਹੀਂ ਹੈਂ। ਤੈਨੂੰ ਆਪਣੀ ਜਿੰਦਗੀ ਦਾ ਸੱਚ ਦਿਸ਼ਾ ਨੂੰ ਦੱਸਣਾ ਪਵੇਗਾ। ਇਹ ਖਿਆਲ ਆਉਂਦਿਆ ਹੀ ਦੇਵ ਧੁਰ ਤੱਕ ਕੰਬ ਗਿਆ ਅਤੇ ਪੂਰੀ ਰਾਤ ਅਜੀਬ ਕਸ਼ਮਕਸ਼ ਵਿੱਚ ਉਲਝਿਆ ਰਿਹਾ, ਪਰ ਸਵੇਰ ਹੋਣ ਤੱਕ ਪਹਿਲਾਂ ਦੇਵ ਨਿਰਣਾ ਲੈ ਚੁੱਕਾ ਸੀ, ਦਿਸ਼ਾ ਨੂੰ ਸੱਭ-ਕੁੱਝ ਸੱਚ ਦੱਸਣ ਦਾ।

ਯਾਰਾਂ ਦੋਸਤਾਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਵੀ, ਦੇਵ ਨੇ ਆਖਿਰ ਦਿਸ਼ਾ ਨੂੰ ਸਾਰਾ ਸੱਚ ਦੱਸ ਦਿੱਤਾ ਕਿ, 'ਜਿਸ ਦੇਵ ਨਾਲ ਉਹ ਪਿਆਰ ਦੇ ਰਾਹੇ ਚੱਲਣ ਦੀਆਂ ਸੱਧਰਾਂ ਸਜਾਈ ਬੈਠੀ ਏ, ਉਹ ਇੱਕ ਕਦਮ ਵੀ ਚਲਣੋਂ ਮੁਥਾਜ ਹੈ ਅਤੇ ਇਸ ਹਾਲਤ ਵਿੱਚ 'ਵ੍ਹੀਲ ਚੇਅਰ' ਸਹਾਰੇ ਜਿੰਦਗੀ ਕੱਟ ਰਿਹਾ।'

ਦਿਸ਼ਾ ਤੋਂ ਮੁਆਫੀ ਮੰਗ ਕੇ ਦੇਵ ਨੇ ਕਿਹਾ ਕਿ ਉਹ ਅਪਣਾ ਨੰਬਰ ਬੰਦ ਕਰ ਦੇਵੇਗਾ । ਪਰ ਦੈਂਤ ਵਰਗੇ ਇਸ ਸੱਚ ਦਾ ਦਿਸ਼ਾ ਦੀਆਂ ਦੇਵ ਪ੍ਰਤੀ ਪ੍ਰਬਲ ਹੋ ਚੁੱਕੀਆਂ ਭਾਵਨਾਵਾਂ ਤੇ ਕੋਈ ਅਸਰ ਨਾ ਕਰ ਸਕਿਆ, ਸਗੋਂ ਦੇਵ ਦੇ ਸੱਚ ਦੱਸਣ ਦਾ ਇਹ ਜੇਰਾ (ਹਿੰਮਤ) ਦਿਸ਼ਾ ਦੇ ਦਿਲ ਤੇ ਪਿਆਰ ਦੀ ਇਕ ਹੋਰ ਪੁਲਾਂਘ ਪੁੱਟਣ ਵਾਂਗ ਸਾਬਤ ਹੋਇਆ । ਦੇਵ ਦੇ ਬਹੁਤ ਸਮਝਾਉਣ ਦੇ ਬਾਅਦ ਵੀ ਦਿਸ਼ਾ ਨੇ ਇਹ ਰਿਸ਼ਤਾ ਜਾਰੀ ਰੱਖਣ ਦਾ, ਆਪਣਾ ਆਖਰੀ ਫੈਸਲਾ ਦੇਵ ਨੂੰ ਸੁਣਾ ਦਿੱਤਾ ।

ਦਿਸ਼ਾ ਦਾ ਦੇਵ ਨੂੰ ਉਸਦੀ ਉਸ ਹਾਲਤ 'ਚ ਸਵੀਕਾਰਨਾ ਇਹ ਸਾਬਿਤ ਕਰ ਚੁੱਕਾ ਸੀ ਕਿ ਸੱਚਾ ਪਿਆਰ ਜਾਤ ਪਾਤ, ਰੰਗ ਰੂਪ ਸਰੀਰਾਂ ਦੀ ਬਣਤਰ ਜਾਂ ਕਿਸੇ ਸਰੱਹਦ ਦਾ ਮੁਥਾਜ ਨਹੀਂ ਹੁੰਦਾ। ਪਿਆਰ ਤਾਂ ਉਹ ਜਜ਼ਬਾ ਹੈ ਜੋ ਦਿਲਾਂ ਤੋਂ ਰੂਹਾਂ ਤੱਕ ਸਾਂਝ ਦਾ ਪ੍ਰਤੀਕ ਹੈ। ਛੋਟੀ ਉਮਰੇ ਮਾਂ-ਪਿਉ ਦੇ ਗੁਜਰ ਜਾਣ ਕਰਕੇ ਦਿਸ਼ਾ ਤੇ ਘਰ ਦੀ

ਜਿੰਮੇਵਾਰੀ ਨੇ ਦਿਸ਼ਾ ਨੂੰ ਬਹੁਤ ਜਿੰਮੇਵਾਰ, ਸੁੱਘੜ ਸਿਆਣੀ ਤੇ ਹੋਰਾਂ ਲੜਕੀਆ ਤੋਂ ਵੱਖਰੀ ਬਣਾ ਦਿੱਤਾ ਸੀ ਤੇ ਦੇਵ ਨੂੰ ਵੀ ਏਨੇ ਵੱਡੇ ਦੁੱਖ ਨੇ ਬਹੁਤ ਕੁੱਝ ਸਿਖਾ ਕੇ ਵੱਖਰਾ ਬਣਾ ਦਿੱਤਾ ਸੀ। ਸ਼ਾਇਦ ਇਸੇ ਕਰਕੇ ਦੇਵ ਲਈ ਉਸਦੀ ਦਿਸ਼ਾ ਤੇ ਦਿਸ਼ਾ ਲਈ ਉਸਦਾ ਦੇਵ ਸਭ ਤੋਂ ਨਿਆਰੇ ਸਨ।

ਅਣਜਾਨ ਤੋਂ ਇਕ ਦੂਜੇ ਦੀ ਜਾਨ ਬਣਿਆਂ, ਹੁਣ ਦਿਸ਼ਾ ਅਤੇ ਲਈ ਦੇਵ ਨੂੰ ਦੋ ਵਰ੍ਹੇ ਹੋ ਗਏ ਸਨ। ਹਾਲਾਂ ਕਿ ਦੇਵ ਨੇ ਸਮੇਂ-ਸਮੇਂ ਆਪਣੇ ਅਤੇ ਦਿਸ਼ਾ ਦੇ ਦਿਲ ਨੂੰ ਇਸ ਕੋੜੇ ਪਰ ਸੱਚ ਤੋਂ ਜਾਣੂ ਰਖਵਾਇਆ ਕਿ ਉਹ ਕਦੇ ਇਕ ਨਹੀ ਹੋ ਸਕਦੇ ਤੇ ਦਿਸ਼ਾ ਦੀ ਮੰਜ਼ਿਲ ਕੋਈ ਹੋਰ ਹੈ ਤੇ ਦਿਸ਼ਾ ਕਿਸੇ ਹੋਰ ਦੀ ਹੈ ਪਰ ਦਿਸ਼ਾ ਦੇਵ ਨੂੰ ਇਹ ਕਹਿ ਕੇ ਹਮੇਸ਼ਾ ਚੁਪ ਕਰਾ ਦਿੰਦੀ, ਕਿ 'ਜਦੋਂ ਟਾਈਮ ਆਊ, ਵੇਖੀ ਜਾਊਗੀ ਪਰ ਅਜੇ ਉਹ ਸਿਰਫ ਦੇਵ ਦੀ ਹੋ ਕੇ ਜਿਉਣਾ ਚਾਹੁੰਦੀ ਹੈ।'

ਦੋਹਾਂ ਨੂੰ ਇਕ ਦੂਜੇ ਦੀ ਬਹੁਤ ਪ੍ਰਵਾਹ ਕਦਰ ਸੀ। ਦੋਵੇਂ ਛੋਟੀ-ਵੱਡੀ, ਹਰ ਗੱਲ ਇਕ ਦੂਜੇ ਨਾਲ ਸਾਂਝੀ ਕਰਦੇ। ਹਰ ਮੁਸ਼ਕਿਲ 'ਚ ਦੇਵ ਦਿਸ਼ਾ ਦੀ ਤਾਕਤ ਬਣਦਾ, ਉਸਦੀ ਸੋਚ ਨੂੰ ਬਲਵਾਨ ਬਣਾ ਕੇ ਉਸ ਵਿੱਚ ਜਜ਼ਬੇ ਦੀ ਨਵੀਂ ਰੂਹ ਫੂਕਦਾ। ਦੇਵ ਦਿਸ਼ਾ ਨੂੰ ਮਿਲਣ ਲਈ ਤੜਫਦਾ ਪਰ ਮਜਬੂਰੀ ਅਤੇ ਹਾਲਾਤ ਕਾਰਣ ਇਹ ਸੰਭਵ ਨਹੀ ਸੀ । ਦਿਸ਼ਾ ਵੀ ਦੇਵ ਦੀ ਮਜਬੂਰੀ ਸਮਝਦੀ ਤੇ ਉਸਨੂੰ ਸਮਝਾਉਂਦੀ ਕਿ ਉਹ ਸਦਾ ਇਕ ਦੂਜੇ ਦੇ ਕੋਲ ਨੇ। ਬਿਨਾਂ ਮਿਲੇ ਮਿਲਣ ਵਾਲੇ ਪ੍ਰੇਮੀਆਂ ਵਾਂਗ ਦੋਹਾਂ ਨੇ ਇਹਨਾਂ ਦੋ ਵਰ੍ਹਿਆਂ ਵਿੱਚ ਉਹ ਹਰ ਪਲ ਅਹਿਸਾਸ ਜਰੀਏ ਜੀਵਿਆ ਸੀ।

ਰੁੱਸਣਾ ਮਨਾਉਣਾ, ਲੜਨਾ ਪਿਆਰ ਕਰਨਾ, ਅੱਧੀ ਰਾਤ ਤੱਕ ਗੱਲਾਂ ਕਰਨਾ, ਨਰਾਜ਼ਗੀ, ਮਸਤੀ, ਹਰ ਪਲ ਹਰ ਲਮਹਾ ਆਪਣੇ ਪਿਆਰ ਨਾਲ ਜੀਵਿਆ ਮਾਨਿਆ ਸੀ ਦੋਹਾਂ ਨੇ। ਮਨ ਹੀ ਮਨ ਦਿਸ਼ਾ ਦੇਵ ਨੂੰ ਆਪਣਾ ਸੱਭ ਕੁੱਝ ਮੰਨਣ ਲੱਗ ਪਈ ਸੀ। ਇਕ ਪਲ ਜੇ ਉਹ ਦੂਰ ਹੋਣ ਦੀ ਗੱਲ ਕਰਦੇ ਤਾਂ ਅਗਲੇ ਹੀ ਪਲ ਉਹ ਇਕ ਦੂਸਰੇ ਦੇ ਹੋ ਜਾਂਦੇ।

ਹੁਣ ਦਿਸ਼ਾ ਐਮ.ਏ. ਕਰ ਚੁੱਕੀ ਸੀ ਅਤੇ ਬੀ.ਐੱਡ ਕਰ ਰਹੀ ਸੀ। ਬੀ.ਐੱਡ ਦੀ ਪ੍ਰੀਖਿਆ ਨੇੜੇ ਹੀ ਸੀ ਤੇ ਆਖਿਰਕਾਰ ਉਹ ਦਿਨ ਆ ਹੀ ਗਿਆ ਜਿਹੜਾ ਇੱਕ ਖਿਆਲ ਜਿਹਾ ਹੀ ਦਿਸ਼ਾ ਤੇ ਦੇਵ ਦੀ ਰੂਹ ਨੂੰ ਨਿਚੋੜ ਦਿੰਦਾ ਸੀ । ਇਹ ਦਿਨ ਸੀ ਮਜਬੂਰ ਮੁੱਹਬਤ ਦੇ ਅੰਤ ਦਾ।

ਦੇਵ ਨੇ ਦਿਸ਼ਾ ਨੂੰ ਬਹੁੱਤ ਪੁੱਛਿਆ ਪਰ ਦਿਸ਼ਾ ਸਿਰਫ ਇਹੀ ਕਹਿ ਪਾਈ ਦੇਵ ਮੈਨੂੰ ਮੁਆਫ ਕਰੀਂ ਮੇਰੀ ਮਜਬੂਰੀ ਹੈ। ਦੇਵ ਨੇ ਦਿਸ਼ਾ ਦੇ ਇਹਨਾਂ ਸ਼ਬਦਾਂ ਤੇ ਫੁੱਲ

ਚੜ੍ਹਾ ਦਿੱਤੇ ਕਿਉਂ ਕਿ ਉਹ ਸ਼ੁਰੂ ਤੋ ਹੀ ਇਸ ਮਜਬੂਰ ਮੁੱਹਬਤ ਦਾ ਅੰਜਾਮ ਜਾਣਦਾ ਸੀ। ਦੋਹਾਂ ਦੇ ਦਿਲ ਰੋਏ ਰੂਹਾਂ ਕੁਰਲਾਈਆਂ ਅਤੇ ਸੱਧਰਾਂ ਮੋਈਆਂ ਪਰ ਜੁਦਾਈ ਹੀ ਇਸ ਮੁੱਹਬਤ ਦਾ ਅੰਤ ਸੀ।

ਇਕ ਦੂਜੇ ਲਈ ਦੋਵੇਂ ਭਾਵੇਂ ਗੁਮਨਾਮੀ ਦੇ ਹਨੇਰਿਆਂ 'ਚ ਖੋ ਗਏ ਪਰ ਉਸ ਪਿਆਰੀਆਂ ਪਿਆਰੀਆਂ ਯਾਦਾਂ, ਉਹ ਹਸੀਨ ਪਲ ਅੱਜ ਵੀ ਦੋਹਾਂ ਦੇ ਦਿਲ ਨੂੰ ਰੁਸ਼ਨਾ ਰਹੇ ਹਨ। ਦੇਵ ਤਾਂ ਬੱਸ ਕਾਗਜ਼ ਕਲਮ ਦੇ ਨਾਲ ਸ਼ਾਇਰੀ ਦੇ ਜ਼ਰੀਏ ਉਸ ਦੀਆਂ ਯਾਦਾਂ ਨੂੰ ਤਾਜ਼ਾ ਰੱਖਣ ਦਾ ਯਤਨ ਕਰ ਰਿਹੈ। ਜੋ ਇੱਕ ਯਾਦ ਬਣ ਅੱਜ ਵੀ ਉਸਦੇ ਸੀਨੇ ਵਿੱਚ ਧੜਕਦੀ ਹੈ ਜੋ ਇੱਕ ਅਜੀਬ ਜਿਹੇ ਰਿਸ਼ਤੇ ਨੂੰ ਨਿਭਾਅ ਰਹੀ ਹੈ ।




ਉਸਦੀ ਭੈਣ ਨੇ ਦੱਸਿਆ ਕਿ, 'ਉਹ ਇੱਕ ਬਹੁਤ ਅਮੀਰ ਪਰਿਵਾਰ ਹੈ, ਕੁੜੀ ਪੜ੍ਹੀ ਲਿਖੀ ਤਾਂ ਘੱਟ ਹੀ ਹੈ ਤੇ ਨਾ ਹੀ ਕੋਈ ਕੰਮ ਕਾਰ ਆਉਂਦਾ ਹੈ, ਨਾਲੇ ਭਲਾ ਨੌਕਰਾਂ-ਚਾਕਰਾਂ ਦੇ ਹੁੰਦਿਆਂ ਉਸਨੂੰ ਕੋਈ ਕੰਮ ਕਰਨ ਦੀ ਕੀ ਲੋੜ ਹੈ ? ਦਾਜ ਵਿੱਚ ਅਗਲੇ ਸਫਾਰੀ ਵਰਗੀ ਵੱਡੀ ਗੱਡੀ ਤੇ ਹਰ ਸ਼ਰਤ ਪੂਰੀ ਕਰਨ ਨੂੰ ਤਿਆਰ ਨੇ । ਕੁੜੀ ਤਾਂ ਅਗਲਿਆਂ ਨੇ ਘਰੋਂ ਹੀ ਸੋਨੇ ਨਾਲ ਲੱਦ ਕੇ ਤੋਰਨੀ ਹੈ ਵਿਆਹ ਵੀ ਰਾਜਿਆਂ-ਮਾਹਰਾਜਿਆਂ ਵਾਂਗ ਕਰਨਾ ਅਗਲਿਆਂ ਨੇ ।

# ਸੁਚੱਜੀ ਨੂੰਹ

ਹਰਨੂਰ ਨੂੰ ਅੱਜ ਆਪਣੇ ਪਾਪਾ ਦੇ ਪੁਰਾਣੇ ਅਤੇ ਖਾਸ ਮਿੱਤਰ ਸ. ਸੁਰਜੀਤ ਸਿੰਘ ਦੇ ਘਰ ਗਿਆ ਨੂੰ ਤਿੰਨ ਦਿਨ ਹੋ ਗਏ ਸਨ ਅਤੇ ਅੱਜ ਉਸਦੀ ਆਪਣੇ ਘਰ ਵਾਪਸੀ ਸੀ । ਪਿਛਲੇ ਗੁੱਜਰੇ ਤਿੰਨ ਦਿਨ ਉਸਦੀ ਜਿੰਦਗੀ ਦੇ ਕਦੇ ਨਾ ਭੁੱਲਣ ਵਾਲੇ ਪਲਾਂ ਵੱਜੋਂ ਆਪਣੀ ਛਾਪ ਉਸ ਦੇ ਦਿਲ ਉੱਤੇ ਛੱਡ ਗਏ ਸਨ । ਉਹ ਇੱਥੇ ਆਪਣੇ ਅੰਕਲ ਦੀ ਬੇਟੀ ਨਵਰੀਤ ਦੇ ਵਿਆਹ ਦੇ ਸਬੰਧ ਵਿੱਚ ਗਈ ਹੋਈ ਸੀ ਅਤੇ ਕੱਲ੍ਹ ਉਸਦੀ ਡੋਲੀ ਘਰੋਂ ਉਠ ਗਈ ਸੀ । ਵਿਆਹੁਣ ਵਾਲੇ ਪੰਜਾਬ ਤੋਂ ਦੂਰ ਰਾਜਸਥਾਨ ਦੇ ਕਿਸੇ ਵੱਡੇ ਸ਼ਹਿਰ ਵਿੱਚੋਂ ਆਏ ਸਨ ।

ਇਸ ਵਿਆਹ ਦੌਰਾਨ ਹਰਨੂਰ ਨੇ ਆਪਣੇ ਮਨ ਵਿੱਚ ਕਈ ਤਰ੍ਹਾਂ ਦੇ ਸੁਪਨਿਆਂ, ਇੱਛਾਵਾਂ, ਚਾਵ੍ਹਾਂ ਨੂੰ ਜਨਮ ਦੇ ਦਿੱਤਾ ਸੀ । ਹਰਨੂਰ ਜਲੰਧਰ ਦੀ ਰਹਿਣ ਵਾਲੀ ਸੀ । ਉਸਦੇ ਪਾਪਾ ਦਾ ਆਪਣਾ ਛੋਟਾ ਜਿਹਾ ਹੋਲਸੇਲ ਦਾ ਬਿਜ਼ਨਸ ਸੀ ਅਤੇ ਇੱਕ ਭਰਾ ਆਪਣੀ ਪੜ੍ਹਾਈ ਤੋਂ ਬਾਅਦ ਆਪਣੇ ਪਾਪਾ  ਨਾਲ ਹੀ ਕੰਮ ਵਿੱਚ ਹੱਥ ਵਟਾਉਂਦਾ ਸੀ । ਹਰਨੂਰ ਆਪਣੇ ਮਾਤਾ-ਪਿਤਾ ਦੀ ਲਾਡਲੀ ਧੀ ਸੀ । ਮਾਂ ਨੇ ਉਸਨੂੰ ਘਰ ਦੇ ਹਰ ਕੰਮ ਵਿੱਚ ਨਿਪੁੰਨ ਕੀਤਾ ਹੋਇਆ ਸੀ ਅਤੇ ਪੜ੍ਹਾਈ ਦੌਰਾਨ ਭਾਵੇਂ ਸਕੂਲ ਟਾਈਮ ਸੀ ਜਾਂ ਫਿਰ ਕਾਲਜ, ਉਹ ਹਮੇਸ਼ਾਂ ਅੱਵਲ ਹੀ ਰਹੀ ਸੀ, ਜਿਸਦਾ ਕਿ ਉਸਦੇ ਘਰ ਪਰਿਵਾਰ ਨੂੰ ਮਾਣ ਸੀ । ਉਹ ਬਹੁਤ ਹੀ ਸ਼ਹਿਨਸ਼ੀਲ ਕੁੜੀ ਸੀ । ਹੱਸੂੰ-ਹੱਸੂੰ ਕਰਦਾ ਚਿਹਰਾ, ਗੋਰਾ ਰੰਗ, ਲੰਬੇ ਵਾਲ, ਸਰੂ ਜਿਹੇ ਕੱਦ ਦੀ, ਸੋਹਣੇ ਨੈਣ-ਨਕਸ਼ਾਂ ਵਾਲੀ ਇਸ ਕੁੜੀ ਨੂੰ ਸੱਭ ਦੇ ਦਿਲਾਂ ਤੇ ਰਾਜ ਕਰਨਾ ਆਉਂਦਾ ਸੀ । ਸਿਲਾਈ ਕਢਾਈ ਦਾ ਕੋਰਸ ਕਰਨ ਦੇ ਨਾਲ ਕੰਪਿਊਟਰ ਦਾ ਵੀ ਡਿਪਲੋਮਾ ਕੀਤਾ ਹੋਇਆ ਸੀ ਅਤੇ ਪੇਂਟਿੰਗ ਦੀ ਕਲਾ ਆਪਣੀ ਇੱਕ ਖਾਸ ਸਹੇਲੀ ਕੋਲੋਂ ਸਿੱਖੀ ਹੋਈ ਸੀ ।

ਇਸ਼ਕ ਮਿਜਾਜੀ ਦੇ ਚੱਕਰਾਂ ਤੋਂ ਦੂਰ ਆਪਣੇ ਬਾਬੁਲ ਦੀ ਪੱਗ ਨੂੰ ਪਿਆਰ ਕਰਨ ਅਤੇ ਪਹਿਲ ਦੇਣ ਵਾਲੀ ਹਰਨੂਰ ਨੇ ਕਦੇ ਵੀ ਕਿਸੇ ਦਾ ਦਿਲ ਨਹੀਂ ਸੀ  ਦੁਖਾਇਆ ਅਤੇ ਹੋਰਨਾਂ ਲਈ

ਪ੍ਰੇਰਣਾ ਸਰੋਤ ਸੀ । ਪਰ ਨਵਰੀਤ ਦੇ ਵਿਆਹ ਵਿੱਚ ਬਰਾਤੀਆਂ ਵਿੱਚ ਆਏ ਲਾੜੇ ਦੇ ਇੱਕ ਖਾਸ ਦੋਸਤ ਗੁਰਬੀਰ ਵੱਲ ਕੁੱਝ ਖਾਸ ਝੁਕਾਅ ਜਿਹਾ ਹੋ ਗਿਆ । ਗੁਰਬੀਰ ਇੱਕ ਅਮੀਰ ਘਰ/ਖਾਨਦਾਨ ਦਾ ਮੁੰਡਾ ਸੀ । ਉਸਨੇ ਆਪਣੀ ਇੰਜੀਨਿਅਰਿੰਗ ਦੀ ਪੜ੍ਹਾਈ ਪੂਰੀ ਕੀਤੀ ਅਤੇ ਵਧੀਆ ਨੌਕਰੀ ਤੇ ਲਗਾ ਹੋਇਆ ਸੀ । ਤਿੰਨ ਦਿਨ ਇਹ ਅੱਖ-ਮਟੱਕਾ ਹੁੰਦਾ ਰਿਹਾ । ਇਹਨਾਂ ਅੱਖਾਂ ਰਾਹੀਂ ਹੀ ਸਾਰੀਆਂ ਗੱਲਾਂ ਹੁੰਦੀਆਂ ਰਹੀਆਂ ਜੋ ਸਿੱਧੀਆਂ ਦਿਲ ਵਿੱਚ ਉਤਰਦੀਆਂ ਗਈਆਂ ਅਤੇ ਕਈ ਤਰ੍ਹਾਂ ਦੇ ਕੌਲ ਕਰਾਰ ਹੋ ਗਏ 'ਤੇ ਜਾਂਦੀ ਵਾਰ ਉਹ ਆਪਣਾ ਮੋਬਾਇਲ ਨੰਬਰ ਦੇ ਗਿਆ ।

ਘਰ ਆ ਕੇ ਉਹ ਨੇ ਆਪਣੇ ਦਿਲ ਦੀ ਸਾਰੀ ਗੱਲ ਆਪਣੀ ਖਾਸ ਸਹੇਲੀ ਮਨਮੀਤ ਨੂੰ ਦੱਸੀ ਅਤੇ ਦਿੱਤਾ ਹੋਇਆ ਮੋਬਾਇਲ ਨੰਬਰ ਦੱਸ ਦਿੱਤਾ । ਮਨਮੀਤ ਨੇ ਕਿਹਾ, 'ਇੱਕ ਵਾਰ ਫਿਰ ਸੋਚ ਲੈ, ਅੱਜ ਕੱਲ੍ਹ ਦੇ ਮੁੰਡਿਆਂ ਦਾ ਕੋਈ ਭਰੋਸਾ ਨਹੀਂ, ਇੱਧਰ ਯਾਰੀ ਲਾਉਂਦੇ ਹਨ ਤੇ ਉੱਧਰ ਤੜੱਕ ਕਰਕੇ ਤੋੜ ਵੀ ਦਿੰਦੇ ਨੇ । ਹੀਰ-ਰਾਂਝੇ, ਸੱਸੀ-ਪੰਨੂੰ, ਮਿਰਜ਼ਾ ਸਾਹਿਬਾਂ ਦੀਆਂ ਗੱਲਾਂ ਅੱਜ ਦੇ ਸਮੇਂ ਵਿੱਚ ਸਿਰਫ ਕਿਤਾਬੀ ਗੱਲਾਂ ਬਣ ਕੇ ਰਹਿ ਗਈਆਂ ਹਨ।'

ਹਰਨੂਰ ਬੋਲੀ, 'ਨਹੀਂ ਮਨਮੀਤ, ਮੈਂ ਗੁਰਬੀਰ ਨੂੰ ਬਹੁਤ ਚੰਗੀ ਤਰ੍ਹਾਂ ਦੇਖਿਆ ਹੈ, ਉਸਦੀਆਂ ਅੱਖਾਂ ਨੂੰ ਪੜ੍ਹਿਆ ਹੈ, ਉਹ ਧੋਖੇਬਾਜ਼ ਨਹੀਂ ਹੋ ਸਕਦਾ । ਉਹ ਬਹੁਤ ਹੀ ਚੰਗੇ ਖਾਨਦਾਨ ਨਾਲ ਸਬੰਧ ਰੱਖਦਾ ਹੈ, ਪੜ੍ਹਿਆ ਲਿਖਿਆ, ਸਮਝਦਾਰ ਇਨਸਾਨ ਹੈ । ਉਹ ਅਜਿਹਾ ਨਹੀਂ ਕਰ ਸਕਦਾ । ਉਹ ਵੀ ਤਾਂ ਮੇਰੇ ਲਈ ਕਮਲਾ ਹੋਈ ਫਿਰਦਾ ਹੈ । ਉਹ ਜਾਤ-ਪਾਤ ਵਿੱਚ ਵਿਸ਼ਵਾਸ਼ ਨਹੀਂ ਰੱਖਦਾ । ਉਹ ਇੱਕ ਸੁਲਝਿਆ ਇਨਸਾਨ ਲੱਗਦਾ ਹੈ ।'

ਮਨਮੀਤ ਬੋਲੀ, 'ਓ.ਕੇ. ਮਾਈ ਡੀਅਰ ਨੂਰ ਜੀ, ਹੁਣ ਉਸਦਾ ਨੰਬਰ ਤੁਸੀਂ ਘੁਮਾਉਗੇ ਜਾਂ ਫਿਰ ਮੈਂ ਡਾਇਲ ਕਰਾਂ ?'

ਦੋਵੇਂ ਹੱਸਦੀਆਂ ਹੋਈਆਂ ਨੇ ਗੁਰਬੀਰ ਨੂੰ ਫੋਨ ਲਗਾ ਦਿੱਤਾ ਅਤੇ ਹਰਨੂਰ ਨੇ ਗੁਰਬੀਰ ਨਾਲ ਗੱਲ ਕੀਤੀ । ਗੁਰਬੀਰ ਵੀ ਜਿਵੇਂ ਹਰਨੂਰ ਦੇ ਫੋਨ ਦਾ ਇੰਤਜ਼ਾਰ ਕਰ ਰਿਹਾ ਸੀ । ਦੋਨੋਂ ਬੜੀ ਹੀ ਖੁਸ਼ੀ ਨਾਲ ਇੱਕ ਦੂਜੇ ਨੂੰ ਦੁਆ ਸਲਾਮ ਕਰਨ ਤੋਂ ਬਾਅਦ ਨਵਰੀਤ ਦੇ ਵਿਆਹ ਦੀਆਂ ਕੁੱਝ ਗੱਲਾਂ ਕਰਨ ਉਪਰੰਤ ਕੁੱਝ ਨਿੱਜੀ ਗੱਲਾਂ ਕੀਤੀਆਂ ਤੇ ਫੋਨ ਕੱਟ ਦਿੱਤਾ।

ਫੋਨ 'ਤੇ ਹੋਣ ਵਾਲੀਆਂ ਇਹਨਾਂ ਗੱਲਾਂ ਵਿੱਚ ਲਗਾਤਾਰ ਵਾਧਾ ਹੁੰਦਾ ਗਿਆ। ਇਸੇ ਤਰ੍ਹਾਂ ਛੇ ਮਹੀਨੇ ਤੇ ਫਿਰ ਇੱਕ ਸਾਲ ਬੀਤ ਗਿਆ। ਗੁਰਬੀਰ ਨੇ ਦੱਸਿਆ ਕਿ

ਉਸਦੇ ਘਰ ਹੁਣ ਉਸਦੀ ਵਿਆਹ ਦੀ ਗੱਲ ਚੱਲ ਰਹੀ ਹੈ ਤੇ ਕੋਈ ਲੜਕੀ ਦੀ ਤਲਾਸ਼ ਹੋ ਰਹੀ ਹੈ, ਇਹ ਸਹੀ ਸਮਾਂ ਹੈ ਕਿ ਆਪਾਂ ਆਪਣੇ ਘਰਦਿਆਂ ਨਾਲ ਇੱਕ ਦੂਜੇ ਬਾਰੇ ਗੱਲ ਕਰੀਏ ਤੇ ਉਹਨਾਂ ਦੀ ਤਲਾਸ਼ ਨੂੰ ਖਤਮ ਕਰੀਏ, ਮੁਸਕਰਾਉਂਦਿਆ ਹੋਇਆਂ ਗੁਰਬੀਰ ਨੇ ਕਿਹਾ ।

'ਹਾਂ ! ਮੈਂ ਘਰ ਗੱਲ ਕਰਾਂਗੀ ।' ਕਹਿ ਕੇ ਹਰਨੂਰ ਨੇ ਫੋਨ ਕੱਟ ਦਿੱਤਾ ।

ਘਰ ਆਉਂਦਿਆਂ ਨੇ ਹਰਨੂਰ ਨੇ ਪਹਿਲਾਂ ਆਪਣੇ ਮੰਮੀ ਜੀ ਨਾਲ ਸਾਰੀ ਗੱਲ ਕੀਤੀ ਅਤੇ ਗੁਰਬੀਰ ਬਾਰੇ ਸੱਭ ਕੁੱਝ ਸੱਚੋ-ਸੱਚ ਦੱਸ ਦਿੱਤਾ । ਉਸਦੇ ਪਰਿਵਾਰ, ਉਸਦੀ ਪੜ੍ਹਾਈ-ਲਿਖਾਈ ਅਤੇ ਕਾਰੋਬਾਰ ਬਾਰੇ । ਪਰ ਹਰਨੂਰ ਦੀ ਮੰਮੀ ਨੇ ਕੁੱਝ ਸ਼ੰਕੇ ਜਿਹੇ ਵਿੱਚ ਪੈਂਦਿਆਂ ਕਿਹਾ ਕਿ 'ਉਹਨਾਂ ਨੂੰ ਆਪਣੀ ਹੈਸੀਅਤ ਬਾਰੇ ਪਤਾ ਹੈ ?'

ਤਾਂ ਹਰਨੂਰ ਜ਼ਰਾ ਨਰਾਜ਼ ਜਿਹਾ ਹੁੰਦੇ ਬੋਲੀ, 'ਮੰਮੀ ਜੀ, ਤੁਸੀਂ ਵੀ ਨਾ ਕਮਾਲ ਕਰਦੇ ਹੋ? ਉਹ ਬਹੁਤ ਹੀ ਪੜ੍ਹਿਆਲਿਖਿਆ ਅਤੇ ਅਗਾਂਹਵਧੂ ਪਰਿਵਾਰ ਹੈ। ਸਮਾਜ ਦੇ ਇਸ ਊਚ-ਨੀਚ ਤੇ ਵਿਤਕਰੇ, ਜਾਤ-ਪਾਤ ਦੀ ਪੁਰਾਣੀ ਅਤੇ ਰੂੜੀਵਾਦੀ ਸੋਚ ਤੋਂ ਨਿਰਲੇਪ ਪਰਿਵਾਰ ਹੈ । ਨਾਲੇ ਗੁਰਬੀਰ ਨੇ ਮੈਨੂੰ ਕਈ ਵਾਰ ਦੱਸਿਆ ਕਿ ਉਹਨਾਂ ਦਾ ਪਰਿਵਾਰ ਬਿਲਕੁੱਲ ਵੀ ਲਾਲਚੀ ਨਹੀਂ ਹੈ ਅਤੇ ਰੱਬ ਦਾ ਦਿੱਤਾ ਸੱਭ ਕੁੱਝ ਉਹਨਾਂ ਦੇ ਕੋਲ ਹੈ, ਉਹਨਾਂ ਨੂੰ ਤਾਂ ਚੰਗੀ ਤਰ੍ਹਾਂ ਘਰ ਸੰਭਾਲਣ ਲਈ ਇੱਕ ਸੁਚੱਜੀ ਨੂੰਹ ਚਾਹੀਦੀ ਹੈ ਨਾ ਕਿ ਵਿਹਲੀਆਂ ਖਾਣ ਵਾਲੀ ਗਹਿਣੇ ਗੱਟੇ ਨਾਲ ਲੱਦੀ ਹੋਈ ਕੋਈ ਸ਼ੋਅ ਪੀਸ 'ਚ ਰੱਖਣ ਵਾਲੀ ਕੁੜੀ । ਨਾਲੇ ਮੰਮਾ ਜਿਸ ਗੱਲੋਂ ਤੁਸੀਂ ਡਰ ਰਹੇ ਹੋ ਨਾ ਦਾਜ ਦਹੇਜ ਤੋਂ, ਇੱਦਾਂ ਦੀ ਕੋਈ ਚਿੰਤਾ ਵਾਲੀ ਗੱਲ ਨਹੀਂ ਹੈ, ਅਸੀਂ ਦੋਵੇ ਜੀਅ, ਮਿਹਨਤ ਨਾਲ ਕਮਾ ਕੇ ਸੱਭ ਕੁੱਝ ਬਣਾ ਲਵਾਂਗੇ । ਤੇ ਇਹਨਾਂ ਗੱਲਾਂ ਨਾਲ ਗੁਰਬੀਰ ਵੀ ਸਹਿਮਤ ਹੈ।'

'ਪਰ, ਬੇਟਾ ਹਰਨੂਰ !'

'ਨੋ ਮੰਮਾ ਕੋਈ ਪਰ ਪੁਰ ਨਹੀਂ, ਹੁਣ ਬੱਸ ਤੁਸੀਂ ਪਾਪਾ ਨਾਲ ਆਪਣੇ ਹਿਸਾਬ ਨਾਲ ਗੱਲ ਕਰ ਲੈਣਾ ।'

'ਔ.ਕੇ. ਬੇਟਾ, 'ਡੌਂਟ ਵਰੀ, ਅੱਜ ਸ਼ਾਮ ਨੂੰ ਹੀ ਗੱਲ ਕਰਾਂਗੀ ।' ਤੇਰੀ ਖੁਸ਼ੀ ਚਾਹੀਦੀ ਹੈ ਸਾਨੂੰ ਬੱਸ ।'

ਜਦ ਸ਼ਾਮੀਂ ਹਰਨੂਰ ਦੇ ਪਾਪਾ ਘਰ ਆਏ ਤਾਂ ਹਰਨੂਰ ਵਾਲੀ ਸਾਰੀ ਗੱਲ ਉਹਨਾਂ ਨਾਲ ਸ਼ੇਅਰ ਹੋਈ । ਉਹਨਾਂ ਨੇ ਕਿਹਾ ਅੱਜ ਕੱਲ ਬੱਚੇ ਪੜ੍ਹੇ ਲਿਖੇ ਹਨ, ਆਪਣਾ ਚੰਗਾ ਬੁਰਾ

ਸਮਝਦੇ ਹਨ। ਮੈਨੂੰ ਕੋਈ ਦਿੱਕਤ ਨਹੀਂ ਹੈ ਪਰ ਆਪਾਂ ਪਹਿਲਾਂ ਸੁਰਜੀਤ ਸਿੰਘ ਨਾਲ ਗੱਲ ਕਰ ਲਈਏ, ਉਹ ਸਿਆਣਾ ਹੈ ਤੇ ਹੁਣ ਤਾਂ ਉਸਦੇ ਕੁੜਮ ਵੀ ਉਸੇ ਸ਼ਹਿਰ ਦੇ ਹਨ, ਨਾਲੇ ਬੰਦਿਆਂ ਬਾਰੇ ਪਤਾ ਲੱਗ ਜਾਵੇਗਾ ਕਿ ਉਹ ਕਿੱਦਾਂ ਦੇ ਹਨ, ਨਾਲੇ ਜਾਂਚ ਪਰਖ ਹੋ ਜਾਵੇਗੀ ।' ਹਰਨੂਰ ਇਹ ਸੱਭ ਕੁੱਝ ਕੰਧ ਓਹਲੇ ਹੋ ਕੇ ਸੁਣ ਰਹੀ ਸੀ ਤੇ ਪਾਪਾ ਦੇ ਗੱਲ ਖਤਮ ਕਰਦਿਆਂ ਹੀ, ਪਾਪਾ ਦੇ ਗੱਲ ਲੱਗ ਕੇ ਬੋਲੀ, 'ਸੋ ਨਾਈਸ ਆਫ ਯੂ ਪਾਪਾ, ਥੈਂਕਸ ਯੂ ਸੋ ਮੱਚ, ਆਈ ਲਵ ਯੂ ਪਾਪਾ ।'

ਤਾਂ ਪਾਪਾ ਨੇ ਕਿਹਾ ਕਿ, 'ਉਹ ਕੱਲ ਸਵੇਰੇ ਹੀ ਸੁਰਜੀਤ ਨੂੰ ਫੋਨ ਕਰਨਗੇ ਅਤੇ ਸਾਰੀ ਗੱਲਬਾਤ ਹੋਣ ਉਪਰੰਤ ਪਹਿਲਾਂ ਆਪ ਗੁਰਬੀਰ ਦੇ ਘਰ ਰਾਜਸਥਾਨ ਜਾਣਗੇ ।'

ਅਗਲੇ ਦਿਨ ਸੁਰਜੀਤ ਸਿੰਘ ਨਾਲ ਗੱਲ ਹੋਈ ਤੇ ਦੋ ਦਿਨ ਬਾਅਦ ਰਾਜਸਥਾਨ ਜਾਣ ਦਾ ਪ੍ਰੋਗਰਾਮ ਬਣ ਗਿਆ । ਸਾਰੇ ਬਹੁਤ ਖੁਸ਼ ਸਨ । ਦੋ ਦਿਨਾਂ ਬਾਅਦ ਸੁਰਜੀਤ ਸਿੰਘ ਨੇ ਦੱਸਿਆ ਕਿ ਉਸਨੇ ਰਾਜਸਥਾਨ ਆਪਣੇ ਕੁੜਮਾਂ ਨਾਲ ਗੱਲ ਕੀਤੀ ਸੀ, ਉਹਨਾਂ ਨੇ ਦੱਸਿਆ ਹੈ ਕਿ ਲੜਕਾ ਪਰਿਵਾਰ ਬਹੁਤ ਚੰਗਾ ਅਤੇ ਉੱਚਾ ਖਾਨਦਾਨ ਹੈ । ਇਲਾਕੇ ਵਿੱਚ ਉਹਨਾਂ ਦਾ ਚੰਗਾ ਨਾਮ ਹੈ । ਉਹਨਾਂ ਨੇ ਵੀ ਇਸ ਰਿਸ਼ਤੇ ਲਈ ਹਾਮੀ ਭਰ ਦਿੱਤੀ ਹੈ ਹੁਣ ਬੱਸ ਆਪਾਂ ਜਾ ਕੇ ਗੱਲ ਹੀ ਕਰਨੀ ਹੈ ।

ਲੰਮੇ ਸਫਰ ਤੋਂ ਬਾਅਦ ਰਾਤ ਸਮੇਂ ਹਰਨੂਰ ਦੇ ਪਾਪਾ ਅਤੇ ਸੁਰਜੀਤ ਅੰਕਲ ਰਾਜਸਥਾਨ ਸੁਰਜੀਤ ਦੇ ਕੁੜਮਾਂ ਦੇ ਘਰ ਪੁੱਜ ਗਏ । ਅਗਲੀ ਸਵੇਰ ਗੁਰਬੀਰ ਦੇ ਘਰ ਜਾ ਕੇ ਸਾਰੀ ਗੱਲਬਾਤ ਸ. ਸੁਰਜੀਤ ਸਿੰਘ ਹੁਰਾਂ ਨੇ ਕੀਤੀ ਅਤੇ ਲੜਕੇ ਪਰਿਵਾਰ ਨੇ ਪੂਰੀ ਤਰ੍ਹਾਂ ਸਹਿਮਤੀ ਪ੍ਰਗਟਾਈ । ਗੁਰਬੀਰ ਦੇ ਪਿਤਾ ਨੇ ਖੁਸ਼ੀ ਮਨਾਉਂਦਿਆਂ ਸੁਰਜੀਤ ਸਿੰਘ ਅਤੇ ਹਰਨੂਰ ਦੇ ਪਾਪਾ ਨੂੰ ਕਿਹਾ ਕਿ, 'ਜੇਕਰ ਇਹੋ ਜਿਹੀ ਸਿਆਣੀ, ਸਮਝਦਾਰ, ਸਹਿਣਸ਼ੀਲ ਅਤੇ ਪੜ੍ਹੀ-ਲਿਖੀ ਕੁੜੀ ਸਾਡੇ ਬੇਟੇ ਗੁਰਬੀਰ ਲਈ ਤੁਹਾਡੇ ਕੋਲ ਹੈ ਤਾਂ ਅਸੀਂ ਉਸਨੂੰ ਨੂੰਹ ਨਹੀਂ, ਧੀ ਬਣਾ ਕੇ ਲਿਆਵਾਂਗੇ ।' ਸਾਰਿਆਂ ਨੇ ਮੁਸਕਰਾਉਂਦਿਆਂ ਹੋਇਆਂ ਸਹਿਮਤੀ ਦਿੱਤੀ ਤਾਂ ਗੁਰਬੀਰ ਦੇ ਪਿਉ ਨੇ ਗੁਰਬੀਰ ਦੀ ਮਾਂ ਵੱਲ ਮਠਿਆਈ ਦੀ ਪਲੇਟ ਵਧਾਉਂਦਿਆਂ ਕਿਹਾ, ਲੈ ਹਰਬੰਸ ਕੌਰ, ਤੂੰ ਹਮੇਸ਼ਾਂ ਕਹਿੰਦੀ ਸੀ ਕਿ ਮੇਰੇ ਗੁਰਬੀਰ ਵਾਸਤੇ ਸੋਹਣੀ ਜਿਹੀ ਕੁੜੀ ਤੇ ਸੁੱਚਜੀ ਨੂੰਹ ਚਾਹੀਦੀ ਹੈ, ਆਹ ਲੈ, ਮੂੰਹ ਮਿੱਠਾ ਕਰ ਤੇ ਉਸਦੇ ਆਉਣ ਦੇ ਸਵਾਗਤ ਦੀਆਂ ਤਿਆਰੀਆਂ ਸ਼ੁਰੂ ਕਰ ।'

ਇਸ ਤਰ੍ਹਾਂ ਹਰਨੂਰ ਦੇ ਪਾਪਾ ਅਤੇ ਦੋਸਤ ਸ. ਸੁਰਜੀਤ ਸਿੰਘ ਨੇ ਵਿਦਾਈ

ਲਈ ਤੇ ਫਿਰ ਖੁਸ਼ੀ ਖੁਸ਼ੀ ਉਹਨਾਂ ਨੂੰ ਪੰਜਾਬ ਲਈ ਵਿਦਾ ਕੀਤਾ ।

ਉੱਧਰ ਹਰਬੰਸ ਕੌਰ ਨੇ ਪ੍ਰਾਹੁਣਿਆਂ ਦੇ ਜਾਂਦਿਆਂ ਹੀ, ਗੁਰਬੀਰ ਦੇ ਪਾਪਾ ਦੀ ਕਲਾਸ ਲਗਾ ਦਿੱਤੀ । "ਤੁਹਾਨੂੰ ਕੁੱਝ ਪਤਾ ਵੀ ਹੈ? ਰਿਸ਼ਤੇ ਕਿਵੇਂ ਕਰੀਦੇ ਹਨ ? ਨਾ ਕੁੜੀ ਦਾ ਘਰ-ਬਾਹਰ ਦੇਖਿਆ ਨਾ ਕੁੜੀ, ਬੱਸ ਹਾਂ ਕਰ ਦਿੱਤੀ । ਨਾ ਕੁੱਝ ਮੁੰਡੇ ਨੂੰ ਪੁਛਿਆ ?"

ਗੁਰਬੀਰ ਦਾ ਬਾਪ ਪ੍ਰਗਟ ਸਿੰਘ ਬੋਲਿਆ, "ਭਾਗਵਾਨੇ ! ਉਹਨਾਂ ਦੱਸਿਆ ਹੈ ਕਿ ਮੁੰਡਾ ਕੁੜੀ ਇੱਕ ਦੂਜੇ ਨੂੰ ਪਹਿਲਾਂ ਵੀ ਜਾਣਦੇ ਹਨ ਤੇ ਜਦ ਸੁਰਜੀਤ ਦੀ ਕੁੜੀ ਵਿਆਹੁਣ ਗਏ ਸਾਂ ਤਾਂ ਇਹਨਾਂ ਦੋਹਾਂ ਦੀ ਗਿਟਮਿੱਟ ਤੇ ਮੈਨੂੰ ਉਦੋਂ ਹੀ ਸ਼ੱਕ ਸੀ, ਪਰ ਮੈਂ ਬੋਲਿਆ ਕੁੱਝ ਨਹੀਂ, ਕਿ ਐਨਾ ਤਾਂ ਅੱਜ ਕੱਲ ਆਮ ਚੱਲਦਾ ਹੀ ਏ । ਹੁਣ ਆਪਣੇ ਜ਼ਮਾਨੇ ਤਾਂ ਗਏ । ਕੁੜੀ ਦਾ ਘਰ ਬਾਹਰ ਦੇਖਣ ਦੀ ਗੱਲ, ਉਹ ਹਰਨੂਰ ਦੇ ਬਾਪ ਦੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਕੁੜੀ ਕਿਸ ਘਰ-ਬਾਹਰ ਵਿੱਚ ਰਹਿ ਕੇ ਵੱਡੀ ਹੋਈ ਹੋਵੇਗੀ ਤੇ ਪਲੀ ਹੋਵੇਗੀ ਤੇ ਕਿਤਨੀ ਲਿਆਕਤ ਉਸਨੂੰ ਹੋਵੇਗੀ । ਰਹੀ ਗੱਲ ਕੁੜੀ ਵੇਖਣ ਦੀ ਤਾਂ ਇਹ ਹਰਨੂਰ ਬੇਟੀ ਉਹੀ ਹੈ, ਜਦ ਵਿਆਹ ਵਿੱਚ ਜਿਆਦਾ ਖਾ ਲੈਣ ਕਰਕੇ ਤੇਰੇ ਪੇਟ ਖਰਾਬ ਹੋ ਗਿਆ ਸੀ ਤੇ ਥਕਾਵਟ ਨਾਲ ਚੂਰ ਹੋਈ ਪਈ ਸੀ, ਤਾਂ ਤੈਨੂੰ ਦਵਾਈ, ਪਾਣੀ ਤੇ ਤੇਰਾ ਖਿਆਲ ਰੱਖਣ ਵਾਲੀ ਕੁੜੀ, ਹਰਨੂਰ ਹੀ ਸੀ ।'

"ਅੱਛਾ ! ਤਾਂ ਉਹ ਹੈ ਹਰਨੂਰ !! ਕੁੜੀ ਤਾਂ ਵਾਕੇਈ ਬੜੇ ਸਲੀਕੇ ਵਾਲੀ ਸੀ ਉਹ ਤਾਂ, ਪਰ... ਗੁਰਬੀਰ ਦੇ ਪਾਪਾ....??"

'ਹੁਣ ਪਰ ਕੀ ??'

'ਉਹ ਮੈਨੂੰ ਬਾਹਲੇ ਤਕੜੇ ਜਿਹੇ ਬੰਦੇ ਨਹੀਂ ਲੱਗਦੇ, ਕੁੜੀ ਨੂੰ ਕੁੱਝ ਨਾ ਕੁੱਝ ਤਾਂ ਦੇਣਗੇ ਈ ਨਾ....?? ਆਪਣਾ ਕਿੰਨਾ ਨੱਕ ਹੈ ਮੁਹੱਲੇ ਅਤੇ ਰਿਸ਼ਤੇਦਾਰੀ ਵਿੱਚ..' ਹਰਬੰਸ ਕੌਰ ਬੋਲੀ।

'ਮੈਂ ਵੀ ਸੋਚ ਰਿਹਾ ਸੀ ਕਿ ਅਜੇ ਤੱਕ ਇਹ ਬੋਲੀ ਕਿਉਂ ਨਹੀਂ.. 'ਵੇਖ ਗੁਰਬੀਰ ਦੀ ਮਾਂ ! ਜਦ ਤੇਰਾ ਵਿਆਹ ਹੋਇਆ ਸੀ ਤਾਂ ਤੂੰ ਘਰੋਂ ਕੀ ਲੈ ਕੇ ਆਈ ਸੀ ?? ਤੈਨੂੰ ਪਤਾ ਈ ਹੈ। ਆਪਾਂ ਵੀ ਤਾਂ ਮਿਹਨਤ ਨਾਲ ਸੱਭ ਕੁੱਝ ਬਣਾ ਹੀ ਲਿਆ । ਅੱਜਕਲ ਦੇ ਬੱਚੇ ਸਾਡੇ ਨਾਲੋਂ ਜਿਆਦਾ ਪੜ੍ਹੇ-ਲਿਖੇ ਤੇ ਸਿਆਣੇ ਨੇ, ਖੁਦ ਆਪਣਾ ਭਲਾ-ਬੁਰਾ ਵਿਚਾਰ ਕੇ ਜੀਅ ਸਕਦੇ ਨੇ। ਜੇ ਅਸੀਂ ਐਨਾ ਕੁੱਝ ਬਣਾ ਸਕਦੇ ਹਾਂ ਤਾਂ ਇਹ ਆਉਣ ਵਾਲੇ ਸਮੇਂ ਵਿੱਚ ਇਸਨੂੰ ਦੂਣਾ ਤੀਣਾ ਵੀ ਕਰ ਸਕਦੇ ਹਨ ।'

ਬੱਸ ਜੀ ! ਮੈਨੂੰ ਨਾ ਸਮਝਾਉ, ਉਦੋਂ ਸਮਾਂ ਹੋਰ ਸੀ । ਮੈਂ ਤਾਂ ਇਹੀ ਸੋਚਿਆ ਸੀ ਕਿ ਪੁੱਤ ਵਿਆਹਵਾਂਗੇ ਤੇ ਇੱਕ ਅਮੀਰ ਘਰ ਦੀ ਕੁੜੀ ਲਿਆਵਾਂਗੇ, ਜਿਹੜੀ ਇਸ ਘਰ ਦੀ ਹਰ ਖਾਲੀ ਨੁੱਕਰ ਨੂੰ ਭਰ ਦੇਵੇ, ਨਾਲੇ ਅਸੀਂ ਥੋੜਾ ਵਰਤਣਾ ਉਸਦੀਆਂ ਚੀਜ਼ਾਂ ਨੂੰ, ਮੈਨੂੰ ਤਾਂ ਬੱਸ ਇਹੋ ਜਿਹੀ ਸੁਚੱਜੀ ਨੂੰਹ ਹੀ ਚਾਹੀਦੀ ਹੈ..।' ਕਹਿ ਕੇ ਹਰਬੰਸ ਕੌਰ ਉੱਠ ਕੇ ਚਲੀ ਗਈ।

ਸ਼ਾਮਾਂ ਪਈਆਂ ਤਾਂ ਦਿੱਲੀ ਤੋਂ ਹਰਬੰਸ ਦੀ ਭੈਣ ਨੇ ਫੋਨ ਤੇ ਦੱਸਿਆ ਕਿ, 'ਦਿੱਲੀ ਦੇ ਇੱਕ ਬਹੁਤ ਵੱਡੇ ਅਤੇ ਅਮੀਰ ਪਰਿਵਾਰ ਦੇ ਘਰੋਂ ਇੱਕ ਲੜਕੀ ਦੀ ਦੱਸ ਆਪਣੇ ਗੁਰਬੀਰ ਲਈ ਪਈ ਹੈ, ਜੇ ਹਾਂ ਕਰੇਂ ਤਾਂ ਮੈਂ ਗੱਲ ਤੋਰਾਂ ? ਤਾਂ ਹਰਬੰਸ ਨੇ ਪਹਿਲਾਂ ਤਾਂ ਹਰਨੂਰ ਵਾਲੇ ਰਿਸ਼ਤੇ ਬਾਰੇ ਸਾਰੀ ਗੱਲ ਆਪਣੀ ਭੈਣ ਨੂੰ ਦੱਸੀ ਤੇ ਫਿਰ ਦਿੱਲੀ ਵਾਲੀ ਕੁੜੀ ਦੇ ਅਮੀਰਪੁਣੇ ਬਾਰੇ ਵੇਰਵੇ ਨਾਲ ਪੁੱਛਿਆ ।

ਤਾਂ ਉਸਦੀ ਭੈਣ ਨੇ ਦੱਸਿਆ ਕਿ, 'ਉਹ ਇੱਕ ਬਹੁਤ ਅਮੀਰ ਪਰਿਵਾਰ ਹੈ, ਕੁੜੀ ਪੜ੍ਹੀ ਲਿਖੀ ਤਾਂ ਘੱਟ ਹੀ ਹੈ ਤੇ ਨਾ ਹੀ ਕੋਈ ਕੰਮ ਕਾਰ ਆਉਂਦਾ ਹੈ, ਨਾਲੇ ਭਲਾ ਨੌਕਰਾਂ-ਚਾਕਰਾਂ ਦੇ ਹੁੰਦਿਆਂ ਉਸਨੂੰ ਕੋਈ ਕੰਮ ਕਰਨ ਦੀ ਕੀ ਲੋੜ ਹੈ ? ਦਾਜ ਵਿੱਚ ਅਗਲੇ ਸਫਾਰੀ ਵਰਗੀ ਵੱਡੀ ਗੱਡੀ ਤੇ ਹਰ ਸ਼ਰਤ ਪੂਰੀ ਕਰਨ ਨੂੰ ਤਿਆਰ ਨੇ । ਕੁੜੀ ਤਾਂ ਅਗਲਿਆਂ ਨੇ ਘਰੋਂ ਹੀ ਸੋਨੇ ਨਾਲ ਲੱਦ ਕੇ ਤੋਰਨੀ ਹੈ ਵਿਆਹ ਵੀ ਰਾਜਿਆਂ-ਮਾਹਰਾਜਿਆਂ ਵਾਂਗ ਕਰਨਾ ਅਗਲਿਆਂ ਨੇ । ਜੇ ਕਹੇਂ ਤਾਂ ਹਾਂ ਕਰਾਂ ? ਮੁੜ ਨਹੀਉ ਲੱਭਣੀ ਕਿਤੋਂ ਇਹੋ ਜਿਹੀ ਕੁੜੀ ।"

ਹਰਬੰਸ ਕੌਰ ਕਹਿਣ ਲੱਗੀ ਤੁਸੀਂ ਹਾਂ ਕਰ ਦਿਉ । ਕੰਮ ਕੁੜੀ ਨੂੰ ਨਹੀਂ ਆਉਂਦਾ, ਤਾਂ ਆਪੇ ਆ ਜਾਵੇਗਾ, ਨਾਲੇ ਆਪਣੇ ਕਿਹੜਾ ਇੱਥੇ ਨੌਕਰਾਂ ਚਾਕਰਾਂ ਦੀ ਘਾਟ ਹੈ, ਜੋ ਉਸਨੂੰ ਆਪਣੇ ਹੱਥ ਖਰਾਬ ਕਰਨੇ ਪੈਣ । ਗੁਰਬੀਰ ਦੇ ਪਾਪਾ ਨੂੰ ਮੈਂ ਆਪੇ ਸਮਝਾ ਲਵਾਂਗੀ ।

ਅਗਲੇ ਦਿਨ ਹੀ ਹਰਬੰਸ ਨੇ ਘਰ ਵਿੱਚ ਕਲੇਸ਼ ਪਾ ਕੇ, ਆਪਣੀ ਗੱਲ ਜ਼ਬਰੀਂ ਮਨਵਾ ਲਈ ਤੇ ਦਿੱਲੀ ਵਾਲੀ ਕੁੜੀ ਲਈ 'ਹਾਂ' ਕਰਵਾ ਲਈ । ਗੁਰਬੀਰ ਦੇ ਪਾਪਾ ਕਹਿਣ ਲੱਗੇ, 'ਭਲੀਏ ਮਾਣਸੇ ! ਦੱਸ ਹਰਨੂਰ ਦੇ ਪਰਿਵਾਰ ਨੂੰ ਕੀ ਜੁਆਬ ਦੇਵਾਂ ?'

ਜੁਆਬ ਕੀ ਦੇਣਾ ਹੈ, 'ਕਹਿ ਦਿਉ ਬਾਕੀ ਸੱਭ ਤਾਂ ਠੀਕ ਹੈ ਪਰ ਕੁੜੀ ਦਾ ਕੱਦ ਜ਼ਰਾ ਮੁੰਡੇ ਨਾਲੋਂ ਛੋਟਾ ਹੈ, ਇਸ ਲਈ ਮੁੰਡੇ ਦੇ ਰਿਸ਼ਤੇਦਾਰਾਂ ਨੂੰ ਇਹ ਰਿਸ਼ਤਾ ਪਸੰਦ ਨਹੀਂ ਹੈ ।'

ਜਦ ਇਸ ਗੱਲ ਦਾ ਪਤਾ ਹਰਨੂਰ ਦੇ ਪਰਿਵਾਰ ਨੂੰ ਲੱਗਾ ਤਾਂ ਉਹਨਾਂ ਨੂੰ ਬੜਾ ਧੱਕਾ ਲੱਗਾ, ਤੇ ਉਹ ਵਿਚਲੀ ਸਾਰੀ ਗੱਲ ਵੀ ਸਮਝ ਚੁੱਕੇ ਸਨ । ਪ੍ਰਮਾਤਮਾ ਦਾ ਭਾਣਾ ਮੰਨਦਿਆਂ ਹਰਨੂਰ ਦੇ ਪਾਪਾ ਨੇ ਉਸਨੂੰ ਸਮਝਾਇਆ ਕਿ ਬੇਟਾ ! ਉਸ ਪਰਿਵਾਰ ਨੂੰ ਭੁੱਲ ਜਾਵੋ, ਜੋ ਵਿਆਹ ਤੋਂ ਪਹਿਲਾਂ ਹੀ ਇੰਨੇ ਲਾਲਚੀ ਹਨ ਤਾਂ ਜੇ ਵਿਆਹ ਹੋ ਜਾਂਦਾ ਤਾਂ ਤੇਰੇ ਨਾਲ ਪਤਾ ਨਹੀਂ ਕੀ ਕੁੱਝ ਕਰਦੇ । ਹਰਨੂਰ ਨੇ ਝੱਟ ਗੱਲ ਸਮਝ ਗਈ ਕਿ ਗੁਰਬੀਰ ਦੀ ਮਾਂ ਨੂੰ ਕਿਹੜੀ ਸੁਚੱਜੀ ਨੂੰਹ ਚਾਹੀਦੀ ਸੀ ?

ਸ਼ਾਮਾਂ ਪਈਆਂ ਤਾਂ ਗੁਰਬੀਰ ਦਾ ਫੋਨ ਆ ਗਿਆ ਤੇ ਹਰਨੂਰ ਨੂੰ ਕਹਿਣ ਲੱਗਾ ਕਿ ਮੇਰਾ ਪਿਆਰ ਮੇਰੀ ਮਾਂ ਦੀ ਜਿੱਦ ਅੱਗੇ ਮਜਬੂਰ ਹੋ ਗਿਆ ਹੈ, ਹੋ ਸਕੇ ਤਾਂ ਮੁਆਫ ਕਰ ਦੇਵੀਂ।



ਮੈਂ ਫਿਰ ਉਸ ਬਾਬੇ ਦੇ ਨੇੜੇ ਹੋ ਕੇ ਪੁੱਛਿਆ, "ਬਾਬਾ ਜੀ ਤੁਹਾਡੇ ਨਾਲ ਕੀ ਹੋਇਆ ਹੈ? ਤੁਹਾਡੀ ਇਹ ਹਾਲਤ ਕਿਸ ਤਰ੍ਹਾਂ ਹੋਈ?" ਤਾਂ ਬਾਬੇ ਦੀਆਂ ਅੱਖਾਂ ਵਿੱਚ ਹੰਝੂ ਵੱਗਣ ਲੱਗ ਪਏ ਤੇ ਬਾਬੇ ਦਾ ਦਿਲ ਰੋਣ ਲੱਗ ਪਿਆ। ਮੈਂ ਬਾਬੇ ਨੂੰ ਸਬਰ ਰੱਖਣ ਲਈ ਕਿਹਾ ਤੇ ਬਾਬੇ ਦੇ ਮੂੰਹੋਂ ਸਭ ਕੁੱਝ ਉੱਜੜ ਜਾਣ ਦੀ ਗੱਲ ਮੂੰਹ 'ਚੋਂ ਨਿਕਲ ਗਈ।

# ਬੁੱਢਾ ਬਾਬਾ

ਇੱਕ ਗਰੀਬ ਆਦਮੀ ਆਮ ਆਦਮੀ ਦੀ ਤਰ੍ਹਾਂ ਬੱਸ 'ਚ ਸਵਾਰੀ ਕਰ ਰਿਹਾ ਸੀ। ਉਹ ਇਸ ਤਰ੍ਹਾਂ ਜਾਪਦਾ ਸੀ ਕਿ ਉਹ ਗਰੀਬੀ ਦੇ ਬੋਝ ਨਾਲ ਆਪਣੀ ਸੁੱਧ-ਬੁੱਧ ਹੀ ਖੋਹ ਚੁੱਕਾ ਹੋਵੇ। ਜਿਵੇਂ ਹੀ ਉਹ ਬੱਸ ਵਿੱਚ ਸਵਾਰ ਹੋਇਆ ਅਤੇ ਸੀਟ ਨਾ ਮਿਲਣ 'ਤੇ ਉਹ ਆਦਮੀ ਹੇਠਾਂ ਬੈਠ ਗਿਆ। ਉਸ ਆਦਮੀ ਨੇ ਬਹੁੱਤ ਜ਼ਿਆਦਾ ਮੈਲੇ ਕੱਪੜੇ ਅਤੇ ਫੱਟਿਆਂ ਹੋਇਆਂ ਸਾਫਾ ਬੰਨਿਆਂ ਹੋਇਆਂ ਸੀ। ਜਦੋਂ ਕੰਡਕਟਰ ਨੇ ਉਸ ਨੂੰ ਕਿਹਾ "ਹਾਂ, ਬਾਬਾ ਤੂੰ ਕਿੱਥੇ ਜਾਣਾ ਹੈ ?" ਤਾਂ ਉਹ ਉਸ ਵੱਲ ਵੇਖਣ ਲੱਗ ਪਿਆ। ਜਿਵੇਂ ਕਿ ਉਸ ਨੂੰ ਪਤਾ ਹੀ ਨਹੀਂ ਹੈ ਕਿ ਉਸਨੇ ਕਿੱਥੇ ਜਾਣਾ ਹੈ? ਫਿਰ ਕੰਡਕਟਰ ਜ਼ੋਰ ਨਾਲ ਬੋਲਿਆ, "ਬਾਬਾ ਦੱਸ ਤਾਂ ਕਿੱਥੇ ਜਾਣਾ ਹੈ?" ਤਾਂ ਬੁੱਢਾ ਬਾਬਾ ਜੋ ਬਹੁੱਤ ਗਰੀਬ ਸੀ, ਬੋਲਿਆ ਕਿ, 'ਉਸਨੇ ਫਲਾਂਣੇ ਫਲਾਂਣੇ ਪਿੰਡ ਜਾਣਾ ਹੈ ਅਤੇ ਟਿਕਟ ਲੈਣ ਲਈ ਬਾਬੇ ਨੇ ਆਪਣੇ ਸਾਫੇ ਵਿੱਚ ਇੱਕ ਕਾਗਜ਼ ਦੇ ਟੁੱਕੜੇ ਵਿੱਚ ਪੈਸੇ ਲਪੇਟ ਕੇ ਰੱਖੇ ਹੋਏ ਸੀ ਤੇ ਉਹ ਕੰਡਕਟਰ ਨੂੰ ਦੇ ਦਿੱਤੇ।'

ਕੰਡਕਟਰ ਨੇ ਟਿਕਟ ਕੱਟ ਕੇ ਦੇ ਦਿੱਤੀ ਤਾਂ ਬਾਬਾ ਟਿਕਟ ਕਟਾਉਣ ਮਗਰੋਂ ਐਂ ਜਾਪਦਾ ਸੀ ਕਿ ਜਿਵੇਂ ਉਸਦੇ ਨਾਲ ਐਸੀਂ ਘਟਨਾ ਵਾਪਰੀ ਹੋਈ ਹੋਵੇ। ਉਹ ਬੁੱਢੇ ਬਾਬੇ ਦੀ ਹਾਲਤ ਬਹੁਤ ਹੀ ਜ਼ਿਆਦਾ ਖਰਾਬ ਲੱਗਦੀ ਪਈ ਸੀ। ਜਿਵੇਂ ਬਾਬੇ ਨੂੰ ਕੋਈ ਗਹਿਰਾ ਸਦਮਾ ਲੱਗਾ ਹੋਵੇ। ਉਹ ਪਾਗਲ ਆਦਮੀ ਦੀ ਤਰ੍ਹਾਂ ਇੱਕਲਾ ਹੀ ਗੱਲਾਂ ਕਰੀ ਜਾਂਦਾ ਪਿਆ ਦਿਖਾਈ ਦਿੰਦਾ ਸੀ । ਬੱਸ ਵਿੱਚ ਬੈਠੇ ਨੂੰ ਇੱਕ ਥਾਂ ਲੰਗਰ ਦਿਖਾਈ ਦੇਣ ਤੇ ਉਹ ਰੋਟੀ ਖਾਣ ਲਈ ਉਸ ਲੰਗਰ ਵਿੱਚ ਵੜ ਗਿਆ। ਐਂ ਲੱਗਦਾ ਸੀ ਜਿਵੇਂ ਬੜੇ ਚਿਰ ਬਾਅਦ ਰੋਟੀ ਖਾਧੀ ਹੋਵੇ। ਜਦ ਮੈਂ ਉਸ ਬਾਬੇ ਨੂੰ ਉਸ ਰਸਤੇ ਤੋਂ ਲੰਘਦਿਆਂ ਹੋਇਆ ਫਿਰ ਵੇਖਿਆਂ ਤਾਂ ਉਹ ਇੱਕ ਚੁਰਾਹੇ ਤੇ ਲੰਮਾ ਪਿਆ ਹੋਇਆਂ ਸੀ ਤੇ ਉਸਦੇ ਮੂੰਹ ਉੱਤੇ ਮੱਖੀਆਂ ਬੈਠੀਆਂ ਹੋਈਆਂ ਸੀ, ਤੇ ਉਹ ਫਿਰ ਵੀ ਉੱਥੇ ਗੰਦਗੀ ਵਿੱਚ ਹੀ ਪਿਆ ਹੋਇਆ ਸੀ।

ਪਹਿਲਾਂ ਤਾਂ ਮੈਂ ਬਾਬੇ ਨੂੰ ਉਥੋਂ ਉੱਠਣ ਲਈ ਕਹਿਣ ਹੀ ਲੱਗਿਆਂ ਸੀ ਕਿ ਬਾਬਾ ਉੱਥੋਂ ਉੱਠ ਕੇ ਦੂਸਰੇ ਪਾਸੇ ਚਲਾ

ਗਿਆ। ਸਵੇਰ ਦੀ ਘੜੀ ਤੇ ਮੇਰਾ ਮਨ ਬਾਬੇ ਦੀ ਹਾਲਤ ਵੇਖ ਕੇ ਬਹੁਤ ਖਰਾਬ ਹੋ ਰਿਹਾ ਸੀ। ਬਾਬੇ ਦਾ ਮਨ ਚਾਹ ਪੀਣ ਨੂੰ ਕਰਦਾ ਪਿਆ ਸੀ। ਉਹ ਭੁੱਖ ਨਾਲ ਬਹੁਤ ਜ਼ਿਆਦਾ ਪਰੇਸ਼ਾਨ ਸੀ ਤਾਂ ਉਹ ਚਾਹ ਪੀਣ ਲਈ ਦੁਕਾਨਦਾਰ ਨੂੰ ਚਾਹ ਦੇਣ ਲਈ ਕਹਿ ਗਿਆ। ਦੁਕਾਨਦਾਰ ਨੇ ਕਿਹਾ ਪਹਿਲਾਂ ਪੈਸੇ ਦੇ ਫਿਰ ਚਾਹ ਲੈ ਲਈ ਪਰ ਬਾਬੇ ਕੋਲ ਕੋਈ ਵੀ ਪੈਸਾ ਨਾ ਹੋਣ ਕਰਕੇ ਉਹ ਚਾਹ ਪੀਤੇ ਤੋਂ ਬਗੈਰ ਹੀ ਚਲਾ ਗਿਆ। ਉਸਦੀ ਗਰੀਬੀ ਨੇ ਕਾਫੀ ਹੱਦ ਤੱਕ ਤੋੜ ਦਿੱਤਾ ਹੋਇਆ ਸੀ। ਰੋਟੀ ਨਾ ਮਿਲਣ ਕਰਕੇ ਉਸਦੀ ਹਾਲਤ ਖਰਾਬ ਹੋ ਗਈ।

ਉਹ ਰਸਤੇ ਤੇ ਤੁਰਿਆਂ ਤੁਰਿਆਂ ਜਾਂਦਾ ਪਤਾ ਨਹੀਂ ਕੀ ਸੋਚਦਾ ਰਹਿੰਦਾ ਤੇ ਇੱਕਲਾ ਗੱਲਾਂ ਕਰਦਾ ਜਾਂਦਾ ਸੀ। ਗਰੀਬੀ ਨੇ ਉਸ ਨੂੰ ਇਸ ਹੱਦ ਤੱਕ ਕਮਲਾ ਕਰ ਦਿੱਤਾ ਹੋਇਆਂ ਸੀ ਕਿ ਉਸਨੂੰ ਕਿਸੇ ਚੀਜ਼ ਦੀ ਪਛਾਣ ਕਰਨੀ ਹੀ ਔਖੀ ਹੋ ਰਹੀ ਸੀ। ਉਸ ਬੁੱਢੇ ਬਾਬੇ ਦਾ ਦਿਲ ਤੇ ਅੱਖਾਂ ਅੰਦਰੋਂ-ਅੰਦਰ ਬਹੁਤ ਰੋ ਰਹੀਆਂ ਸੀ। ਜਿਵੇਂ ਉਸ ਬਾਬੇ ਦੀ ਜਿੰਦਗੀ ਵਿੱਚ ਐਸਾ ਤੂਫਾਨ ਚੱਲ ਰਿਹਾ ਹੋਵੇ ਕਿ ਉਹ ਬਰਦਾਸ਼ਤ ਹੀ ਨਾ ਕਰ ਸਕਿਆ ਹੋਵੇ।

ਮੈਂ ਉਸ ਬਾਬੇ ਨੂੰ ਕਈ ਵਾਰੀ ਪੁੱਛਣ ਦੀ ਕੋਸ਼ਿਸ਼ ਕਰਨੀ ਚਾਹੀ ਪਰ ਹਰ ਵਾਰੀ ਮੈਂ ਇਸ ਕੰਮ ਵਿੱਚ ਅਸਫਲ ਹੀ ਰਹਿ ਗਿਆ। ਪਰ ਮੈਂ ਉਸ ਬਾਬੇ ਦੀ ਜ਼ਿੰਦਗੀ ਦਾ ਸੱਚ ਜਾਣਨਾ ਚਾਹੁੰਦਾ ਸਾਂ। ਮੈਂ ਫਿਰ ਉਸ ਬਾਬੇ ਦੇ ਨੇੜੇ ਹੋ ਕੇ ਪੁੱਛਿਆ, "ਬਾਬਾ ਜੀ ਤੁਹਾਡੇ ਨਾਲ ਕੀ ਹੋਇਆ ਹੈ? ਤੁਹਾਡੀ ਇਹ ਹਾਲਤ ਕਿਸ ਤਰ੍ਹਾਂ ਹੋਈ?" ਤਾਂ ਬਾਬੇ ਦੀਆਂ ਅੱਖਾਂ ਵਿੱਚ ਹੰਝੂ ਵੱਗਣ ਲੱਗ ਪਏ ਤੇ ਬਾਬੇ ਦਾ ਦਿਲ ਰੋਣ ਲੱਗ ਪਿਆ। ਮੈਂ ਬਾਬੇ ਨੂੰ ਸਬਰ ਰੱਖਣ ਲਈ ਕਿਹਾ ਤੇ ਬਾਬੇ ਦੇ ਮੂੰਹੋਂ ਸਭ ਕੁੱਝ ਉੱਜੜ ਜਾਣ ਦੀ ਗੱਲ ਮੂੰਹ 'ਚੋਂ ਨਿਕਲ ਗਈ।

ਬਾਬੇ ਨੇ ਆਪਣੀ ਇਸ ਦੁਰਦਸ਼ਾ ਦਾ ਕਾਰਣ ਆਪਣੇ ਘਰ ਦੀ ਹੋਈ ਬਰਬਾਦੀ ਨੂੰ ਦੱਸਿਆ। ਬਾਬਾ ਕਹਿਣ ਲੱਗਾ ਕਿ ਉਸਦਾ ਵੀ ਇੱਕ ਨਿੱਕਾ ਜਿਹਾ ਪਰਿਵਾਰ ਸੀ। ਹਰ-ਦਮ ਹੱਸਦਾ ਖੇਡਦਾ ਇੱਕ ਨਿੱਕਾ ਜਿਹਾ ਘਰ-ਬਾਰ ਸੀ। ਪਰ ਅਚਾਨਕ ਇੱਕ ਹਾਦਸੇ ਨੇ ਮੇਰੇ ਘਰ ਬਾਰ ਨੂੰ ਉਜਾੜ ਕੇ ਰੱਖ ਦਿੱਤਾ।

ਮੇਰਾ ਇੱਕ ਪੁੱਤਰ, ਇੱਕ ਬੇਟੀ ਅਤੇ ਮੈਂ ਤੇ ਮੇਰੀ ਪਤਨੀ ਇੱਕ ਸਫਰ 'ਚ ਜਾ ਰਹੇ ਸਾਂ। ਬਹੁਤ ਹੀ ਖੁਸ਼ੀ-ਖੁਸ਼ੀ ਉਸ ਸਫਰ ਵਿੱਚ ਆਪਣੇ ਜ਼ਿੰਦਗੀ ਦੇ ਪਲ ਮਾਣ ਰਹੇ ਸਾਂ। ਪਰ ਅਚਾਨਕ ਹੀ ਇਕ ਹਾਦਸਾ ਹੋਣ ਕਾਰਣ ਮੇਰੀਆਂ ਅੱਖਾਂ ਦੇ ਸਾਹਮਣੇ ਹੀ ਮੇਰਾ ਪੁੱਤਰ ,ਪਤਨੀ ਤੇ ਧੀ ਮੇਰੀਆਂ ਅੱਖਾਂ ਦੇ ਸਾਹਮਣੇ ਦਮ ਤੋੜ ਗਏ ਤੇ ਮੈਂ ਕੁੱਝ ਨਾ

ਕਰ ਸਕਿਆ।

ਮੇਰਾ ਪੁੱਤਰ ਮੈਨੂੰ ਬਾਰ-ਬਾਰ ਇਹੋ ਹੀ ਕਿਹ ਰਿਹਾ ਸੀ ਕਿ ਪਿਤਾ ਜੀ ਮੈਨੂੰ ਬਚਾ ਲਵੋ, ਮੈਂ ਜੀਣਾ ਚਾਹੁੰਦਾ ਹਾਂ। ਪਰ ਮੈਂ ਉਸ ਨੂੰ ਬਚਾ ਨਾ ਸਕਿਆ । ਬਾਬੇ ਦਾ ਦੁੱਖ ਤਾਂ ਬਹੁਤ ਹੀ ਗਹਿਰਾ ਸੀ। ਮੈਂ ਬਾਬੇ ਦੇ ਘਰ ਬਾਰੇ ਪੁੱਛਿਆ ਤਾਂ ਬਾਬੇ ਨੇ ਕਿਹਾ ਜਦ ਮੈਂ ਆਪਣਾ ਸਭ ਕੁੱਝ ਤਬਾਹ ਹੋਣ ਤੋਂ ਬਾਅਦ ਘਰ ਗਿਆ ਤਾਂ ਘਰ ਜਾਂਦਿਆਂ ਹੀ ਮੈਨੂੰ ਮਕਾਨ ਮਾਲਕ ਨੇ ਘਰੋਂ ਬਾਹਰ ਕੱਢ ਦਿੱਤਾ ਤੇ ਕਿਰਾਇਆ ਨਾ ਦੇ ਸਕਣ ਕਾਰਣ ਮੇਰਾ ਸਾਮਾਨ ਵੀ ਰੱਖ ਲਿਆ। ਇਹ ਗਮ ਬਾਬੇ ਦੀ ਇਸ ਹਾਲਤ ਦਾ ਕਾਰਣ ਸੀ। ਬਾਬਾ ਆਪਣੀ ਇਹ ਕਹਾਣੀ ਦੱਸਣ ਤੋਂ ਬਾਅਦ ਮੇਰੇ ਹੱਥਾਂ ਵਿੱਚ ਹੀ ਦਮ ਤੋੜ ਗਿਆ। ਉਸ ਬਾਬੇ ਦੀ ਇਸ ਤਕਲੀਫ ਦਾ ਮੇਰੇ ਦਿਲ ਤੇ ਬਹੁਤ ਡੂੰਘਾ ਅਸਰ ਪਿਆ। ਗਰੀਬੀ ਨੇ ਉਸ ਬਾਬੇ ਦੀ ਜੜ੍ਹ ਹੀ ਮੁੱਕਾ ਦਿੱਤੀ।



ਮੈਂ ਵੀ ਵਿਲਕਣੀਆਂ ਸੁਣ, ਗੁੱਸੇ ਹੋਈ ਸੀ 'ਤਾਈ ਜਦੋਂ ਘਰੋਂ ਨੂੰਹ ਪੇਕੀ ਜਾਂਦੀ ਐ, ਤੂੰ ਨਵਾਂ ਕੰਮ ਛੇੜ ਬਹਿੰਦੀ ਐ, ਤੇਰੀ ਉਮਰ ਮਿਸਤਰੀਆਂ ਤੋਂ ਕੰਮ ਕਰਵਾਉਣ ਦੀ ਨਹੀ, ਤੂੰ ਕਾਹਤੋਂ ਕੰਮ ਛੇੜਿਆ? ਨਾ ਪੁੱਤ ਮੇਰਾ ਘਰ ਆ ਜੇ ਕੰਮ ਕਰ ਲੂੰ ਤਾਂ ਕੀ ਹਰਜ਼''। ਹਰਜ਼ ਤਾਂ ਧੀਆਂ ਨੂੰ ਪੁੱਛ ! ਨੂੰਹਾਂ ਧੀਆਂ ਬਣ ਜਾਂਦੀਆਂ ਤਾਂ ਕਾਹਦਾ ਘਾਟਾ ਸੀ?

# ਰੱਬ ਨਹੀ ਮਰਦਾ

ਖੁਰੇ 'ਚ ਲੀੜਿਆਂ ਦਾ ਢੇਰ ਦੇਖ, ਸੱਤੀ ਨੇ ਬਾਲਟੀ 'ਚ ਸੋਡੇ ਵਾਲਾ ਕੋਸਾ ਪਾਣੀ ਲੈ ਕੇ, ਮੈਲੇ ਕੱਪੜੇ ਭਿਉਂ ਦਿੱਤੇ। ਵੱਡੀ ਭੈਣ ਦਾ ਬੋਝ ਦੇਖ, ਨਿੱਕੀ ਵੀ ਪੀੜ੍ਹੀ ਫੜੀ ਕੋਲ ਆਣ ਬੈਠੀ। ਇੱਕ ਲੀੜੇ ਨੂੰ ਸਾਬਣ ਲਾਉਂਦੀ ਤੇ ਦੂਜੀ ਥਾਪੀ ਫੇਰਦੀ । ਸਕੂਲੇ ਜਾਣ ਖਾਤਿਰ ਦੋਵੇਂ ਕੰਮ ਨਿਬੇੜਨ 'ਚ ਇੱਕ ਦੂਜੇ ਤੋਂ ਕਾਹਲੀਆਂ ਸਨ। ਨੀਲ ਲਾ ਕੇ ਵਿਹੜੇ 'ਚ ਲੱਗੀਆਂ ਤਾਰਾਂ ਤੇ ਕੱਪੜੇ ਸੁੱਕਣੇ ਪਾਉਂਦੇ ਦੇਖ, ਮਾਂ ਨਸੀਬਾਂ ਬਾਲੜੀਆਂ ਨੂੰ ਪੁਚਕਾਰਦਿਆਂ-ਦੁਲਾਰਦਿਆਂ ਰਸੋਈ 'ਚ ਜਾ ਵੜੀ। ਪੋਣੇ 'ਚ ਚੂਰੀ ਲਪੇਟ ਦੋਹਾਂ ਭੈਣਾਂ ਨੂੰ ਸਕੂਲ ਤੋਰਨ ਲਈ, ਝੋਲੇ 'ਚ ਕਿਤਾਬਾਂ ਪਾਉਣ ਲੱਗੀ। ਸਕੂਲੋਂ ਵਾਪਸੀ ਤੇ ਨਿੱਕੜੀ ਨੇ ਵਿਹੜੇ 'ਚ ਸੁੱਕਦੇ ਕੱਪੜਿਆਂ ਤੇ ਨਿਗ੍ਹਾ ਮਾਰ ਤੇ ਉੱਚੀ ਦਾਣੀ ਕਿਹਾ 'ਵੇਖ ਅੰਮਾਂ ਤੇਰੀ ਉਮਰ ਕੰਮ ਕਰਨ ਦੀ ਨਹੀਂ। ਸਾਰੇ ਲੀੜੇ ਤਾਰਾਂ ਤੋਂ ਲਾਹ ਮੁੜ ਨਿਖਾਰੀ ਨਾ'। ਧੀਆਂ ਦੇ ਮੋਹ 'ਚ ਭਿੱਜੀ ਅੰਤੜੀ ਦੇ ਝੁਰੜੀਆਂ ਘਿਰੇ ਦੀਦਿਆਂ 'ਚ ਹੰਝੂ ਭਰ ਜਾਂਦੇ। ਨਾ ਪੁੱਤ ਤੁਸੀਂ ਸਾਰੇ ਕੰਮਾਂ ਕਾਰਾਂ ਵਾਲੇ ਓ, ਬਾਹਰ ਮੈਲਾ ਲੀੜਾ ਨਹੀ ਸ਼ੋਭਦਾ। ਨੀ ਚੀੜੀਓ ! ਇਹ ਥੋਤੋਂ ਨਹੀ ਨਿਖਰਦੇ ਤਾਂ ਹੀ ਮੁੜ ਕਾਲਰਾਂ ਅਤੇ ਪੌਂਚੇ ਸਾਬਣ ਲਾ ਕੇ ਮਲ ਦਿੰਦੀ ਆਂ, ਬੁੱਢੜਿਆਂ ਹੱਡਾਂ 'ਚ ਜਾਨ ਨਾ ਹੁੰਦਿਆਂ ਵੀ ਕੋਈ ਨਾ ਕੋਈ ਆਹਰ ਕਰੀ ਜਾਣਾ ਮਾਂ ਦਾ ਸੁਭਾਅ ਸੀ।

"ਨੀ ਕਿੱਥੇ ਦਊ ਥੋਡਾ ਦੇਣਾ" ਕਹਿ ਛੱਡਦੀ ਨਾਲ ਹੀ ਸੁੱਚਜਣ ਧੀਆਂ ਨੂੰ ਕਿਸੇ ਨਾ ਕਿਸੇ ਕੰਮ ਲਾ ਦਿੰਦੀ। ਧੀਆਂ ਵੀ ਮੂੰਹੋ ਨਿਕਲਿਆ ਬੋਲ ਕਿਰਨ ਨਾ ਦਿੰਦੀਆਂ। ਬਿਨਾਂ ਕਹਾਏ ਆਹਰੇ ਲੱਗੀਆਂ ਰਹਿੰਦੀਆਂ। ਸਿਉਣਾ ਪਰੋਣਾ, ਰੋਟੀ ਟੁੱਕ, ਕਢਾਈ-ਸਿਲਾਈ ਸੱਭ ਕਰੀ ਜਾਂਦੀਆਂ। ਐਪਰ ਧੀਆਂ ਦੇ ਲੇਖ ਉਨ੍ਹਾਂ ਦੇ ਨਸੀਬਾਂ ਤੇ ਸੁੱਟ ਛੱਡੇ, ਅਕਸਰ ਕਹਿੰਦੀ ਧੀਆਂ ਕਿਹੜਾ ਬੋਟੀਆਂ ਖਾਂਦੀਆਂ, ਦੋ ਰੋਟੀਆਂ ਨੇ ਦੇਈ ਜਾ ਰਹੀ ਹਾਂ । ਬਾਕੀ ਇਨ੍ਹਾਂ ਦੇ ਨਸੀਬ ! ਅੰਮੜੀ ਦੀਆਂ ਅਸੀਸਾਂ ਦਿਲੋਂ ਨਿਕਲਦੀਆਂ । "ਕਰਮਾਂ ਸੰਦੜਾ ਖੇਤ" ਮਾਂ ਜਨਮ ਦਿੰਦੀ ਕਰਮ ਨਹੀਂ। ਰੱਬ ਦੀਆਂ ਰੱਖਾਂ ! ਕਹਿ ਛੱਡਦੀ। 'ਊਠਾਂ ਵਾਲਿਆ ਨੂੰ ਬੂਹੇ ਉੱਚੇ ਰੱਖਣੇ ਪੈਂਦੇ" ਨਸੀਬਾਂ ਦੀਆਂ ਦੁਆਵਾਂ ਸਦਕਾ ਚੁਬਾਰੇ ਦੀ ਇੱਟ ਪੁਟਾਏ ਬਿਨਾਂ ਧੀਆਂ ਆਪਣੇ ਆਪਣੇ ਘਰੀਂ ਤੁਰ ਗਈਆਂ।

ਜਣੇਪੇ ਬਾਅਦ ਦਾਈ ਨਾੜੂਆ ਕਟੱਦੀ ਐ? ਪਰ

ਆਂਦਰਾਂ ਦੀ ਸਾਂਝ ਨਹੀ ਕਟੀਂਦੀ । ਧੀਆਂ ਸਹੁਰੀ ਤੋਰ ਨਸੀਬਾਂ ਅੰਦਰੋ-ਅੰਦਰੀ ਖੁਰਦੀ ਗਈ। ਧੀਆਂ ਦੇ ਰਾਜ 'ਚ ਜਿਵੇਂ ਨਸੀਬਾਂ ਕੰਮ ਕਰਨਾ ਭੁੱਲ ਗਈ। ਜੇ ਇੱਕ ਧੀ ਰਸੋਈ ਸੰਭਾਲਦੀ, ਦੂਜੀ ਝਾੜੂ-ਬਹਾਰੂ ਵੱਲ ਹੁੰਦੀ । ਮੁੱਹਲੇ ਦੀਆਂ ਕੁੜੀਆਂ-ਚਿੜੀਆਂ ਵੀ ਵਿਹਲੀਆਂ ਹੋ ਕੇ ਤਾਈ ਕੋਲ ਆਣ ਲਈ ਚੱਜ ਅਹਾਰ ਸਿੱਖਦੀਆਂ। ਇੱਕੋ ਹਾਣ ਦੀਆਂ ਹੋਣ ਕਰਕੇ ਸਭ ਵਾਰੋ ਵਾਰੀ ਸਹੁਰੇ ਤੁਰ ਪਈਆਂ। ਧੀਆਂ ਨੂੰ ਸਹੁਰੇ ਤੋਰ ਤਾਈ ਨੂੰ ਸੁੰਨਾ ਵਿਹੜਾ ਖਾਣ ਨੂੰ ਆਉਂਦਾ । ਗਾਹੇ-ਬਗਾਹੇ ਮਾਂ ਦਾ ਦੁੱਖ ਸੁਣ, ਧੀਆਂ ਮਾਂ ਦੇ ਬੂਹੇ ਜਾ ਅਪੜਦੀਆਂ ਤੇ ਮਾਂ ਵੀ ਜਾਲੀ ਵਾਲੇ ਬੂਹੇ ਓਹਲੇ ਖੜ੍ਹ ਦੀਦਿਆਂ 'ਚ ਭਰੇ ਹੰਝੂਆਂ ਚੋਂ ਧੀਆਂ ਦੀ ਚਾਲ ਪਛਾਣਦੀ। ਬੂਹਾ ਖੋਲ੍ਹ ਧੀ ਦੇ ਗੱਲ ਲੱਗ ਕਿ ਦੋ-ਦੋ ਨੂੰਹਾਂ ਦੇ ਹੁੰਦਿਆਂ ਮਾਂ ਨੂੰ ਕਾਹਦਾ ਝੋਰਾ ? ਆਂਹਦੇ ਨੇ ਝੱਗਾ ਚੁੱਕੋ ਟਿੱਢ ਨੰਗਾ ਹੁੰਦੈ। ਖੌਰੇ ਵਿਹੜੇ ਦੀ ਤਾਈ ਨਸੀਬਾਂ ਨੂੰ ਵੀ ਕੋਈ ਘੁਣ ਲੱਗਾ ਸੀ ਜੋ ਉਮਰੋਂ ਪਹਿਲੇ ਪਰਛਾਵੇਂ ਵਾਂਗ ਢਲ੍ਹ ਗਈ।

ਸੰਧਿਆ ਵੇਲੇ ਨਸੀਬਾਂ ਦੀ ਵਿਚਕਾਰਲੀ ਧੀ ਦਾ ਫੋਨ ਆਇਆ "ਭੈਣ ਤੈਨੂੰ ਪਤਾ ਲੱਗਾ? ਤਾਈ ਨਸੀਬਾਂ ਨੂੰ ਅਧਰੰਗ ਦਾ ਅਟੈਕ ਹੋਇਆ। ਇਹ ਸੁਣਦਿਆਂ ਹੀ ਮੇਰੇ ਪੈਰੋਂ ਹੇਠੋਂ ਜ਼ਮੀਨ ਨਿਕਲ ਗਈ। ਮੈਂ ਲੋਹੜੀ ਦਾ ਲਿਆਂਦਾ ਸਮਾਨ ਰੱਖ, ਸਰਦਾਰ ਹੋਰਾਂ ਤੋਂ ਇਜ਼ਾਜਤ ਲੈ ਸਵੇਰੇ ਪਹਿਲੀ ਬੱਸੇ, ਤਾਈ ਨਸੀਬਾਂ ਨੂੰ ਮਿਲਣ ਜਾਣ ਦੀ ਤਿਆਰੀ ਵੱਟ ਲਈ। ਹਸਪਤਾਲ 'ਚ ਜਾ ਕੇ ਵੇਖਿਆ ਡਾਕਟਰਾਂ ਦੇ ਲੱਖ ਮਨਾਂ ਕਰਨ ਤੇ ਵੀ ਤਾਈ ਦੇ ਮੰਜੇ ਲਾਗੇ ਤਿੰਨਾਂ ਧੀਆਂ ਨੇ ਘੇਰਾ ਘੱਤਿਆ ਸੀ। ਨਰਸਾਂ ਦੇ ਕਹਿਣ ਤੇ ਮਾਂ ਦਾ ਹਾਲ ਦੇਖ ਵਾਰੋ-ਵਾਰੀ ਬਾਹਰ ਆ ਗਈਆਂ । ਮੈਂ ਤਾਈ ਦੇ ਸਿਰਹਾਣੇ ਖੜੀ ਦੋ ਦਿਨ ਪਹਿਲਾਂ ਫੋਨ ਤੇ ਕੀਤੀ ਗੱਲ ਚੇਤੇ ਕਰਨ ਲੱਗੀ, 'ਨੀ ਧੀਏ ਤੂੰ ਜੱਦ ਵੀ ਮਿਲਣ ਆਂਦੀ ਕੰਘੀ ਮੇਰੇ ਕੋਲ ਛੱਡ ਜਾਂਦੀ ਐਂ। ਐਸ ਵਾਰੀ ਦੀ ਤੇਰੀ ਕਾਲੀ ਕੰਘੀ ਵੀ ਮੈਂ ਅਲਮਾਰੀ 'ਚ ਸੰਭਾਲ ਲਈ ਹੈ, ਅਗਲੀ ਵੇਰਾ ਆਏਗੀ ਲੈ ਜਾਈਂ ਮੈਥੋਂ' ਤਾਈ ਦਾ ਮੱਥਾ ਚੁੰਮਦਿਆਂ ਮੇਰੀ ਭੁੱਬ ਨਿਕਲ ਗਈ। "ਮੇਰੀਆਂ ਕੰਘੀਆਂ ਸੰਭਾਲਣ ਦੀ ਥਾਵੇਂ ਆਪਣੇ ਆਪ ਨੂੰ ਸੰਭਾਲਦੀਓ ! "ਢੱਕੀ ਰਿੱਝੇ ਕੋਈ ਨਾ ਬੁੱਝੇ"। ਰਹਿ-ਰਹਿ ਦਿਲ 'ਚ ਉਬਾਲ ਉੱਠਦਾ ਆਖਿਰ ਤਾਈ ਨੂੰ ਹੋਇਆ ਕੀ? ਡੰਗੋਰੀ ਬਣ ਕਈਆਂ ਨੂੰ ਸਹਾਰਾ ਦੇਣ ਵਾਲਾ ਵਿਹੜੇ ਲੱਗਾ ਬੋਹੜ ਕਿਵੇਂ ਡਿੱਗਿਆ? ਇਹ ਸਵਾਲ ਛੱਲਾਂ ਵਾਂਗ ਰਹਿ ਰਹਿ ਉੱਠਦਾ।

ਸੂਈਆਂ ਨਾਲ ਵਿੰਨੀ ਤਾਈ ਨੂੰ ਆਪਣੀ ਕੋਈ ਸੁਰਤ ਨਹੀਂ ਸੀ। ਪੌਲੇ ਜਹੇ ਹਰ ਵਾਂਗ ਮੈਂ ਤਾਈ ਦਾ ਹੱਥ ਫੜ੍ਹ ਬੁੜਬੁੜਾਈ "ਤਾਈ ਕੇਰਾਂ ਪਾਂਡੇ ਨੇ ਤੇਨੂੰ ਆਖਿਆ ਸੀ ਕਿ ਮਾਤਾ ਤੇਰੀ ਮੌਤ ਪੁੱਤਾਂ ਦੁਖੋਂ ਹੋਣੀ ਐ। ਪਾਂਡੇ ਨੇ ਸਹੀ ਨਹੀ ਸੀ ਆਖਿਆ । ਤੇਰੇ ਪੁੱਤ ਤਾਂ ਡਾਢੇ ਚੰਗੇ ਨੇ। ਧੀਆਂ ਦੇ ਹੱਥਾਂ ਤੇ ਪੈਰ ਧਰ-ਧਰ ਚਲਦੀ ਸੀ ਤਾਈ। ਨਰਸ ਦਾ ਇਸ਼ਾਰਾ ਦੇਖ ਮੈਂ ਖੱਬੇ ਹੱਥ ਦੇ ਪੰਜਾਂ ਪੋਟਿਆਂ ਨੂੰ ਤਾਈ ਦੀ ਗੱਲ੍ਹ ਨਾਲ ਛੁਹਾ

ਮੁੜ ਉਨ੍ਹਾਂ ਪੋਟਿਆਂ ਦੀ ਛੋਹ ਆਪਦੇ ਬੁੱਲਾਂ ਨੂੰ ਦਿੱਤੀ ਤੇ ਬਾਹਰ ਆ ਗਈ। ਮੈਂ ਬਾਹਰ ਝੋਲੀ ਅੱਡ ਰੱਬ ਅੱਗੇ ਲੇਲੜੀ ਕੱਢੀ, 'ਰੱਬਾ ਤਾਈ ! ਮੇਰੇ ਸਾਹਾਂ 'ਚੋ ਕੁੱਝ ਸਾਹ ਦੇ ਦੇ "ਤਾਈ ਮੁੜ ਵਿਹੜੇ 'ਚ ਬੈਠੀ ਦਿਸੇ"। ਪੁੱਛ ਲੈਣ ਦੇ ਕਿਹੜੇ ਘੁਣ ਨੇ ਚੱਟ ਕੀਤਾ ਉਹਨੂੰ ?

ਡਾਕਟਰ ਨੇ ਤਾਈ ਨੂੰ ਵੱਡੇ ਹਸਪਤਾਲ ਲਿਜਾਣ ਦੀ ਹਦਾਇਤ ਦਿੱਤੀ । ਕਈ ਦਿਨਾਂ ਬਾਅਦ ਸੁਰਤ ਸੰਭਾਲੀ, ਅੱਖਾਂ ਝਪਕਦੀ ਕੋਲ ਖੜਿਆਂ ਨੂੰ ਦੇਖਦੀ । ਨਜ਼ਰ ਮਿਲਦਿਆਂ ਹੀ ਮੇਰੇ ਮੂੰਹੋ ਨਿਕਲਿਆਂ "ਤਾਈ ! ਮੇਰੀ ਕੰਘੀ ਕਿੱਥੇ ? ਮੈਂ ਕੰਘੀ ਲੈਣ ਆਈ ਹਾਂ। ਅਵਾਜ਼ ਪਹਿਚਾਣ ਕੇ ਹੌਲੇ ਜਿਹੇ ਬੁੱਲ ਫਰਕੇ ਜਿਵੇਂ ਕਹਿ ਰਹੀ ਹੋਵੇ ਹੁਣ ਤਾਂ ਬਹੁਤ ਦੇਰ ਹੋ ਗਈ ਧੀਏ ! ਤੈਨੂੰ ਮੈਂ ਫੋਨ ਤੇ ਕਿਹਾ ਸੀ ਬਈ ਮਿਲ ਜਾ, ਘਰ ਮਿਸਤਰੀ ਲੱਗੇ, ਪੁੱਤ ਮੈਥੋਂ ਦਾਲ ਸਬਜ਼ੀ ਏ ਬਣਦੀ, ਪਰ ਗਰਮੀ 'ਚ ਫੁਲਕੇ ਨਹੀ ਲਹਿੰਦੇ । ਮੈਂ ਵੀ ਵਿਲਕਣੀਆਂ ਸੁਣ, ਗੁੱਸੇ ਹੋਈ ਸੀ 'ਤਾਈ ਜਦੋਂ ਘਰੋਂ ਨੂੰਹ ਪੇਕੀ ਜਾਂਦੀ ਐ, ਤੂੰ ਨਵਾਂ ਕੰਮ ਛੇੜ ਬਹਿੰਦੀ ਐ, ਤੇਰੀ ਉਮਰ ਮਿਸਤਰੀਆਂ ਤੋਂ ਕੰਮ ਕਰਵਾਉਣ ਦੀ ਨਹੀ, ਤੂੰ ਕਾਹਤੋਂ ਕੰਮ ਛੇੜਿਆ? ਨਾ ਪੁੱਤ ਮੇਰਾ ਘਰ ਆ ਜੇ ਕੰਮ ਕਰ ਲੂੰ ਤਾਂ ਕੀ ਹਰਜ਼"। ਹਰਜ਼ ਤਾਂ ਧੀਆਂ ਨੂੰ ਪੁੱਛ ! ਨੂੰਹਾਂ ਧੀਆਂ ਬਣ ਜਾਂਦੀਆਂ ਤਾਂ ਕਾਹਦਾ ਘਾਟਾ ਸੀ? ਧੀਆਂ ਦੇ ਰਾਜ 'ਚ ਕੋਈ ਤੋਟਾ ਨਹੀ ਹੁੰਦਾ? ਨੂੰਹਾਂ ਧੀਆਂ ਲੁੱਕਣ ਮੀਚੀਆਂ ਧੀਆਂ ਤੋਂ ਸ਼ੁਰੂ ਹੋਈਆਂ ਘਰ ਦੀਆਂ ਬਰਕਤਾਂ ਨੂੰ ਖੰਭ ਲੱਗ ਗਏ। ਜੇ ਕੋਈ ਧੀ ਆ ਜਾਂਦੀ ਤਾਂ ਉਹ ਗੱਲ "ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਉਂਣ? " ਬੁੱਢੀ ਮਾਂ ਨੂੰ ਰਸੋਈ 'ਚੋਂ ਪਾਸੇ ਕਰ ਆਪੇ ਬਣਾਉਣੀਆਂ ਤੇ ਆਪੇ ਖਾਣੀਆਂ। ਭਾਬੋ ਦੇ ਹੱਥ ਦੀਆਂ ਪੱਕੀਆਂ ਖਾਣ ਦਾ ਚਾਅ ਤਾਂ ਪੂਰਾ ਹੀ ਨਾ ਹੋਇਆ । ਇੱਕ ਦੋ ਦਿਨ ਪੇਕੇ ਰਹਿ ਪਰ ਕੱਟੀ ਬੁੱਲਬੁੱਲ ਵਾਂਗ ਫੜ੍ਹਫੜਾਉਂਦੀਆਂ ਘਰੀਂ ਪਰਤ ਜਾਂਦੀਆਂ । ਨਸੀਬਾਂ ਦੀਆਂ ਧੀਆਂ ਨੇ ਅਖਾਣ ਝੂਠਿਆਂ ਤੀ "ਕੁਆਰੀ ਖਾਵੇ ਰੋਟੀਆਂ ਵਿਆਹੀਆਂ ਖਾਣ ਬੋਟੀਆਂ "ਧੀਆਂ ਨੂੰ ਤਾਈ ਜੋ ਲੀੜਾ ਪਵਾਂਦੀ ਪਾ ਲੈਂਦੀਆਂ । ਜੋ ਰਿੰਨਦੀ ਰੱਬ ਦਾ ਸ਼ੁੱਕਰ ਕਰਦੀਆਂ।

ਤਿੰਨ ਪੜ੍ਹੀ ਤਾਈ ਸਵੇਰੇ ਅਖਬਾਰ ਦੀਆਂ ਖਬਰਾਂ ਪੜ੍ਹ ਕੇ ਸੁਣਾਉਂਦੀ । ਜਦ ਕਦੀ ਤਾਈ ਤਾਏ ਨੂੰ ਉਸਦੀ ਵਧੀ ਪੈਂਨਸ਼ਨ ਦੀ ਖਬਰ ਸੁਣਾਉਂਦੀ । ਪੈਂਨਸ਼ਨ ਦਾ ਨਾਂ ਸੁਣਦੇ ਨੂੰਹਾਂ ਦੇ ਕੰਨਾਂ ਖੜੇ ਹੋ ਜਾਂਦੇ, ਤਾਏ ਦੀ ਪੈਂਨਸ਼ਨ ਆਉਂਦੀ ਮਗਰੋਂ, ਖਰਚੀ ਪਹਿਲੋਂ ਜਾਂਦੀ। ਬਿਜਲੀ ਦਾ ਬਿੱਲ, ਘਰ ਦਾ ਕਿਰਾਇਆ, ਪਾਣੀ ਦਾ ਬਿੱਲ, ਮਹੀਨੇ ਦਾ ਰਾਸ਼ਨ ਤੇ ਹੋਰ ਨਿੱਕ ਸੁੱਕ ਸਾਰੀ ਤਾਏ ਦੀ ਜਿੰਮੇਵਾਰੀ ।

ਰੋਂਦੀਆਂ ਧੀਆਂ ਨੂੰ ਵੇਖ ਛੋਟੀ ਨੂੰਹ ਬੋਲੀ " ਭੈਣ ਇਹ ਰੱਬ ਦੇ ਕੌਤਕ ਨੇ।ਭਾਬੋ ਗੋਗਲੂਆਂ ਤੋਂ ਮਿੱਟੀ ਝਾੜਦੀ ਬੋਲੀ ਰੱਬ ਦਾ ਭਾਣਾ ਮੰਨਣਾ ਪੈਣਾ। ਕੌਣ ਮਰਦਾ ਕਿਸੇ ਦੀ ਆਈ? ਅਗਲੀ ਸਵੇਰ ਤਿੰਨੇ ਧੀਆਂ ਮਾਂ ਦੇ ਫੁੱਲ ਚੁੱਗਣ ਨਾਲ

ਗਈਆਂ। ਮਾਂ ਦੇ ਅੰਗੀਠੇ ਨੂੰ ਲੱਸੀ ਪਾ ਠੰਡਾ ਕਰਦੀਆਂ ਤੇ ਕਦੇ ਮਾਂ ਦੇ ਫੁੱਲ ਹੱਥ ਤੇ ਰੱਖ ਭੋਰ-ਭੋਰ ਦੇਖਦੀਆਂ। ਮਾਂ ਨਸੀਬਾਂ ਦੀ ਪਸਲੀ ਨਿਕੜੀ ਦੇ ਹੱਥ ਲੱਗੀ, ਹੱਥਾਂ 'ਚ ਘੁੱਟਦਿਆਂ ਲੱਗਾ ਜਿਵੇਂ ਮਾਂ ਬੋਲੀ ਪਈ ਹੋਵੇ "ਧੀਆਂ ਦੀ ਮਾਂ ਰਾਣੀ " ਕੋਲ ਖੜੀ ਜੀਤਾਂ ਨੇ ਨਿੱਕੀ ਨੂੰ ਘੁੱਟ ਕੇ ਗੱਲ ਨਾਲ ਲਾਇਆ। ਦੋਂਵੇ ਰੱਜ ਗੱਲ ਰੋਈਆਂ। ਨਿੱਕੀ ਨੂੰ ਗੱਲ ਲਾਇਆਂ ਦਿਲਾਸਾ ਦਿੰਦਿਆਂ ਬੋਲੀ " ਭੈਣ ਆਪਣੀ ਆਈ ਮਰਦੀ ਤਾਂ ਦੁੱਖ ਨਹੀਂ ਸੀ। ਬੀਮਾਰ ਹੋਣ ਤੋਂ ਪਹਿਲਾਂ ਢਿੱਡੋਂ ਜੰਮਿਆਂ ਪੁੱਛਦਾ " ਮਾਂ ਤੂੰ ਕਦੋਂ ਮਰਨਾ, ਕਦੋਂ ਛੱਡੇਗੀ ਪਿੱਛਾ/ ਬੜੀ ਕਲਪੀ ਸੀ ਤਾਈ ਵੇ ਪੁੱਤਰਾ ਅਜੇ ਤਾਂ ਮੈਂ ਆਪਣੇ ਸਾਈਂ ਦੀ ਕਮਾਈ ਖਾਂਦੀ ਆਂ, ਤੁਹਾਨੂੰ ਮੈਂ ਕਾਹਤੋਂ ਚੁੱਭੀ ? ਅਗਲੀ ਸਵੇਰ ਨਾਹ ਧੋ ਕੇ ਤਨ ਦੇ ਲੀੜੇ ਸੁਕਣੇ ਪਾਉਣ ਲੱਗੀ, ਬੱਸ ਗੁਸਲਖਾਨੇ ਮੋਹਰੇ ਢੇਰੀ ਹੋ ਗਈ ਮੁੜ ਨਾ ਉੱਠੀ"। ਦਿਲ ਨੂੰ ਲਾ ਗਈ ਪੁੱਤ ਦੀ ਗੱਲ ।"ਬੱਕਰੀ ਜਾਨੋ ਗਈ ਖਾਣ ਵਾਲੇ ਨੂੰ ਸਵਾਦ ਨਾ ਆਇਆ"।

ਸਿਵਾ ਠੰਢਾਂ ਹੋਣ ਤੋਂ ਬਾਅਦ ਸੱਚ ਕੋਠੇ ਚੜ੍ਹਿਆ। ਜੇਕਰ ਮਾਂ ਦਾ ਸਿਵਾ ਬਲਦਾ ਹੁੰਦਾ ਤਾਂ ਸ਼ਾਇਦ ਨਿੱਕੜੀ ਮਾਂ ਨਾਲ ਮਰ ਜਾਂਦੀ। ਠੰਡੇ ਹੋਏ ਅੰਗੀਠੇ 'ਚੋਂ ਮਾਂ ਦੀ ਮਿੱਟੀ ਦੀ ਮੁੱਠੀ ਭਰ ਫੁੱਲਾਂ ਨਾਲ ਗੱਲਾਂ ਕਰ ਰੱਜ ਹੋਈ ਸੀ ਨਿੱਕੀ। ਤਪਦੇ ਦਿਲ ਤੇ ਮਾਂ ਦੀ ਮਿੱਟੀ ਦਾ ਲੇਪ ਕਰ ਆਪਣੇ ਨਾਲ ਗੱਲੀਂ ਲੱਗ ਤੁਰੀ "ਮਾਂ ਤੂੰ ਕਿਹੜਾ ਪੁੱਤ ਦਾ ਘਰ ਛੱਡਦੀ ਸੈਂ। ਮਾਂ-ਧੀ ਦੇ ਕਾਹਦੇ ਪਰਦੇ ਹੁੰਦੇ ਕਦੇ ਤੇ ਫੋਲਦੀ ਦੁੱਖ। ਧੀਆਂ ਨੂੰ ਪੁੱਤਾਂ ਵਾਂਗ ਪਾਲਿਆ ਤੇ ਧੀਆਂ ਦੇ ਕੇ ਪੁੱਤ ਬਣਾਈਦੇ ਨੇ। ਤੂੰ ਹੀ ਆਖਦੀ ਐਂ , ਮੂਲ ਨਾਲੋਂ ਵਿਆਜ ਪਿਆਰਾ ਹੁੰਦਾ । ਕੁੱਖੋਂ ਜੰਮੇ ਕਿਵੇਂ ਜਿਉਂਦੇ ਨੇ, ਪੁੱਤ ਕਪੁੱਤ ਬਣ ਕੇ? ਕਿਵੇਂ ਬਣਦੇਂ ਨੇ ਮਾਵਾਂ ਦੇ ਕਾਤਲ" ਕਿਵੇਂ ਲਾਹੁੰਦੇ ਨੇ ਧੜ ਨਾਲੋਂ ਸਿਰ ? ਇੱਕ ਹੂਕ ਉੱਠਦੀ ਤੇ ਦੱਬ ਜਾਂਦੀ, ਵੇ ਨਾਂ ਉਤਾਰੋ ਮਾ ਦਾ ਕਰਜ਼ ਇਸ ਨੂੰ ਕੋਹ ਕੇ। ਦੋ ਕੁਬੋਲਾਂ ਨਾਲ ਮਰਨ ਵਾਲੀ ਨੂੰ ਬਹੁਤੇ ਬੋਲਾਂ ਦੀ ਲੋੜ ਨਹੀਂ! ਕਿਸ ਤੋਂ ਪੁੱਛਾਂ ਕਿਵੇਂ ਜਿਉਂਦੇ ਨੇ ਲੋਕ ਮਾਂ ਦੇ ਕਰਜਾਈ ਹੋ ਕੇ ਲੋਕ? ਮਾਂ ਨੂੰ ਲੱਟ-ਲੱਟ ਕਰਕੇ ਜਲਦਿਆਂ ਦੇਖ ਛੱਡ ਆਉਂਦੇ ਨੇ ਐਪਰ ਝੱਟ ਆ ਜਾਂਦੀ ਐ ਔੜ ਪਈ ਤੇ ਪੁੱਤਾਂ ਮੋਹਰੇ। ਮਰ ਕੇ ਵੀ ਸੁਪਨੇ'ਚ ਘਰ ਦਿਆਂ ਨੂੰ ਰਾਹੇ ਪਾ ਦਿੰਦੀ ਐ।

ਰੱਬ ਮਾਂ ਦਾ ਦੂਜਾ ਰੂਪ ਹੈ,"ਮਾਟੀ ਮਾਟੀ ਹੋਈ ਏਕੁ" ਐਪਰ ਮਾਂ ਵਿਚਲਾ "ਰੱਬ ਨਹੀਂ ਮਰਦਾ"।



ਵਿਆਹ ਲਈ ਕੁੜੀ ਪਸੰਦ ਕਰਕੇ ਮਿੱਥੇ ਦਿਨ ਬਰਾਤ ਲੈ ਕੇ ਕੁੜੀ ਵਾਲਿਆ ਦੇ ਦਰਵਾਜ਼ੇ ਜੀਤੀ ਤੇ ਉਸ ਦਾ ਪਿਉ ਬੜੇ ਚਾਵਾਂ ਨਾਲ ਪਹੁੰਚੇ। ਜੀਤੀ ਨੇ ਮਾਂ ਦੀ ਥਾਂ ਤੇ ਬਣਦੇ ਸਾਰੇ ਸ਼ਗਨ ਆਪਣੇ ਹੱਥੀਂ ਕੀਤੇ। ਉਹ ਆਪ ਆਪਣੀ ਭਾਬੀ ਨੂੰ ਘਰ ਅੰਦਰ ਪਾਣੀ ਵਾਰ ਕੇ ਲਿਆਈ ਤੇ ਉਸ ਨੂੰ ਘਰ ਦੀਆਂ ਚਾਬੀਆਂ ਫੜਾ ਕੇ ਕਿਹਾ, 'ਆਹ ਲੈ ਸਾਂਭ ਆਪਣਾ ਘਰ ਤੇ ਮੈਨੂੰ ਛੁੱਟੀ ਦੇ।' ਇਹ ਕਹਿ ਕੇ ਦੋਵੇਂ ਖਿੜਖਿੜਾ ਕੇ ਹੱਸ ਪਈਆਂ।

# ਰੋਟੀ

ਜੀਤੀ ਦੀ ਮਾਂ ਨੂੰ ਮਰੇ ਅੱਜ ਪੂਰੇ ਵੀਹ ਸਾਲ ਹੋ ਗਏ ਨੇ, ਪਰ ਅਜੇ ਵੀ ਜੀਤੀ ਨੂੰ ਲਗਦਾ ਕਿ ਜਿਵੇਂ ਉਹ ਕੱਲ ਹੀ ਮਰੀ ਹੈ। ਉਹ ਕਰੀਬ ਬਾਰਾਂ ਕੁ ਵਰ੍ਹਿਆਂ ਦੀ ਸੀ ਜਦੋ ਉਸ ਦੀ ਮਾਂ ਮਰ ਗਈ। ਇੱਕ ਛੋਟਾ ਭਰਾ ਤੇ ਪਿਤਾ। ਪਿਤਾ ਤੋਂ ਪਿਆਰ ਤੇ ਪੈਸਾ ਤਾਂ ਮਿਲਿਆ ਪਰ ਉਸ ਅੱਗੇ ਮਨ ਦੀਆ ਗੰਢਾਂ ਕਦੇ ਨਾ ਖੋਝੀਆਂ। ਛੋਟੇ ਭਰਾ ਨੂੰ ਮਾਂ ਬਣ ਕੇ ਪਾਲਿਆ। ਵਕਤ ਨੇ ਉਸ ਨੂੰ ਬਾਰਾਂ ਵਰ੍ਹਿਆਂ ਤੋਂ ਬਹੁਤ ਵੱਡੀ ਕਰ ਦਿੱਤਾ।

ਛੋਟੇ-ਛੋਟੇ ਹੱਥਾਂ ਨਾਲ ਘਰ ਦਾ ਕੰਮ ਕਰਨਾ ਵੀ ਆ ਗਿਆ। ਕੱਚੀਆ-ਪੱਕੀਆ ਰੋਟੀਆ ਹੁਣ ਗੋਲ ਤੇ ਨਰੋਈਆਂ ਬਣਦੀਆਂ ਸਨ। ਪਿਉ ਤੇ ਪੁੱਤਰ ਧੀ ਦੇ ਹੱਥ ਦਾ ਖਾ ਕੇ ਨਿਹਾਲ ਹੋ ਜਾਂਦੇ। ਜੀਤੀ ਪੰਦਰਾਂ ਕੁ ਵਰ੍ਹਿਆ ਦੀ ਹੋਈ ਤਾਂ ਉਸ ਦੇ ਸਰੀਰ ਨੂੰ ਲੋਕਾਂ ਦੀਆ ਨਜ਼ਰਾਂ ਚੁਭਣ ਲੱਗ ਪਈਆ। ਉਹ ਆਪਣੇ ਆਪ ਨੂੰ ਲੋਕਾਂ ਤੋਂ ਬਚਾ ਕੇ ਰੱਖਦੀ ਪਰ ਦੁਨੀਆ ਨੂੰ ਕਿਸੇ ਦੀ ਜਵਾਨ ਧੀ ਛੇਤੀ ਦਿੱਸ ਪੈਂਦੀ ਹੈ।

ਜੀਤੀ ਨੂੰ ਘਰ ਦੇ ਕੰਮਾਂ ਲਈ ਬਾਹਰ ਜਾਣਾ ਹੀ ਪੈਂਦਾ ਸੀ। ਪਿੰਡ ਦੇ ਮੁੰਡੇ ਉਸ ਨੂੰ ਮਸਖਰੀ ਦੀ ਅੱਖ ਨਾਲ ਦੇਖਦੇ ਤਾਂ ਉਹ ਵਿਚਾਰੀ ਚੁੰਨੀ ਨਾਲ ਆਪਣਾ ਆਪ ਲੁਕਾਉਂਦੀ ਹੋਈ ਆਪਣਾ ਕੰਮ ਕਰਕੇ ਘਰ ਆ ਜਾਂਦੀ। ਘਰ ਆ ਕੇ ਪਿਉ ਨੂੰ ਤੇ ਭਰਾ ਨੂੰ ਕੁੱਝ ਨਾ ਕਹਿੰਦੀ।

ਸਮਾਂ ਕਦੀ ਵੀ ਨਹੀ ਰੁਕਦਾ। ਪੜ੍ਹਨ 'ਚ ਚੰਗੀ ਹੋਣ ਕਾਰਨ ਜੀਤੀ ਨੇ ਪੰਜਾਬੀ ਦੀ  ਐਮ. ਏ ਪਾਸ ਕਰ ਲਈ। ਭਰਾ ਵੀ ਹੁਣ ਬੀ.ਕਾਮ ਕਰ ਰਿਹਾ ਸੀ। ਜੀਤੀ ਆਪਣੇ ਪਿਤਾ ਤੋਂ ਜੋ ਵੀ ਮੰਗਦੀ ਉਹ ਉਸ ਨੂੰ ਖਿੜੇ ਮੱਥੇ ਮਿਲ ਜਾਂਦਾ। ਉਹ ਬਹੁਤ ਖੁਸ਼ ਸੀ ਕਿ ਮਾਂ ਤਾਂ ਨਹੀ ਹੈ ਪਰ ਪਿਤਾ ਨੇ ਸਭ ਕੁਝ ਦਿੱਤਾ ਹੈ। ਪਰ ਅੰਦਰ ਹੀ ਅੰਦਰ ਝੋਰਾ ਵੀ ਸੀ ਕਿਉਂਕਿ ਮਾਵਾਂ ਤੇ ਧੀਆਂ ਦੀ ਸਾਂਝ ਕੋਈ ਹੋਰ ਬੰਨ੍ਹ ਹੀ ਨਹੀਂ ਸਕਦਾ।

ਹੁਣ ਘਰ ਵਿੱਚ ਕੰਮ ਕਰਨ ਵਾਲੀ ਸਿਰਫ ਜੀਤੀ ਸੀ। ਇਸ ਕਰਕੇ ਪਿਉ ਨੇ ਸੋਚਿਆ ਕਿ ਮੁੰਡਾ ਕਿਤੇ ਨੌਕਰੀ ਲੱਗ ਜਾਵੇ ਤੇ ਇਸ ਦਾ ਵਿਆਹ ਕਰਕੇ ਘਰ ਵਿੱਚ ਨੂੰਹ ਲੈ ਆਵਾਂ ਫਿਰ ਘਰ

ਵਿੱਚ ਰੋਟੀ ਪਕਾਉਣ ਵਾਲੀ ਆ ਜਾਵੇਗੀ ਤਾਂ ਜੀਤੀ ਦੇ ਹੱਥ ਵੀ ਪੀਲੇ ਕਰ ਦੇਵਾਂਗਾ।

ਦੋ ਕੁ ਸਾਲ ਬਾਅਦ ਜੀਤੀ ਦੇ ਭਰਾ ਦੀ ਚੰਗੀ ਨੌਕਰੀ ਲੱਗ ਗਈ। ਜੀਤੀ ਵੀ ਸਿਆਣੀ ਸੀ, ਉਸ ਨੇ ਵੀ ਕਿਹਾ ਕਿ ਪਹਿਲਾਂ ਘਰ ਵਿੱਚ ਭਾਬੀ ਆ ਜਾਏ, ਉਹ ਫਿਰ ਵਿਆਹ ਕਰਾਏਗੀ।

ਵਿਆਹ ਲਈ ਕੁੜੀ ਪਸੰਦ ਕਰਕੇ ਮਿੱਥੇ ਦਿਨ ਬਰਾਤ ਲੈ ਕੇ ਕੁੜੀ ਵਾਲਿਆ ਦੇ ਦਰਵਾਜ਼ੇ ਜੀਤੀ ਤੇ ਉਸ ਦਾ ਪਿਉ ਬੜੇ ਚਾਵਾਂ ਨਾਲ ਪਹੁੰਚੇ। ਜੀਤੀ ਨੇ ਮਾਂ ਦੀ ਥਾਂ ਤੇ ਬਣਦੇ ਸਾਰੇ ਸ਼ਗਨ ਆਪਣੇ ਹੱਥੀਂ ਕੀਤੇ। ਉਹ ਆਪ ਆਪਣੀ ਭਾਬੀ ਨੂੰ ਘਰ ਅੰਦਰ ਪਾਣੀ ਵਾਰ ਕੇ ਲਿਆਈ ਤੇ ਉਸ ਨੂੰ ਘਰ ਦੀਆਂ ਚਾਬੀਆਂ ਫੜਾ ਕੇ ਕਿਹਾ, 'ਆਹ ਲੈ ਸਾਂਭ ਆਪਣਾ ਘਰ ਤੇ ਮੈਨੂੰ ਛੁੱਟੀ ਦੇ।' ਇਹ ਕਹਿ ਕੇ ਦੋਵੇਂ ਖਿੜਖਿੜਾ ਕੇ ਹੱਸ ਪਈਆਂ।

ਮਾਂ ਨਾ ਹੋਣ ਕਰਕੇ ਜੀਤੀ ਨੂੰ ਕੰਮ ਕਰਨ ਦੀ ਆਦਤ ਬਣੀ ਹੋਈ ਸੀ ਤੜਕੇ ਉੱਠ ਕੇ ਉਹ ਸਾਰਾ ਕੰਮ ਕਰਕੇ ਕਾਲਜ ਪੜਾਉਣ ਚਲੀ ਜਾਂਦੀ ਸੀ। ਦੁਪਹਿਰ ਨੂੰ ਵਾਪਿਸ ਆਉਂਦੀ ਤਾਂ ਥੱਕ ਕੇ ਲੰਮੀ ਪੈ ਜਾਂਦੀ। ਫਿਰ ਉੱਠ ਕੇ ਦੁਪਹਿਰ ਦੀ ਰੋਟੀ ਬਣਾ ਕੇ ਪਿਤਾ, ਭਰਾ ਤੇ ਭਾਬੀ ਨੂੰ ਖਵਾਉਂਦੀ ਤੇ ਫਿਰ ਰਾਤ ਦਾ ਚੁੱਲਾ ਚੌਂਕਾ ਕਰਦੀ ।

ਅੱਜ ਜੀਤੀ ਸਵੇਰੇ ਉੱਠੀ ਤਾਂ ਤਬੀਅਤ ਕੁੱਝ ਠੀਕ ਨਹੀਂ ਸੀ। ਸੋਚਿਆ ਕਿ ਅੱਜ ਛੁੱਟੀ ਕਰ ਲਵਾਂ, ਫਿਰ ਯਾਦ ਆਇਆ ਪੇਪਰਾਂ ਦੇ ਦਿਨ ਨੇ ਛੁੱਟੀ ਨਹੀ ਕਰ ਸਕਦੀ। ਅੱਜ ਘਰ ਦਾ ਕੋਈ ਕੰਮ ਨਾ ਹੋਇਆ ਜੀਤੀ ਤੋਂ, ਉਹ ਬੱਸ ਤਿਆਰ ਹੋ ਕੇ ਕਾਲਜ ਚਲੀ ਗਈ ਅਤੇ ਵਾਪਿਸ ਆ ਕੇ ਦਵਾਈ ਖਾ ਕੇ ਸ਼ਾਮ ਤੱਕ ਸੁੱਤੀ ਰਹੀ। ਸੁੱਤੀ ਹੋਈ ਜੀਤੀ ਦੇ ਕੰਨ੍ਹਾਂ 'ਚ ਰੌਲੇ ਦੀ ਆਵਾਜ਼ ਸੁਣਾਈ ਦਿੱਤੀ ਤਾਂ ਉਹ ਉੱਠ ਕੇ ਬਾਹਰ ਆਈ। ਵਿਹੜੇ ਵਿੱਚ ਆਉਣ ਤੇ ਦੇਖਿਆ ਕਿ ਪਿਤਾ ਤੇ ਭਰਾ ਮੰਜੇ ਉੱਤੇ ਚੁੱਪ-ਚਾਪ ਬੈਠੇ ਸਨ ਅਤੇ ਭਾਬੀ ਉਹਨਾਂ ਸਾਹਮਣੇ ਖੜੀ ਬੋਲ ਰਹੀ ਸੀ, 'ਮੈਂ ਇਸ ਘਰ ਦੀ ਨੌਕਰਾਣੀ ਨਹੀ ਹਾਂ ਜੋ ਰੋਟੀਆਂ ਬਣਾਵਾਂ, ਪਹਿਲਾਂ ਸਵੇਰੇ ਬਣਾਈ, ਫਿਰ ਦੁਪਹਿਰੇ ਬਣਾਈ ਤੇ ਹੁਣ ਰਾਤ ਦੀ ਵੀ ਬਣਾਵਾਂ। ਮੈਂ ਘਰ ਦੀ ਮਾਲਕਣ ਹਾਂ, ਮੈਂ ਤੁਹਾਡਾ ਕੰਮ ਕਰਨ ਲਈ ਇੱਥੇ ਨਹੀ ਆਈ।'

ਜੀਤੀ ਨੇ ਚੁੱਪ-ਚਾਪ ਰੋਟੀ ਬਣਾ ਦਿੱਤੀ ਤੇ ਸਾਰਿਆਂ ਖਾ ਵੀ ਲਈ। ਭਾਬੀ ਤੇ ਭਰਾ ਆਪਣੇ ਕਮਰੇ ਵਿੱਚ ਜਾ ਕੇ ਸੌਂ ਗਏ। ਪਿਉ ਵੀ ਵਿਹੜੇ ਵਿੱਚ ਤਾਰਿਆਂ ਦੀ ਛਾਵੇਂ ਗੂੜੀ ਨੀਂਦਰ ਸੋ ਗਿਆ। ਪਰ ਜੀਤੀ ਦੇ ਅੰਦਰ ਅੱਜ ਕੁੱਝ ਟੁੱਟ ਗਿਐ, ਉਸਦੇ ਕੰਨਾਂ ਵਿੱਚ ਬਾਰ-ਬਾਰ ਇਹ ਸ਼ਬਦ ਹਥੌੜੇ ਵਾਂਗ ਵੱਜ ਰਹੇ ਸਨ "ਮੈਂ ਘਰ ਦੀ

ਮਾਲਕਣ ਹਾਂ ...।"

ਅਗਲੇ ਦਿਨ ਜੀਤੀ ਨੂੰ ਬੁਖਾਰ ਚੜ੍ਹ ਗਿਐ ਤਾਂ ਕਾਲਜ ਤੋਂ ਛੁੱਟੀ ਲੈਣੀ ਪਈ। ਭਾਬੀ ਨੇ ਜੀਤੀ ਨੂੰ ਇੱਕ ਵਾਰ ਵੀ ਜਾ ਕੇ ਨਹੀਂ ਪੁੱਛਿਆ ਕਿ ਤੈਨੂੰ ਕੀ ਹੋਇਆ ਜਾਂ ਕਿਸੇ ਚੀਜ਼ ਦੀ ਲੋੜ ਏ ਜਾਂ ਕੋਈ ਦਵਾ-ਦਾਰੂ। ਉਸ ਨੇ ਆਪਣੀ ਤੇ ਆਪਣੇ ਘਰਵਾਲੇ ਦੀ ਰੋਟੀ ਬਣਾਈ ਤੇ ਪਾ ਕੇ ਕਮਰੇ ਵਿੱਚ ਲੈ ਗਈ। ਵਿਹੜੇ ਵਿੱਚ ਬੈਠਾ ਬਾਪੂ ਨੂੰਹ ਦੇ ਹੱਥਾਂ ਵਿਚਲੀ ਥਾਲੀ ਦੇਖਦਾ ਰਹਿ ਗਿਐ....। ਖੌਰੇ ਉਹਦੇ ਲਈ ਸੀ.... ਪਰ ਥਾਲੀ ਕਮਰੇ ਵਿੱਚ ਚਲੀ ਗਈ। ਹੁਣ ਜੀਤੀ ਨੂੰ ਪਿਉ ਦੀ ਆਵਾਜ਼ ਪਈ, 'ਜੀਤ ਪੁੱਤ ਰੋਟੀ ਬਣਾ ਦੇ।' ਜੀਤ ਦਾ ਹੁਣ ਇਹ ਰੋਜ਼ ਦਾ ਕੰਮ ਸੀ ਕਿ ਉਹ ਕਿਸੇ ਹੋਰ ਦੀ ਰੋਟੀ ਬਣਾਏ ਤੇ ਭਾਵੇਂ ਨਾ ਬਣਾਏ ਪਰ ਬਾਪੂ ਦੀ ਰੋਟੀ ਉਹ ਬਣਾ ਕੇ ਰੱਖਦੀ। ਪਿਉ ਵੀ ਰੋਟੀ ਲਈ ਜੀਤੀ ਦੇ ਹੱਥਾਂ ਵੱਲ ਹੀ ਵੇਖਦਾ। ਘਰ ਦੇ ਕਲੇਸ਼ ਤੋਂ ਡਰਦਾ ਉਹ ਨੂੰਹ ਨੂੰ ਕੁੱਝ ਨਾ ਕਹਿੰਦਾ।

ਜੀਤੀ ਨੂੰ ਹੁਣ ਅਹਿਸਾਸ ਹੋਣ ਲੱਗਾ ਕਿ ਉਸਦਾ ਪਿਉ ਉਸ ਨੂੰ ਪਿਆਰ ਤਾਂ ਕਰਦਾ ਹੈ ਪਰ ਸਿਰਫ ਆਪਣੀ ਰੋਟੀ ਲਈ। ਜਿਸ ਭਰਾ ਨੂੰ ਆਪਣੇ ਹੱਥੀਂ ਮਾਂ ਬਣ ਕੇ ਪਾਲਿਆ, ਏਨੇ ਸਾਲ ਸੇਵਾ ਕੀਤੀ ਅੱਜ ਉਹ ਭਰਾ ਵੀ ਪਰਾਇਆ ਹੋ ਗਿਐ। ਪਿਉ ਜਿਸ ਨੇ ਆਖੀਰੀ ਉਮਰੇ ਕਲੇਸ਼ ਤੋਂ ਡਰ ਕੇ ਨੂੰਹ-ਪੁੱਤਰ ਤੋਂ ਕਿਨਾਰਾ ਕਰ ਲਿਆ ਤੇ ਜੀਤ ਵੱਲ ਹੀ ਮੂੰਹ ਕਰ ਲਿਆ।

ਬਾਰਾਂ ਵਰ੍ਹਿਆ ਤੋਂ ਬੱਤੀ ਸਾਲਾਂ ਤੱਕ ਜੀਤੀ ਨੇ ਆਪਣੇ ਪਿਉ ਦੀ ਦਿਲੋਂ ਸੇਵਾ ਕੀਤੀ। ਘਰ ਵਿੱਚ ਜਦੋਂ ਭਾਬੀ ਬੋਲਦੀ ਤਾਂ ਸਾਫ ਕਹਿੰਦੀ, 'ਇਹਨੂੰ (ਜੀਤੀ) ਨੂੰ ਕੱਢੋ ਇੱਥੋਂ, ਇਹ ਮੇਰਾ ਘਰ ਹੈ। ਮੈਂ ਮਾਲਕਣ ਹਾਂ ਇਹ ਕੀ ਕਰਦੀ ਇੱਥੇ ?'

ਇਹ ਸੁਣ ਕੇ ਜੀਤੀ ਦਾ ਅੰਦਰ ਬਾਹਰ ਲੂਹਿਆ ਜਾਂਦਾ ਪਰ ਉਸ ਦਾ ਪਿਉ ਕਦੀ ਵੀ ਉਸਦੇ ਹੱਕ 'ਚ ਨਹੀ ਬੋਲਿਆ। ਉਹ ਚੁੱਪ ਕਰਕੇ ਬਾਹਰ ਨਿਕਲ ਜਾਂਦਾ। ਇੱਕ ਦਿਨ ਜੀਤੀ ਨੂੰ ਪਿੰਡ ਦੀ ਭੂਆ ਮਿਲੀ ਤਾਂ ਉਹਨੇ ਜੀਤੀ ਨੂੰ ਕਿਹਾ, 'ਕੁੜੇ ਤੇਰਾ ਪਿਉ ਤੇ ਮੂੰਹ ਹੀ ਨਹੀ ਕਰਦਾ ਮੈਂ ਤਾਂ ਰਿਸ਼ਤੇ ਦੱਸ-ਦੱਸ ਕੇ ਅੱਕ ਗਈ।' ਫਿਰ ਕੁੱਝ ਦਿਨਾਂ ਬਾਅਦ ਤਾਈ ਬਿਸ਼ਨੀ ਨੇ ਵੀ ਇਹੋ ਕਿਹਾ ਤਾਂ ਜੀਤੀ ਉਸ ਅੱਗੇ ਰੋ ਪਈ ਪਰ ਢਿੱਡ 'ਚ ਕੀ ਏ, ਇਹ ਦੱਸਣ ਦੀ ਹਿੰਮਤ ਨਾ ਪਈ।

ਕੁਝ ਕੁ ਦਿਨਾਂ ਬਾਅਦ ਜੀਤੀ ਨੇ ਆਪਣੇ ਪਿਉ ਨਾਲ ਮੌਕਾ ਵੇਖ ਕੇ ਗੱਲ ਕੀਤੀ। ਪਿਤਾ ਜੀ, 'ਮੇਰੀ ਉਮਰ ਵੀ ਹੋ ਗਈ ਏ ਤੇ ਇਹ ਮੇਰਾ ਘਰ ਨਹੀ ਏ, ਮੈਨੂੰ ਮੇਰੇ ਘਰ ਤੋਰ ਦਿਉ, ਮੈਂ ਵੀ ਆਪਣਾ ਪਰਿਵਾਰ ਬਣਾਂਵਗੀ ਤੇ ਆਪਣੇ ਘਰ ਵਿੱਚ

ਰਹਾਂਗੀ ।' ਜੀਤੀ ਨੂੰ ਉਮੀਦ ਸੀ ਕਿ ਪਿਤਾ ਜੀ ਵੱਲੋਂ ਹਾਮੀ ਮਿਲੇਗੀ ਪਰ ਪਿਉ ਦਾ ਜਵਾਬ ਸੁਣ ਕੇ ਉਸਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ..........।

"ਧੀਏ, ਘਰ ਦੇ ਹਾਲਾਤ ਤੈਥੋਂ ਲੁਕੇ ਨਹੀ,..........ਤੇਰੀ ਭਾਬੀ......ਤੈਨੂੰ ਪਤਾ......ਮੇਰੀ ਰੋਟੀ ਨਹੀ ਬਣਾਉਂਦੀ ....ਮੈਂ ਚਾਹੁੰਦਾ ਤੂੰ ਵਿਆਹ ਛੱਡ, ਤੇ ਆਪਾਂ ਘਰ ਦੀ ਵੰਡ.........ਤੇਰਾ ਭਰਾ ਤੇ ਭਾਬੀ ਵੱਖਰੇ ਅਸੀਂ ....... ਵੱਖਰੇ... ਤੂੰ ਸਮਝ ਰਹੀ ਏ ਨਾਂ.....।"

ਜੀਤੀ ਪੱਥਰ ਹੋਈ ਉੱਠੀ, ਉਸ ਨੂੰ ਸਾਰਾ ਘਰ ਘੁੰਮਦਾ ਹੋਇਆ ਜਾਪਿਆ। ਆਪਣੇ ਕਮਰੇ ਅੰਦਰ ਜਾ ਕੇ ਉਹ ਲੰਮੇ ਪੈ ਗਈ। ਉਸ ਦੀਆ ਅੱਖਾਂ ਚੋਂ ਪਤਾ ਨਹੀ ਕਿੰਨੇ ਕੁ ਅੱਥਰੂ ਵਗੇ ਤੇ ਉਹ ਆਪਣੇ ਆਪ ਨਾਲ ਗੱਲਾਂ ਕਰਦੀ ਰਹੀ............ ਹਾਂ ਸਮਝ ਗਈ ਤੁਹਾਡੀ ਰੋਟੀ..........ਕੀਮਤ ਮੇਰੀ ਜ਼ਿੰਦਗੀ .........ਤੁਹਾਡੇ ਤੋਂ ਬਾਅਦ ............ਮੈਂ ਕਿੱਥੇ ਤੇ ਕਿਸ ਘਰ 'ਚ .........ਬਸ ਤੁਹਾਡੀ ਰੋਟੀ।

ਜੀਤੀ ਦੋ ਕੁ ਘੰਟਿਆ ਮਗਰੋਂ ਮਨ ਮਾਰ ਕੇ ਉੱਠੀ ਤੇ ਰਾਤ ਦੀ ਰੋਟੀ ਬਨਾਉਣ ਲੱਗ ਪਈ। ਉਹ ਥਾਲੀ ਲੈ ਕੇ ਵਿਹੜੇ ਵਿੱਚ ਲੰਮੇ ਪਏ ਪਿਉ ਨੂੰ ਕਿਹਾ, 'ਬਾਪੂ ਰੋਟੀ ਖਾ ਲਉ' । ਬਾਪੂ ਜੀ ਦੀ ਸ਼ਾਇਦ ਅੱਖ ਲੱਗ ਗਈ ਸੀ। ਉਸ ਨੇ ਦੁਬਾਰਾ ਆਵਾਜ਼ ਦਿੱਤੀ ਤਾਂ ਬਾਪੂ ਨੇ ਪੁੱਛਿਆ ਕੀ ਗੱਲ ਜੀਤੀ ਤਾਂ ਜੀਤੀ ਦਾ ਗੱਚ ਭਰ ਆਇਆ। ਉਸ ਨੇ ਹੋਲੀ ਜਿਹੀ ਥਾਲੀ ਅੱਗੇ ਕਰ ਕੇ ਕਿਹਾ,........ਤੁਹਾਡੀ......ਰੋਟੀ.....।'



ਉੱਥੇ ਵੀ ਸਵਾਰੀਆਂ ਦਾ ਮੇਲਾ ਬੱਸ ਦੀ ਉਡੀਕ ਕਰ ਰਿਹਾ ਸੀ । ਧੱਕਾ-ਮੁੱਕੀ, ਜਦੋ-ਜਹਿਦ ਕਰਦਿਆਂ ਕੁਝ ਕੁ ਸਵਾਰੀਆਂ ਹੋਰ ਬੱਸ ਵਿੱਚ ਚੜ੍ਹ ਗਈਆਂ ।

# ਇਨਸਾਨੀਅਤ

ਪਿਛਲੇ ਦਿਨੀਂ ਬੱਸ ਵਿੱਚ ਅੰਮ੍ਰਿਤਸਰ ਤੋਂ ਪੱਟੀ ਜਾਣ ਦਾ ਮੌਕਾ ਮਿਲਿਆ । ਬੱਸ ਵੀ ਕਾਹਦੀ ਸਵਾਰੀ 'ਤੇ ਸਵਾਰੀ ਚੜ੍ਹੀ ਹੋਈ, ਇੱਥੋਂ ਤੱਕ ਕਿ ਬੱਸ ਦੀ ਛੱਤ ਤੇ ਵੀ ਸਵਾਰੀਆਂ ਚੜ੍ਹੀਆਂ ਹੋਈਆਂ ਸਨ । ਰਸਤੇ ਵਿੱਚ ਪੱਟੀ ਮੁੜਨ ਲੱਗਿਆਂ ਬੱਸ ਸਟਾਪ ਤੇ ਬੱਸ ਫਿਰ ਰੁਕ ਗਈ । ਉੱਥੇ ਵੀ ਸਵਾਰੀਆਂ ਦਾ ਮੇਲਾ ਬੱਸ ਦੀ ਉਡੀਕ ਕਰ ਰਿਹਾ ਸੀ । ਧੱਕਾ-ਮੁੱਕੀ, ਜਦੋ-ਜਹਿਦ ਕਰਦਿਆਂ ਕੁਝ ਕੁ ਸਵਾਰੀਆਂ ਹੋਰ ਬੱਸ ਵਿੱਚ ਚੜ੍ਹ ਗਈਆਂ । ਜਿਨ੍ਹਾਂ ਵਿੱਚ ਇੱਕ ਔਰਤ 28-30 ਸਾਲ ਦੀ ਉਮਰ ਦੇ ਲਗਭਗ ਅਤੇ ਕੁਛੜ 6 ਕੁ ਮਹੀਨੇ ਦਾ ਬੱਚਾ ਚੁਕਿਆ ਹੋਇਆ, ਇੱਕ ਵੱਡਾ ਕੱਪੜਿਆਂ ਦਾ ਬੈਗ ਅਤੇ ਨਾਲ ਇੱਕ 14-16 ਸਾਲ ਦੇ ਕਰੀਬ ਉਮਰ ਦੀ ਲੜਕੀ ਬੱਸ ਵਿੱਚ ਚੜ੍ਹੀਆਂ । ਜਿਆਦਾ ਭੀੜ ਹੋਣ ਕਰਕੇ ਉਹਨਾਂ ਬੈਗ ਥੱਲੇ ਹੀ ਰੱਖ ਲਿਆ । ਕੰਡਕਟਰ ਬੱਸ ਦੀ ਬਾਰੀ ਵਿੱਚ ਖੜ੍ਹਾ ਰੌਲਾ ਪਾ ਰਿਹਾ ਸੀ ਕਿ ਸਵਾਰੀਆਂ ਅਗਾਂਹ ਨੂੰ ਹੋਵੋ... ਅਗਾਂਹ ਨੂੰ ਹੋਵੋ... ਕਿ ਉਸ ਔਰਤ ਦਾ ਬੈਗ ਉਸ ਦੀ ਨਿਗਾਹ ਚੜ੍ਹ ਗਿਆ । 'ਤੇ ਉੱਚੀ-ਉੱਚੀ ਕਹਿਣ ਲੱਗ ਪਿਆ ਆ ਬੈਗ ਕੀਹਦਾ ਬਈ ? ਚੁੱਕੋ ਇਹਨੂੰ ਇੱਥੋਂ , ਇੱਕ ਸਵਾਰੀ ਖੜ੍ਹ ਸਕਦੀ ਇੱਥੇ । ਲਾਚਾਰ ਔਰਤ ਕਹਿਣ ਲੱਗੀ ਕਿ ਮੇਰੇ ਕੋਲ ਬੱਚਾ ਹੈ ਤੇ ਬੈਗ ਰੱਖਣ ਦੀ ਹੋਰ ਜਗ੍ਹਾ ਵੀ ਨਹੀਂ ਹੈ । ਕੰਡਕਟਰ ਕਹਿਣ ਲੱਗਾ ਬੈਗ ਹੱਥ 'ਚ ਫੜ੍ਹ ਲਵੋ ਨਹੀਂ ਤਾਂ ਬੱਸ ਚੋਂ ਥੱਲੇ ਉਤਰ ਜਾਵੋ । ਇੰਨ੍ਹੇ ਚ ਹੀ ਗਰਮਾ-ਗਰਮੀ ਹੋ ਗਈ ਅਤੇ ਬੱਸ ਵੀ ਡੇਢ-ਦੋ ਕਿਲੋਮੀਟਰ ਸਫ਼ਰ ਤੈਅ ਕਰ ਚੁੱਕੀ ਸੀ ਅਤੇ ਕੰਡਕਟਰ ਨੇ ਇਸੇ ਨਿਕੀ ਜਿਹੀ ਗੱਲ ਤੇ ਹੀ ਮਾਂ-ਬੱਚੇ ਅਤੇ ਉਸ ਜਵਾਨ ਕੁੜੀ ਨੂੰ ਬੱਸ ਵਿਚੋਂ ਥੱਲੇ ਉਤਾਰ ਦਿੱਤਾ। ਕਾਫੀ ਲੋਕ ਕੰਡਕਟਰ ਤੋਂ ਖ਼ਫਾ ਸਨ ਪਰ ਬੋਲਿਆ ਕੋਈ ਨਹੀਂ ।

ਹੁਣ ਬੱਸ ਦਾ ਅਗਲਾ ਸਟਾਪ ਆ ਗਿਆ ਅਤੇ ਇੱਕ ਮੁਸਾਫਿਰ ਜਿਸਦੀ ਟਿਕਟ 4-5 ਰੁਪਏ ਬਣਦੀ ਸੀ, ਬਿਨ੍ਹਾਂ ਟਿਕਟ ਲਿਆਂ ਹੀ ਬੱਸ ਵਿੱਚੋਂ ਉਤਰ ਕੇ ਖਿਸਕ ਗਿਆ । ਜਦ ਕੰਡਕਟਰ ਨੂੰ ਪਤਾ ਲੱਗਿਆ ਤਾਂ ਕਲਪਿਆ ਹੋਇਆ ਰੌਲਾ ਪਾਉਣ ਲੱਗ ਪਿਆ ਕਿ ਅੱਜ ਇਨਸਾਨੀਅਤ ਦਾ ਕੋਈ ਜ਼ਮਾਨਾ ਹੀ ਨਹੀਂ ਰਿਹਾ ।

ਮੈਂ ਬੱਸ ਵਿਚਲੀ ਭੀੜ ਵਿੱਚ ਖੜ੍ਹਾ ਸੋਚ ਰਿਹਾ ਸੀ ਕਿ ਸ਼ਾਇਦ ਇੱਕ ਲਾਚਾਰ ਔਰਤ ਨੂੰ ਛੋਟੀ ਜਿਹੀ ਗੱਲ ਤੋਂ ਹੀ ਬੱਸ ਸਟਾਪ ਤੋਂ ਦੂਰ ਰਸਤੇ ਵਿੱਚ ਉਤਾਰ ਦੇਣਾ ਕੰਡਕਟਰ ਵਾਸਤੇ ਇਨਸਾਨੀਅਤ ਵਾਲੀ ਗੱਲ ਨਹੀਂ ਸੀ । ਆਖ਼ਿਰ ਇਨਸਾਨੀਅਤ ਹੈ ਕਿੱਥੇ ?



ਇਕਵਾਕ ਸਿੰਘ ਪੱਟੀ

## ਕੋਸ਼ਿਸ਼ ਸਫਲ ਹੋਵੇਗੀ . . . .

'ਨਸੀਬ' ਇਕਵਾਕ ਸਿੰਘ ਪੱਟੀ ਵੱਲੋਂ ਸੰਪਾਦਿਤ ਕੀਤੀ ਗਈ ਪਹਿਲੀ ਪੁਸਤਕ ਹੈ, ਜਿਸ ਵਿੱਚ ਨਵੇਂ ਲੇਖਕਾਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕਰਕੇ, ਜਿੱਥੇ ਉਹਨਾਂ ਨੂੰ ਮੌਕਾ ਦਿੱਤਾ ਗਿਆ ਕਿ ਉਹ ਪੰਜਾਬੀ ਸਾਹਿਤ ਦੀ ਸੇਵਾ ਕਰ ਸਕਣ, ਉੱਥੇ ਸਾਰੀਆਂ ਕਹਾਣੀਆਂ ਹੀ ਅਜੋਕੇ ਦੌਰ ਦੇ ਸੰਦਰਭ ਵਿੱਚ ਬਹੁਤ ਢੁਕਵੀਆਂ ਅਤੇ ਸਾਰਥਕ ਸਿੱਧ ਹੋਣਗੀਆਂ । ਕਹਾਣੀਆਂ ਦੀ ਚੋਣ ਬਹੁਤ ਵਧੀਆ ਹੈ । ਇਕਵਾਕ ਸਿੰਘ ਪੱਟੀ ਜੋ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਆਪਣੀ ਕਲਮ ਰਾਹੀਂ ਸਮਾਜ ਨੂੰ ਹਲੂਣਾ ਦੇਣ ਦਾ ਯਤਨ ਕਰਦਾ ਹੋਇਆ ਪੰਜਾਬੀ ਮਾਂ ਬੋਲੀ ਦੇ ਸੇਵਾ ਕਰ ਰਿਹਾ ਹੈ । ਆਸ ਕਰਦੇ ਹਾਂ ਉਸਦੀ ਇਹ ਕੋਸ਼ਿਸ਼ ਵੀ ਸਫਲ ਹੋਵੇਗੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਵਧੀਆ ਅਤੇ ਮਿਆਰੀ ਸਾਹਿਤ ਪਾਉਣ ਕਾਰਜ ਕਰਦਾ ਰਹੇਗਾ। ਆਖੀਰ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਹੋਏ, ਉਸਦੀ ਤੰਦਰੁਸਤੀ ਦੀ ਦੁਆ ਅਕਾਲ ਪੁਰਖ ਅੱਗੇ ਕਰਦੇ ਹਾਂ । ਆਮੀਨ !

– ਪ੍ਰਕਾਸ਼ਕ

RB
Rattan Brothers
Amritsar

Rattan Brothers
Jodh Nagar, Sultanwind Road,
Amritsar. Punjab (India)

ਪਲ
www.PunjabiLibrary.com